ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 63 | 22 to 28 March, 2023 | Ph.: (510) 240-5949 | Email: asrtimes@gmail.com

# ਪੰਜਾਬ ’ਚ ਪੁਲਿਸ ਵੱਲੋਂ ਅਪਰੇਸ਼ਨ ਅੰਮ੍ਰਿਤਪਾਲ



## ਅੰਮ੍ਰਿਤਪਾਲ ਅਤੇ ਉਸ ਦੇ ਪੰਜ ਸਾਥੀਆਂ ’ਤੇ ਲਗਾਇਆ NSA

- ਵਾਰਸ ਪੰਜਾਬ ਦੇ ਜਥੇਬੰਦੀ ਦੇ ਸਮਰਥਕਾਂ ਦੀਆਂ ਵੱਡੇ ਪੱਧਰ ’ਤੇ ਗ੍ਰਿ.ਫਤਾਰੀਆਂ
- ਸਿੱਖ ਨੌਜਵਾਨਾਂ ਦੀਆਂ ਗ੍ਰਿ.ਫਤਾਰੀਆਂ ਕਾਰਨ ਪਰਿਵਾਰਾਂ ’ਚ ਸਹਿਮ ਦਾ ਮਾਹੌਲ
- ਵੱਖ-ਵੱਖ ਦੇਸ਼ਾਂ ’ਚ ਅੰਮ੍ਰਿਤਪਾਲ ਸਿੰਘ ਦੇ ਸਮਰੱਥਕਾਂ ਵੱਲੋਂ ਰੋਸ ਪ੍ਰਦਰਸ਼ਨ
- ਪੰਜਾਬ ’ਚ 72 ਘੰਟੇ ਬੰਦ ਰਹੀਆਂ ਇੰਟਰਨੈਟ ਸੇਵਾਵਾਂ

ਚੰਡੀਗੜ੍ਹ/ਏ.ਟੀ.ਨਿਊਜ਼ :- ਪਿਛਲੇ ਕੁਝ ਦਿਨਾਂ ਤੋਂ ‘ਪੰਜਾਬ’ ਅੰਤਰਰਾਸ਼ਟਰੀ ਪੱਧਰ ’ਤੇ ਸੁਰਖੀਆਂ ਵਿੱਚ ਬਣਿਆ ਹੋਇਆ ਹੈ। ਇਸ ਦਾ ਵੱਡਾ ਕਾਰਨ ‘ਵਾਰਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਖਿਲਾਫ ਪੰਜਾਬ ਪੁਲਿਸ ਵੱਲੋਂ ਕੀਤੀ ਗਈ ਵੱਡੀ ਕਾਰਵਾਈ, ਜਿਸ ਨੂੰ ‘ਅਪਰੇਸ਼ਨ ਅੰਮ੍ਰਿਤਪਾਲ’ ਦਾ ਨਾਂ ਦਿਤਾ ਗਿਆ, ਦਸਿਆ ਜਾ ਰਿਹਾ ਹੈ। ਜਿਸ ਤਰੀਕੇ ਨਾਲ ਪੰਜਾਬ ਵਿੱਚ ਪੰਜਾਬ ਪੁਲਿਸ ਵੱਲੋਂ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਖਿਲਾਫ ਵੱਡੇ ਪੱਧਰ ’ਤੇ ਕਾਰਵਾਈ ਕੀਤੀ ਗਈ ਅਤੇ ਉਸਦੇ ਸਾਥੀਆਂ ਨੂੰ ਧੜਾਧੜ ਗ੍ਰਿਫਤਾਰ ਕਰਨ ਦੀਆਂ ਘਟਨਾਵਾਂ ਵਾਪਰੀਆਂ, ਉਸਨੇ ਕਈ ਸਵਾਲ ਵੀ ਖੜੇ ਕਰ ਦਿਤੇ ਹਨ।

ਇਹ ਸਤਰਾਂ ਲਿਖਣ ਵੇਲੇ ਅੰਮ੍ਰਿਤਪਾਲ ਸਿੰਘ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕਰਨ ਜਾਂ ਉਸ ਦੇ ਪੁਲਿਸ ਤੋਂ ਬਚ ਕੇ ਫਰਾਰ ਹੋਣ ਬਾਰੇ ਚਰਚਾਵਾਂ ਦਾ ਦੌਰ ਚੱਲ ਰਿਹਾ ਹੈ। ਪੰਜਾਬ ਪੁਲੀਸ ਦੇ ਆਈ ਜੀ ਸੁਖਚੈਨ ਸਿੰਘ ਗਿੱਲ ਨੇ ਇਕ ਪੱਤਰਕਾਰ ਸੰਮੇਲਨ ਦੌਰਾਨ ਦਾਅਵਾ ਕੀਤਾ ਹੈ ਕਿ ਅੰਮ੍ਰਿਤਪਾਲ ਸਿੰਘ ਨੂੰ ਅਜੇ ਤਕ ਗ੍ਰਿਫਤਾਰ ਨਹੀਂ ਕੀਤਾ ਗਿਆ।

**ਹਾਈਕੋਰਟ ਵਿੱਚ ਸੁਣਵਾਈ :**ਅੰਮ੍ਰਿਤਪਾਲ ਸਿੰਘ ਦੇ ਪਿਤਾ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ ਹੈ ਜਿਸ ’ਤੇ 21 ਮਾਰਚ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ’ਚ ਸੁਣਵਾਈ ਹੋਈ। ਅੰਮ੍ਰਿਤਪਾਲ ਦੇ ਪਿਤਾ ਨੇ ਅਦਾਲਤ ’ਚ ਦਾਇਰ ਪਟੀਸ਼ਨ ’ਚ ਸਵਾਲ ਉਠਾਇਆ ਕਿ ਜਦ ਸਾਰੇ ਸਾਥੀ ਗ੍ਰਿ.ਫਤਾਰ ਹੋ ਗਏ ਤਾਂ ਫਿਰ ਅੰਮ੍ਰਿਤਪਾਲ ਕਿੱਥੇ ਗਿਆ ? ਐਡਵੋਕੇਟ ਜਨਰਲ ਵਿਨੋਦ ਘਈ ਨੇ ਹਾਈ ਕੋਰਟ ’ਚ ਜਵਾਬ ਦਾਇਰ ਕਰਦਿਆਂ ਕਿਹਾ ਕਿ ਅੰਮ੍ਰਿਤਪਾਲ ’ਤੇ NSA ਲਗਾਇਆ ਗਿਆ ਹੈ ਪਰ ਉਹ ਹਾਲੇ ਵੀ ਫਰਾਰ ਹੈ। ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਸਵਾਲ ਕੀਤਾ ਕਿ 80,000 ਪੁਲਿਸ ਮੁਲਾਜ਼ਮ ਕੀ ਕਰ ਰਹੇ ? ਹੁਣ ਇਸ ਮਾਮਲੇ ਦੀ ਸੁਣਵਾਈ 25 ਮਾਰਚ ਨੂੰ ਹੋਵੇਗੀ।

ਦਰਅਸਲ ਖਾਲਿਸਤਾਨ ਪੱਖੀ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਆਪਣੇ ਪੁੱਤਰ ਦੇ ਐਨਕਾਊਂਟਰ ਦੇ ਖ਼ਦਸ਼ੇ ਨੂੰ ਲੈ ਕੇ ਚਿੰਤਤ ਹਨ।

**ਅੰਮ੍ਰਿਤਪਾਲ ਸਿੰਘ ਦੀ ਮਾਤਾ ਦਾ ਬਿਆਨ** : ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਮਾਤਾ ਜੀ ਦਾ ਕਹਿਣਾ ਹੈ ਕਿ ਉਸਦਾ ਪੁੱਤਰ ਹਰ ਸ਼ਾਮ ਘਰ ਆਉਂਦਾ ਸੀ , ਪੁਲਿਸ ਉਸ ਨੂੰ ਉਦੋਂ ਵੀ ਗ੍ਰਿਫਤਾਰ ਕਰ ਸਕਦੀ ਸੀ, ਪਰ ਇਸ ਤਰਾਂ ਵੱਡੇ ਪੱਧਰ ’ਤੇ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਵਿਰੁੱਧ ਕਾਰਵਾਈ ਕਰਨੀ ਗਲਤ ਹੈ।

(ਬਾਕੀ ਸਫ਼ਾ 29 ’ਤੇ)

## ਅਪਰੇਸ਼ਨ ਅੰਮ੍ਰਿਤਪਾਲ ਘਟਨਾਕ੍ਰਮ

- 18 ਮਾਰਚ ਨੂੰ ਪੰਜਾਬ ’ਚ ਪੰਜਾਬ ਪੁਲਿਸ ਵੱਲੋਂ ਕੇਂਦਰੀ ਸੁਰਖਿਆ ਦਸਤਿਆਂ ਨਾਲ ਰਲਕੇ ਅਪਰੇਸ਼ਨ ਅੰਮ੍ਰਿਤਪਾਲ ਸ਼ੁਰੂ
- ਸੀਨੀਅਰ ਪੁਲਿਸ ਅਧਿਕਾਰੀਆਂ ਦੀ ਅਗਵਾਈ ’ਚ ਹਜ਼ਾਰਾਂ ਪੁਲਿਸ ਮੁਲਾਜ਼ਮ ਅਪਰੇਸ਼ਨ ਵਿੱਚ ਹੋਏ ਸ਼ਾਮਲ
- ਅੰਮ੍ਰਿਤਪਾਲ ਦੇ ਕਾਫਲੇ ਨੂੰ ਜਲੰਧਰ ਦੇ ਮਹਿਤਪੁਰ ਪਿੰਡ ਵਿੱਚ ਰੋਕਿਆ ਗਿਆ ਸੀ।
- ਅੰਮ੍ਰਿਤਪਾਲ ਉੱਥੋਂ ਨਿਕਲਣ ਵਿੱਚ ਕਾਮਯਾਬ ਹੋ ਗਏ ਪਰ ਉਨ੍ਹਾਂ ਦੇ 6 ਹਮਾਇਤੀਆਂ ਨੂੰ ਹਿਰਾਸਤ ਵਿੱਚ ਲਿਆ।
- ਅੰਮ੍ਰਿਤਪਾਲ ਦੇ ਚਾਚਾ ਹਰਜੀਤ ਸਿੰਘ ਸਣੇ 114 ਵਿਅਕਤੀ ਗ੍ਰਿ.ਫਤਾਰ।
- ਗ੍ਰਿ.ਫਤਾਰ ਕੀਤੇ 5 ਜਣਿਆਂ ਉੱਤੇ ਐਨ.ਐਸ.ਏ. ਲਗਾਇਆ ਗਿਆ।
- ਇਹਨਾਂ ਵਿੱਚੋਂ ਤਿੰਨ ਮੁਲਜ਼ਮ ਆਮ ਪਰਿਵਾਰਾਂ ਨਾਲ ਸਬੰਧਤ ਹਨ, ਇੱਕ ਅਦਾਕਾਰ ਹੈ ਅਤੇ ਪੰਜਵਾਂ ਵਿਅਕਤੀ ਅੰਮ੍ਰਿਤਪਾਲ ਸਿੰਘ ਦਾ ਚਾਚਾ ਹਰਜੀਤ ਸਿੰਘ ਹੈ।

## ਕੀ ਹੈ ਅੰਮ੍ਰਿਤਪਾਲ ’ਤੇ ਲਗਾਇਆ ਗਿਆ NSA




ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ’ਤੇ ਪੰਜਾਬ ਪੁਲਿਸ ਵੱਲੋਂ ਨੈਸ਼ਨਲ ਸਕਿਓਰਿਟੀ ਐਕਟ ਲਗਾਉਣ ਦੀ ਗੱਲ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਪੁਲਿਸ ਵੱਲੋਂ ਫੜੇ ਗਏ ਉਸ ਦੇ 5 ਸਾਥੀਆਂ ’ਤੇ ਵੀ ਇਹ ਐਕਟ ਲਗਾਇਆ ਗਿਆ ਹੈ।

**ਕੀ ਹੈ ਰਾਸ਼ਟਰੀ ਸੁਰੱਖਿਆ ਐਕਟ (NSA) ?**

ਨੈਸ਼ਨਲ ਸਿਕਿਉਰਿਟੀ ਐਕਟ (ਐਨ.ਐਸ.ਏ.) ਇੱਕ ਅਜਿਹਾ ਕਾਨੂੰਨ ਹੈ ਜਿਸ ਵਿੱਚ ਤਜ਼ਵੀਜ ਹੈ ਕਿ ਜੇਕਰ ਕੋਈ ਵਿਅਕਤੀ ਕੋਈ ਖਾਸ ਖ਼ਤਰਾ ਪੈਦਾ ਕਰਦਾ ਹੈ, ਤਾਂ ਉਸ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ। ਜੇਕਰ ਸਰਕਾਰ ਨੂੰ ਲੱਗਦਾ ਹੈ ਕਿ ਉਹ ਵਿਅਕਤੀ ਦੇਸ਼ ਲਈ ਖ਼ਤਰਾ ਹੈ, ਤਾਂ ਉਸਨੂੰ ਗ੍ਰਿ.ਫਤਾਰ ਕੀਤਾ ਜਾ ਸਕਦਾ ਹੈ। ਇਹ ਐਕਟ 1980 ਵਿੱਚ ਦੇਸ਼ ਦੀ ਸੁਰੱਖਿਆ ਦੇ ਲਿਹਾਜ਼ ਨਾਲ ਸਰਕਾਰ ਨੂੰ ਵਧੇਰੇ ਸ਼ਕਤੀ ਦੇਣ ਦੇ ਉਦੇਸ਼ ਨਾਲ ਬਣਾਇਆ ਗਿਆ ਸੀ। ਇਹ ਐਕਟ ਸਰਕਾਰ ਨੂੰ ਸ਼ਕਤੀ ਦਿੰਦਾ ਹੈ ਕਿ ਜੇਕਰ ਉਹ ਮਹਿਸੂਸ ਕਰਦੀ ਹੈ ਕਿ ਦੇਸ਼ ਦੇ ਹਿੱਤ ਵਿੱਚ ਕਿਸੇ ਨੂੰ ਗ੍ਰਿਫਤਾਰ ਕਰਨ ਦੀ ਲੋੜ ਹੈ, ਤਾਂ ਉਸਨੂੰ ਵੀ ਗ੍ਰਿ.ਫਤਾਰ ਕੀਤਾ ਜਾ

(ਬਾਕੀ ਸਫ਼ਾ 29 ’ਤੇ)

## ਪੰਜਾਬ ਸਰਕਾਰ ਵੱਲੋਂ ਇੱਕ ਤੀਰ ਨਾਲ ਕਈ ਨਿਸ਼ਾਨੇ

ਪੰਜਾਬ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਵਿਰੁੱਧ ਕਾਰਵਾਈ ਕਰਦਿਆਂ ਇਕ ਤੀਰ ਨਾਲ ਕਈ ਨਿਸ਼ਾਨੇ ਲਗਾਏ ਹਨ। ਜਿਸ ਸਮੇਂ ਪੰਜਾਬ ਵਿੱਚ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਵਿਰੁੱਧ ਕਾਰਵਾਈ ਕੀਤੀ ਗਈ ਉਸ ਸਮੇਂ ਪੰਜਾਬ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ ਦੀਆਂ ਵੀਡੀਓ ਅਤੇ ਇੰਟਰਵਿਊ ਚਰਚਾ ਵਿੱਚ ਸਨ। ਇਸ ਤੋਂ ਇਲਾਵਾ ਗੈਂਗਸਟਰਾਂ ਵੱਲੋਂ ਕਤਲ ਕੀਤੇ ਗਏ ਗਾਇਕ ਸਿੱਧੂ ਮੂਸੇਵਾਲਾ ਦੀ ਬਰਸੀ ਸਬੰਧੀ ਸਮਾਗਮ ਕੀਤਾ ਜਾ ਰਿਹਾ ਸੀ। ਇਸਦੇ ਨਾਲ ਸਤਿਲੁੱਜ ਯਮੁਨਾ ਲਿੰਕ ਨਹਿਰ, ਪੰਜਾਬੀ ਯੂਨੀਵਰਸਿਟੀ ਨੂੰ ਗ੍ਰਾਂਟ ਦਾ ਮਾਮਲਾ ਅਤੇ ਹੋਰ ਕਈ ਮਾਮਲੇ ਵੀ ਭਖੇ ਹੋਏ ਸਨ ਪਰ ਪੰਜਾਬ ਸਰਕਾਰ ਦੀ ਅਗਵਾਈ ਵਿੱਚ ਪੰਜਾਬ ਪੁਲਿਸ ਵੱਲੋਂ ਜਿਸ ਤਰੀਕੇ ਨਾਲ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਵਿਰੁੱਧ ਕਾਰਵਾਈ ਕੀਤੀ ਗਈ, ਉਸ ਨਾਲ ਹਰ ਪਾਸੇ ਇਸ ਵੇਲੇ ਸਿਰਫ ਅੰਮ੍ਰਿਤਪਾਲ ਸਿੰਘ, ਉਸਦੇ ਸਾਥੀਆਂ ਅਤੇ ਉਹਨਾਂ ਵਿਰੁੱਧ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਦੀ ਚਰਚਾ ਹੋ ਰਹੀ ਹੈ। ਇਸ ਵਿੱਚ ਹੋਰ ਸਾਰੇ ਮਾਮਲੇ ਦੱਬ ਕੇ ਰਹਿ ਗਏ ਹਨ।

**ਕਿਸਾਨ ਮਹਾਂਪੰਚਾਇਤ** : 20 ਮਾਰਚ ਨੂੰ ਦਿੱਲੀ ਵਿਖੇ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਵਿੱਚ ਦੇਸ਼ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਕਿਸਾਨ ਪੰਚਾਇਤ ਕੀਤੀ ਗਈ ਪਰ ਪੰਜਾਬ ਵਿੱਚ ਇਹਨਾਂ ਦਿਨਾਂ ਦੌਰਾਨ ਪੰਜਾਬ ਪੁਲਿਸ ਵੱਲੋਂ ਕੀਤੀ ਗਈ ਅੰਮ੍ਰਿਤਪਾਲ ਸਿੰਘ

(ਬਾਕੀ ਸਫ਼ਾ 29 ’ਤੇ)

## ਪੰਜਾਬ ਦੇ ਲੋਕ ਅਮਨ-ਸ਼ਾਂਤੀ ਚਾਹੁੰਦੇ ਹਨ : ਭਗਵੰਤ ਮਾਨ

ਅਪਰੇਸ਼ਨ ਅੰਮ੍ਰਿਤਪਾਲ ਬਾਰੇ ਤਿੰਨ ਦਿਨਾਂ ਬਾਅਦ ਆਪਣੀ ਚੁੱਪੀ ਤੋੜਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕ ਅਮਨ ਤੇ ਸ਼ਾਂਤੀ ਚਾਹੁੰਦੇ ਹਨ।

ਭਗਵੰਤ ਮਾਨ ਨੇ ਆਪ੍ਰੇਸ਼ਨ ਅੰਮ੍ਰਿਤਪਾਲ ਤੇ ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਦੇਸ਼ ਖਿਲਾਫ਼ ਸਾਜ਼ਿਸ਼ਾਂ ਘੜਨ ਵਾਲੇ ਬਖ਼ਸ਼ੇ ਨਹੀਂ ਜਾਣਗੇ। ਆਪ੍ਰੇਸ਼ਨ ਅੰਮ੍ਰਿਤਪਾਲ ’ਚ ਸਾਥ ਦੇਣ ਲਈ ਪੰਜਾਬੀਆਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਕੁਝ ਦਿਨਾਂ ਤੋਂ ਕੁਝ ਸ਼ਰਾਰਤੀ ਅਨਸਰ ਪੰਜਾਬ ਦੀ ਸ਼ਾਂਤੀ ਭੰਗ ਕਰ ਰਹੇ ਸਨ ਤੇ ਫ਼ਿਰਕੂ ਨ.ਫਰਤ ਫੈਲਾ ਰਹੇ ਸੀ, ਜੋ ਫੜੇ ਗਏ ਹਨ। ਉਨ੍ਹਾਂ ਕਿਹਾ ਕਿ ਜਦੋਂ ਵੀ ਪੰਜਾਬ ਦਾ ਜ਼ਿਕਰ ਆਉਂਦਾ ਹੈ ਤਾਂ ਸਭ ਤੋਂ ਪਹਿਲਾਂ ਲਹਿਰਾਉਂਦੀਆਂ ਫਸਲਾਂ, ਸੂਰਬੀਰ ਯੋਧੇ, ਨੱਚਦੇ-ਟੱਪਦੇ ਲੋਕ ਤੇ ਸਰਬੱਤ ਦਾ ਭਲਾ ਮੰਗਣ ਵਾਲੀ ਗੁਰਬਾਣੀ ਦਾ ਚੇਤਾ ਆਉਂਦਾ ਹੈ ਪਰ ਜੇਕਰ ਪੰਜਾਬ ਦੀ ਭਾਈਚਾਰਕ ਸਾਂਝ, ਅਮਨ-ਸ਼ਾਂਤੀ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਹੈ , ਪੰਜਾਬੀਆਂ ਨੇ ਉਨ੍ਹਾਂ ਦਾ ਮੂੰਹਤੋੜਵਾਂ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਬਿਲਕੁਲ ਸੁਰੱਖਿਅਤ ਹੱਥਾਂ ’ਚ ਹੈ। ਮਾਨ ਨੇ ਕਿਹਾ ਕਿ ਕਈ ਮਾਪਿਆਂ ਦੇ ਫੋਨ ਆਏ ਜਿਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਨੌਜਵਾਨੀ ਨੂੰ ਕੁਰਾਹੇ ਪੈਣ ਤੋਂ ਰੋਕਣ ਲਈ ਚੁੱਕੇ ਗਏ ਕਦਮ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਮੇਰੇ ਖ਼ੂਨ ਦਾ ਇਕ-ਇਕ ਕਤਰਾ ਪੰਜਾਬ ਲਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੰਬਰ ਵਨ ਸੂਬਾ ਸੀ, ਹੈ ਤੇ ਰਹੇਗਾ।



# ਅੰਮ੍ਰਿਤਪਾਲ ਵਿਰੁੱਧ ਕਾਰਵਾਈ ’ਤੇ ਵਿਦੇਸ਼ੀ ਲੀਡਰਾਂ ਦੇ ਪ੍ਰਤੀਕਰਮ







ਕੈਨੇਡਾ ਵਿੱਚ ਨਿਊ ਡੈਮੋਕਰੇਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਨੇ ਟਵਿੱਟਰ ਉਪਰ ਲਿਖਿਆ ਹੈ, “ ਮੈਂ ਇਸ ਗੱਲ ਨਾਲ ਚਿੰਤਿਤ ਹਾਂ ਕਿ ਭਾਰਤ ਨੇ ਸ਼ਹਿਰੀਆਂ ਦੇ ਅਧਿਕਾਰਾਂ ਨੂੰ ਖਤਮ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਸੂਬੇ ਵਿੱਚ ਇੰਟਰਨੈੱਟ ਬੰਦ ਕੀਤਾ ਹੈ। ”

ਉਹਨਾਂ ਇੱਕ ਹੋਰ ਟਵੀਟ ਵਿੱਚ ਕਿਹਾ, “ਮੈਂ ਜਸਟਿਨ ਟਰੂਡੋ ਅਤੇ ਲਿਬਰਲ ਸਰਕਾਰ ਨੂੰ ਕਹਿੰਦਾ ਹਾਂ ਕਿ ਨਾਗਰਿਕ ਆਜ਼ਾਦੀ ਖਤਮ ਕਰਨ ਅਤੇ ਵਿਦੇਸ਼ਾਂ ਵਿੱਚ ਕੈਨੇਡੀਅਨਾਂ ਦੀ ਸੁਰੱਖਿਆ ਬਾਰੇ ਤੁਰੰਤ ਆਪਣੇ ਭਾਰਤੀ ਹਮਰੁਤਬਾ ਨਾਲ ਸੰਪਰਕ ਕਰਨ। ”

ਕੈਨੇਡਾ ਦੇ ਐਡਮਿੰਟਨ ਮਿੱਲ ਵੁਡਸ ਤੋਂ ਮੈਂਬਰ ਪਾਰਲੀਮੈਂਟ ਟਿੰਮ ਉੱਪਲ ਨੇ ਇੱਕ ਟਵੀਟ ਕਰਕੇ ਲਿਖਿਆ, “ ਭਾਰਤ ਦੇ ਪੰਜਾਬ ਵਿੱਚੋਂ ਆ ਰਹੀਆਂ ਰਿਪੋਰਟਾਂ ਨਾਲ ਕਾਫ਼ੀ ਚਿੰਤਿਤ ਹਾਂ। ਸਰਕਾਰ ਨੇ ਇੰਟਰਨੈੱਟ ਸੇਵਾਵਾਂ ਬੰਦ ਕੀਤੀਆਂ ਹਨ ਅਤੇ ਕੁਝ ਇਲਾਕਿਆਂ ਵਿੱਚ 4 ਤੋਂ ਵੱਧ ਲੋਕਾਂ ਦੇ ਇਕੱਠੇ ਹੋਣ ਉਪਰ ਪਾਬੰਧੀ ਲਗਾਈ ਗਈ ਹੈ। ਅਸੀਂ ਹਲਾਤ ਦਾ ਨੇੜੇ ਤੋਂ ਜਾਇਜਾ ਲੈ ਰਹੇ ਹਾਂ। ”

ਮਿਸੀਸਾਗਾ-ਮਾਲਟਨ ਤੋਂ ਇੱਕ ਹੋਰ ਮੈਂਬਰ ਪਾਰਲੀਮੈਂਟ ਇੱਕਵਿੰਦਰ ਸਿੰਘ ਗਹੀਰ ਨੇ ਟਵੀਟ ਕੀਤਾ ਹੈ, “ ਮੈਂ ਇਸ ਗੱਲ ਨਾਲ ਦੁਖੀ ਹਾਂ ਕਿ ਭਾਰਤ ਵਿੱਚ ਪੰਜਾਬ ਅੰਦਰ ਵੱਡੇ ਪੱਧਰ ਉਪਰ ਇੰਟਰਨੈੱਟ ਸੇਵਾਵਾਂ ਬੰਦ ਕੀਤੀਆਂ ਹਨ ਅਤੇ 4 ਤੋਂ ਵੱਧ ਲੋਕਾਂ ਦੇ ਇਕੱਠੇ ਹੋਣ ਉਪਰ ਰੋਕ ਲਗਾਈ ਗਈ ਹੈ। ਲੋਕਤੰਤਰ ਵਿੱਚ ਨਾਗਰਿਕਾਂ ਦੇ ਅਧਿਕਾਰਾਂ ਅਤੇ ਆਜ਼ਾਦੀ ਨੂੰ ਬਣ ਕੇ ਰੱਖਿਆ ਜਾਵੇ।

ਯੂਨਾਇਟਡ ਸਿੱਖ ਨਾਮ ਦੀ ਸੰਸਥਾ ਨੇ ਟਵੀਟ ਕਰਕੇ ਲਿਖਿਆ ਹੈ, “ਮਨੁੱਖੀ ਅਧਿਕਾਰ ਲੋਕਤੰਤਰ ਦਾ ਆਧਾਰ ਹੁੰਦੇ ਹਨ। ਭਾਰਤ ਸਰਕਾਰ ਸਿੱਖਾਂ ’ਤੇ ਜ਼ੁਲਮ ਕਰਨ ਲਈ ਹਰ ਸੰਭਵ ਤਰੀਕੇ ਨਾਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਦੇ ਆਪਣੇ ਰਿਕਾਰਡ ਕਾਇਮ ਕਰ ਰਹੀ ਹੈ। ਭਾਰਤ ’ਚ ਸਿੱਖਾਂ ’ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਵੱਡੇ ਅੱਤਿਆਚਾਰ ਕਿਉਂ ਹੋ ਰਹੇ ਹਨ ? ”

**ਇੰਟਰਨੈਟ ’ਤੇ ਪਾਬੰਦੀ :** ਪੰਜਾਬ ਸਰਕਾਰ ਵੱਲੋਂ ਅਪਰੇਸ਼ਨ ਅੰਮ੍ਰਿਤਪਾਲ ਦੌਰਾਨ ਪੰਜਾਬ ਵਿੱਚ ਇੰਟਰਨੈਟ ਸੇਵਾਵਾਂ ’ਤੇ ਪਾਬੰਦੀ ਲਗਾ ਦਿਤੀ ਗਈ। ਪਹਿਲਾਂ ਇਹ ਪਾਬੰਦੀ 24 ਘੰਟਿਆਂ ਲਈ ਲਗਾਈ ਗਈ ਸੀ ਪਰ ਫਿਰ ਇਸ ਨੂੰ 24 ਘੰਟੇ ਲਈ ਹੋਰ ਵਧਾ ਦਿਤਾ। ਇਸ ਤਰਾਂ ਪੰਜਾਬ ਵਿੱਚ ਪੂਰੇ 72 ਘੰਟਿਆਂ ਬਾਅਦ ਇੰਟਰਨੈਟ ਸੇਵਾਵਾਂ ਬਹਾਲ ਹੋਈਆਂ। ਇਸਦੇ ਬਾਵਜੂਦ ਪੰਜਾਬ ਦੇ 4 ਜ਼ਿਲ੍ਹਿਆਂ ਤਰਨਤਾਰਨ, ਮੋਗਾ, ਸੰਗਰੂਰ ਤੇ ਫਿਰੋਜ਼ਪੁਰ ਜ਼ਿਲ੍ਹਿਆਂ ’ਚ 23 ਮਾਰਚ ਤਕ ਇੰਟਰਨੈਟ ਸੇਵਾਵਾਂ ਠੱਪ ਰਹਿਣਗੀਆਂ। ਇਸ ਤੋਂ ਇਲਾਵਾ ਦੋ ਜ਼ਿਲ੍ਹਿਆਂ ਦੇ ਕੁਝ ਇਲਾਕਿਆਂ ’ਚ ਪਾਬੰਦੀ ਲਗਾਈ ਗਈ ਹੈ। ਇਨ੍ਹਾਂ ਵਿੱਚ ਅੰਮ੍ਰਿਤਸਰ ਦੇ ਅਜਨਾਲਾ ਤੇ ਮੋਹਾਲੀ ਦੇ ਕੁਝ ਇਲਾਕਿਆਂ ’ਚ ਇੰਟਰਨੈੱਟ ’ਤੇ ਰੋਕ ਜਾਰੀ ਰਹੇਗੀ।

ਸੂਬਾ ਸਰਕਾਰ ਵੱਲੋਂ ਲਗਾਈ ਗਈ ਮੋਬਾਈਲ ਇੰਟਰਨੈਟ ’ਤੇ ਪਾਬੰਦੀ ਨੇ ਪੰਜਾਬ ਦੇ ਕਾਰੋਬਾਰਾਂ ਤੇ ਵਿਅਕਤੀਆਂ ਨੂੰ ਝਟਕਾ ਦਿੱਤਾ ਹੈ ਕਿਉਂਕਿ ਇਸ ਨਾਲ ਵਪਾਰਕ ਵਿਘਨ ਤੇ ਵਿੱਤੀ ਨੁਕਸਾਨ ਹੋਇਆ ਹੈ।ਬਹੁਤ ਸਾਰੇ ਕਾਰੋਬਾਰ ਜੋ ਵੈੱਬ-ਅਧਾਰਤ ਸੇਵਾਵਾਂ ’ਤੇ ਨਿਰਭਰ ਕਰਦੇ ਹਨ, ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਮੋਬਾਈਲ ਇੰਟਰਨੈਟ ’ਤੇ ਪਾਬੰਦੀ ਕਾਰਨ ਹੋਟਲ ਜਾਂ ਰੈਸਟੋਰੈਂਟ ਤੋਂ ਖਾਣ ਵਾਲੇ ਸਾਮਾਨ ਦੀ ਹੋਮ ਡਿਲਿਵਰੀ ਤੇ ਆਨਨਲਾਈਨ ਕੈਬ ਸੇਵਾਵਾਂ ਲਈ ਕੰਮ ਕਰਨ ਵਾਲੇ ਹਜ਼ਾਰਾਂ ਵਿਅਕਤੀ ਬੇਰੁਜ਼ਗਾਰ ਹੋ ਗਏ ਸਨ।ਪੰਜਾਬ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਇਹ ਕਿਹਾ ਗਿਆ ਕਿ ਸ਼ੋਸਲ ਮੀਡੀਆ ’ਤੇ ਅਫਵਾਹਾਂ ਫੈਲਣ ਤੋਂ ਰੋਕਣ ਲਈ ਇੰਟਰਨੈਟ ’ਤੇ ਪਾਬੰਦੀ ਲਗਾਈ ਗਈ ਹੈ।

**ਸਿਆਸੀ ਆਗੂਆਂ ਦੀ ਚੁੱਪੀ ਭੇਦ ਬਣੀ :** ਅੰਮ੍ਰਿਤਪਾਲ ਸਿੰਘ ਵਿਰੁੱਧ ਕਾਰਵਾਈ ਦੌਰਾਨ ਵੱਖ ਵੱਖ ਸਿਆਸੀ ਆਗੂਆਂ ਦੀ ਚੁੱਪੀ ਵੀ ਭੇਦ ਬਣੀ ਰਹੀ। ਇਸ ਮਾਮਲੇ ’ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਲਗਾਤਾਰ ਤਿੰਨ ਦਿਨ ਰਹੀ ਚੁੱਪੀ ਵੀ ਕਈ ਸਵਾਲ ਖੜੇ ਕਰ ਗਈ। ਤਿੰਨ ਦਿਨਾਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਚੁੱਪੀ ਤੋੜਦਿਆਂ ਪੰਜਾਬੀਆਂ ਦੇ ਨਾਂਅ ਸੰਦੇਸ਼ ਜਾਰੀ ਕੀਤਾ। ਇਸ ਤੋਂ ਇਲਾਵਾ ਜਿਹੜੇ ਸਿਆਸੀ ਆਗੂ ਹਰ ਦਿਨ ਜਨਾਨੀਆਂ ਵਾਂਗ ਆਪਸ ਵਿੱਚ ਲੜਦੇ ਰਹਿੰਦੇ ਸਨ, ਉਹਨਾਂ ਦੀ ਵੀ ਇਸ ਮਾਮਲੇ ’ਤੇ ਚੁੱਪੀ ਭੇਦ ਬਣੀ ਹੋਈ ਹੈ। ਜਦੋਂ ਪੰਜਾਬ ਪੁਲਿਸ ਵੱਲੋਂ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਵਿਰੁੱਧ ਕਾਰਵਾਈ ਸ਼ੁਰੂ ਕੀਤੀ ਗਈ ਤਾਂ ਪੰਜਾਬ ਸਰਕਾਰ ਵੱਲੋਂ ਨਾ ਤਾਂ ਮੁੱਖ ਮੰਤਰੀ ਭਗਵੰਤ ਮਾਨ ਕੁਝ ਬੋਲੇ ਨਾ ਕੋਈ ਕੈਬਨਿਟ ਮੰਤਰੀ ਕੁਝ ਬੋਲਿਆ ਅਤੇ ਇਹਨਾਂ ਸੱਤਾਧਾਰੀ ਆਗੂਆਂ ਦੀ ਚੁੱਪੀ ਭੇਦ ਬਣੀ ਰਹੀ। ਹਾਂ, ਇਕ ਪੱਤਰਕਾਰ ਸੰਮੇਲਨ ਕਰਕੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਜ਼ਰੂਰ ਆਪਣੀ ਹੀ ਸਰਕਾਰ ਦੀ ਇਸ ਮਾਮਲੇ ਸਬੰਧੀ ਸ਼ਲਾਘਾ ਕੀਤੀ ਅਤੇ ਦਾਅਵਾ ਕੀਤਾ ਕਿ ਇਸ ਮਾਮਲੇ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਬਹੁਤ ਸੂਝ ਬੂਝ ਨਾਲ ਹੱਲ ਕੀਤਾ ਹੈ।

**ਸਿਮਰਨਜੀਤ ਸਿੰਘ ਮਾਨ ਅਤੇ ਹਰਸਿਮਰਤ ਕੌਰ ਬਾਦਲ :** ਇਸ ਮਾਮਲੇ ’ਤੇ ਸਭ ਤੋਂ ਪਹਿਲਾਂ ਸਿਰਫ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਬੋਲੇ



ਅਤੇ ਸਿਮਰਨਜੀਤ ਸਿੰਘ ਮਾਨ ਨੇ ਖਦਸ਼ਾ ਪ੍ਰਗਟਾਇਆ ਕਿ ਅੰਮ੍ਰਿਤਪਾਲ ਸਿੰਘ ਦਾ ਐਨਕਾਊਂਟਰ ਕੀਤਾ ਜਾ ਸਕਦਾ ਹੈ। ਸਿਮਰਨਜੀਤ ਸਿੰਘ ਮਾਨ ਦੇ ਇਸ ਬਿਆਨ ਤੋਂ ਬਾਅਦ ਉਹਨਾਂ ਦਾ ਟਵਿੱਟਰ ਅਕਾਊਂਟ ਬੰਦ ਕਰ ਦਿਤਾ ਗਿਆ।

ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਜ਼ਰੂਰ ਇਸ ਮਾਮਲੇ ’ਤੇ ਆਵਾਜ਼ ਉਠਾਈ ਕਿ ਇਹ ਪੰਜਾਬ ਸਰਕਾਰ ਲਈ ਸ਼ਰਮ ਵਾਲੀ ਗਲ ਹੈ ਕਿ ਇਕ ਵਿਅਕਤੀ (ਅੰਮ੍ਰਿਤਪਾਲ ਸਿੰਘ) ਵੀ ਉਸ ਤੋਂ ਫੜਿਆ ਨਹੀਂ ਗਿਆ। ਇਸ ਤੋਂ ਇਲਾਵਾ ਹਰਸਿਮਰਤ ਕੌਰ ਬਾਦਲ ਨੇ

ਪੁਲਿਸ ਵੱਲੋਂ ਸਿੱਖ ਨੌਜਵਾਨਾਂ ਨੂੰ ਧੜਾਧੜ ਗ੍ਰਿਫਤਾਰ ਕਰਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਆਪ ਸਰਕਾਰ ਨੇ ਸਿੱਖਾਂ ਨੂੰ 1984 ਵਾਲਾ ਸਮਾਂ ਯਾਦ ਕਰਵਾ ਦਿਤਾ ਹੈ।

**ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਦੀ ਭੂਮਿਕਾ :** ਸ੍ਰੀ ਅਕਾਲ ਤਖਤ ਸਾਹਬਿ ਦੇ ਜਥੇਦਾਰ ਸਾਹਿਬ ਦੀ ਭੂਮਿਕਾ ਬਾਰੇ ਵੀ ਦੇਸ਼ ਵਿਦੇਸ਼ ਵਿੱਚ ਰਹਿੰਦੇ ਸਿੱਖਾਂ ਵਿੱਚ ਚਰਚਾ ਹੋ ਰਹੀ ਹੈ। ਜਥੇਦਾਰ ਸਾਹਿਬ ਨੇ ਪੰਜਾਬ ਪੁਲਿਸ ਵੱਲੋਂ ਸਿੱਖ ਨੌਜਵਾਨਾਂ ਨੂੰ ਧੜਾਧੜ ਗ੍ਰਿਫਤਾਰ ਕਰਨ ਅਤੇ ਉਹਨਾਂ ’ਤੇ ਤਸ਼ੱਸ਼ਦ ਕਰਨ ਦੀ ਨਿਖੇਧੀ ਕੀਤੀ ਹੈ। ਵੱਡੀ ਗਿਣਤੀ ਸਿੱਖ ਕਹਿ ਰਹੇ ਹਨ ਕਿ ਅਜਨਾਲਾ ਘਟਨਾ ਬਾਰੇ ਜਥੇਦਾਰ ਸਾਹਿਬ ਨੂੰ ਕੋਈ ਵੱਡਾ ਫੈਸਲਾ ਲੈਣਾ ਚਾਹੀਦਾ ਸੀ ਪਰ ਇਸ ਮਾਮਲੇ ਵਿੱਚ ਕੋਈ ਠੋਸ ਕਾਰਵਾਈ ਕਰਨ ਦੀ ਥਾਂ ਜਥੇਦਾਰ ਸਾਹਿਬ ਨੇ ਇਕ ਕਮੇਟੀ ਦਾ ਗਠਨ ਪਾ ਕੇ ਇਸ ਮਾਮਲੇ ਨੂੰ ਲਮਕਾ ਦਿਤਾ ਸੀ। ਵੱਡੀ ਗਿਣਤੀ ਲੋਕ ਇਹ ਦਾਅਵਾ ਕਰ ਰਹੇ ਹਨ ਕਿ ਉਹਨਾਂ ਨੂੰ ਪਹਿਲਾਂ ਹੀ ਪਤਾ ਹੁੰਦਾ ਹੈ ਕਿ ਜਥੇਦਾਰ ਸਾਹਿਬ ਨੇ ਕੀ ਬਿਆਨ ਦੇਣਾ ਹੈ।

ਇਥੇ ਇਹ ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਦਾ ਰੁਤਬਾ ਸਿੱਖ ਪੰਥ ਵਿੱਚ ਬਹੁਤ ਉਚਾ ਮੰਨਿਆ ਜਾਂਦਾ ਹੈ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਹਰ ਹੁਕਮ ਨੂੰ ਮੰਨਣਾ ਹਰ ਸਿੱਖ ਆਪਣਾ ਧਰਮ ਸਮਝਦਾ ਹੈ, ਪਰ ਬੀਤੇ ਕੁਝ ਸਮੇਂ ਤੋਂ ਜਥੇਦਾਰ ਸਾਹਿਬ ਵੱਲੋਂ ਨਿਭਾਈ ਜਾ ਰਹੀ ਭੂਮਿਕਾ ’ਤੇ ਵੀ ਸਵਾਲ ਉਠ ਰਹੇ ਹਨ। ਵੱਡੀ ਗਿਣਤੀ ਲੋਕ ਕਹਿ ਰਹੇ ਹਨ ਕਿ ਅਜਨਾਲਾ ਘਟਨਾ ਤੇ ਜਥੇਦਾਰ ਸਾਹਿਬ ਨੂੰ ਕੋਈ ਜਿੰਮੇਵਾਰੀ ਵਾਲੀ ਗਲ ਕਹਿਣੀ ਚਾਹੀਦੀ ਸੀ।

**ਇੰਟਰਨੈਸ਼ਨਲ ਚੈਨਲ :** ਇਥੇ ਇੰਟਰਨੈਸ਼ਨਲ ਨਿਊਜ਼ ਚੈਨਲਾਂ ਦੀ ਗੱਲ ਕਰਨੀ ਵੀ ਜ਼ਰੂਰੀ ਹੈ। ਵੱਖ- ਵੱਖ ਨਾਵਾਂ ਹੇਠ ਚੱਲ ਰਹੇ ਅਨੇਕਾਂ ਇੰਟਰਨੈਸ਼ਨਲ ਚੈਨਲਾਂ ’ਤੇ ਪੰਜਾਬ ਦੇ ਮੌਜੂਦਾ ਮਾਹੌਲ ਸਬੰਧੀ ਜੋ ਕੁਝ ਕਿਹਾ ਜਾ ਰਿਹਾ ਹੈ, ਉਹ ਅਸਲ ਵਿੱਚ ਦਹਿਸ਼ਤ ਪੈਦਾ ਕਰਨ ਵਾਲਾ ਲਗਦਾ ਹੈ।ਪੰਜਾਬ ਵਿੱਚ ਵਾਪਰ ਰਹੀਆਂ ਘਟਨਾਵਾਂ ਨੂੰ ਜਿਸ ਤਰਾਂ ਉਭਾਰ ਕੇ ਪੇਸ਼ ਕੀਤਾ ਜਾ ਰਿਹਾ ਹੈ, ਉਸ ਨਾਲ ਕਈ ਸਵਾਲ ਖੜੇ ਹੋ ਰਹੇ ਹਨ। ਇਸ ਤਰਾਂ ਲੱਗਦਾ ਹੈ ਕਿ ਜਿਵੇਂ ਇਹਨਾਂ ਇੰਟਰਨੈਸ਼ਨਲ ਚੈਨਲਾਂ ਵੱਲੋਂ ਪੰਜਾਬ ਵਿਰੋਧੀ ਮਾਹੌਲ ਸਿਰਜਿਆ ਜਾ ਸਕੇ। ਜਿਸ ਤਰੀਕੇ ਨਾਲ ਕੁਝ ਚੈਨਲਾਂ ’ਤੇ ਉਹਨਾਂ ਐਂਕਰ ਚੀਕ ਚੀਕ ਕੇ ਬਿਆਨਬਾਜੀ ਕਰ ਰਹੇ ਹਨ, ਉਸ ਨਾਲ ਇਕ ਤਰਾਂ ਦਹਿਸ਼ਤ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਪੰਜਾਬ ਨੂੰ ਬਦਨਾਮ ਕਰਨ ਲਈ ਨੈਸ਼ਨਲ ਚੈਨਲਾਂ ਵੱਲੋਂ ਅਜਿਹੇ ਸ਼ਬਦ ਵਰਤੇ ਜਾ ਰਹੇ ਹਨ, ਜਿਹੜੇ ਕਿ ਪੰਜਾਬ ਦੀ ਬਦਨਾਮੀ ਕਰ ਰਹੇ ਹਨ, ਅਸਲੀਅਤ ਤਾਂ ਇਹ ਹੈ ਕਿ ਇਹਨਾਂ ਸ਼ਬਦਾਂ ਦਾ ਅਸਲੀ ਅਰਥ ਇਹਨਾਂ ਚੈਨਲਾਂ ਵਾਲਿਆਂ ਨੂੰ ਪਤਾ ਹੀ ਨਹੀਂ। ਇਸ ਤਰਾਂ ਰਾਸ਼ਟਰੀ ਨਿਊਜ਼ ਚੈਨਲਾਂ ਵੱਲੋਂ ਅੰਮ੍ਰਿਤਪਾਲ ਸਿੰਘ ਵਾਲੀ ਘਟਨਾ ਦਾ ਬਹਾਨਾ ਲਗਾ ਕੇ ਪੂਰੇ ਪੰਜਾਬ ਦੀ ਬਦਨਾਮੀ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

**ਸਰਕਾਰ ਨੇ ਰੱਖਿਆ ਆਪਣਾ ਪੱਖ :** ਅਪਰੇਸ਼ਨ ਸ਼ੁਰੂ ਹੋਣ ਤੋਂ ਲੈ ਕੇ ਹੁਣ ਤਕ ਪੰਜਾਬ ਸਰਕਾਰ ਤੇ ਪੁਲਿਸ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਸਥਿਤੀ ਕੰਟਰੋਲ ਹੇਠ ਹੈ, ਪੰਜਾਬ ਵਿੱਚ ਸ਼ਾਂਤੀ ਹੈ। ਇਸਦੇ ਨਾਲ ਹੀ ਪੁਲਿਸ ਵੱਲੋਂ ਵੱਖ ਵੱਖ ਥਾਵਾਂ ’ਤੇ ਫਲੈਗ ਮਾਰਚ ਕੀਤੇ ਜਾ ਰਹੇ ਹਨ। ਇਸ ਤਰਾਂ ਸਰਕਾਰ ਤੇ ਪੁਲਿਸ ਵੱਲੋਂ ਪੰਜਾਬ ਵਿੱਚ ਫੈਲੀ ਹੋਈ ਹਫੜਾ ਦਫੜੀ ਨੂੰ ਸਥਿਤੀ ਕੰਟਰੋਲ ਹੇਠ ਦਸਿਆ ਗਿਆ।

## ਪੱਤਰਕਾਰਾਂ ਦੇ ਟਵਿੱਟਰ ਅਕਾਊਂਟ ਬੰਦ ਕਰਨੇ

ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਵਿਰੁੱਧ ਕਾਰਵਾਈ ਦੌਰਾਨ ਲੋਕਾਂ ਤੱਕ ਪਲ ਪਲ ਦੀ ਖਬਰ ਪਹੁੰਚਾਉਣ ਵਾਲੇ ਅਨੇਕਾਂ ਪੱਤਰਕਾਰਾਂ ਦੇ ਟਵਿੱਟਰ ਅਕਾਉਂਟ ਬੰਦ ਕਰ ਦਿਤੇ ਗਏ। ਇਸ ਕਰਕੇ ਆਮ ਲੋਕਾਂ ਨੂੰ ਪਲ ਪਲ ਦੀ ਸੱਚੀ ਜਾਣਕਾਰੀ ਮਿਲਣ ਤੋਂ ਮਹਿਰੂਮ ਕੀਤਾ ਗਿਆ। ਜਿਸ ਕਰਕੇ ਕਈ ਤਰਾਂ ਦੀਆਂ ਅਫਵਾਹਾਂ ਦਾ ਦੌਰ ਗਰਮ ਰਿਹਾ। ਅਸਲ ਵਿੱਚ ਇਸ ਸਾਰੀ ਕਾਰਵਾਈ ਦੌਰਾਨ ਪਲ ਪਲ ਦੀ ਸਹੀ ਰਿਪੋਰਟ ਪ੍ਰਾਪਤ ਕਰਨਾ ਆਮ ਲੋਕਾਂ ਦਾ ਹੱਕ ਸੀ ਅਤੇ ਪੱਤਰਕਾਰਾਂ ਦੀ ਡਿਊਟੀ ਸੀ ਕਿ ਉਹ ਇਸ ਕਾਰਵਾਈ ਦੀ ਸਹੀ ਕਵਰੇਜ਼ ਕਰਕੇ ਬਿਲਕੁਲ ਸਹੀ ਰਿਪੋਰਟ ਲੋਕਾਂ ਤੱਕ ਪਹੁੰਚਾਉਣ ਪਰ ਸਰਕਾਰ ਨੇ ਕਈ ਪੱਤਰਕਾਰਾਂ ਦੇ ਟਵਿੱਟਰ ਅਕਾਊਂਟ ਬੰਦ ਕਰਕੇ ਲੋਕਾਂ ਤਕ ਸਹੀ ਜਾਣਕਾਰੀ ਪਹੁੰਚਣ ਵਿੱਚ ਰੁਕਾਵਟ ਪੈਦਾ ਕਰਨ ਦਾ ਯਤਨ ਕੀਤਾ।



**ਕੇਜਰੀਵਾਲ ਦਾ ਬਿਆਨ :** ਪੰਜਾਬ ਵਿੱਚ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਵਿਰੁੱਧ ਕੀਤੀ ਗਈ ਕਾਰਵਾਈ ਬਾਰੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦਰ ਕੇਜਰੀਵਾਲ ਨੇ ਕਿਹਾ ਹੈ ਕਿ ਕੇਂਦਰ ਨਾਲ ਮਿਲਕੇ ਪੰਜਾਬ ਵਿੱਚ ਐਕਸ਼ਨ ਹੋਇਆ ਹੈ। ਕੇਂਦਰ ਨੂੰ ਦਿੱਲੀ ਵਿੱਚ ਵੀ ਸਹਿਯੋਗ ਦੇਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਚੰਗੀ ਗੱਲ ਹੈ ਕੇਂਦਰ ਸਰਕਾਰ ਵੱਲੋਂ ਪੰਜਾਬ ਵਿੱਚ ਆਪ ਸਰਕਾਰ ਨੂੰ ਸਹਿਯੋਗ ਦਿਤਾ ਗਿਆ ਹੈ। ਇਸੇ ਸਹਿਯੋਗ ਦੀ ਮੰਗ ਅਸੀਂ ਦਿੱਲੀ ਵਿੱਚ ਵੀ ਕਰਦੇ ਹਾਂ।

ਸਾਰਾ ਪੰਜਾਬ ਅੰਮ੍ਰਿਤਪਾਲ ਸਿੰਘ ’ਤੇ ਕੇਂਦਰਿਤ ਹੋਇਆ : ਜਦੋਂ ਅਜਨਾਲਾ ਘਟਨਾ ਵਾਪਰੀ ਸੀ ਤਾਂ ਸਾਰਾ ਪੰਜਾਬ ਅਜਨਾਲਾ ਘਟਨਾ ਬਾਰੇ ਕੇਂਦਰਿਤ ਹੋ ਗਿਆ ਸੀ, ਹੁਣ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਵਿਰੁੱਧ ਪੰਜਾਬ ਪੁਲਿਸ ਦੀ ਕਾਰਵਾਈ ਦੌਰਾਨ ਸਾਰਾ ਪੰਜਾਬ ਸਿਰਫ ਅੰਮ੍ਰਿਤਪਾਲ ਸਿੰਘ ਬਾਰੇ ਕੇਂਦਰਿਤ ਹੋ ਗਿਆ ਹੈ। ਜਦੋਂਕਿ ਪੰਜਾਬ ਵਿੱਚ ਹੋਰ ਵੀ ਕਈ ਘਟਨਾਂਵਾਂ ਵਾਪਰ ਰਹੀਆਂ ਹਨ,ਜਿਹਨਾਂ ਨੂੰ ਅੰਮ੍ਰਿਤਪਾਲ ਸਿੰਘ ਦੇ ਮਾਮਲੇ ਕਾਰਨ ਅੱਖੋਂ ਪਰੋਖੇ ਕਰ ਦਿਤਾ ਗਿਆ ਹੈ।

**ਬੋਲਣ ’ਤੇ ਪਾਬੰਦੀ :** ਭਾਰਤ ਵਿੱਚ ਸੰਵਿਧਾਨ ਰਾਹੀਂ ਬੋਲਣ ਦੀ ਆਜ਼ਾਦੀ ਦਿਤੀ ਗਈ ਹੈ ਪਰ ਪੰਜਾਬ ਵਿੱਚ ਇਹਨਾਂ ਦਿਨਾਂ ਦੌਰਾਨ ਵਾਪਰੀਆਂ ਘਟਨਾਵਾਂ ਦੌਰਾਨ ਇਸ ਤਰਾਂ ਲੱਗ ਰਿਹਾ ਹੈ, ਜਿਵੇਂ ਬੋਲਣ ’ਤੇ ਪਾਬੰਦੀ ਲਗਾ ਦਿਤੀ ਗਈ ਹੋਵੇ। ਜੋ ਵੀ ਕੋਈ ਵਿਅਕਤੀ ਅੰਮ੍ਰਿਤਪਾਲ ਸਿੰਘ ਦੇ ਪੱਖ ਵਿੱਚ ਬੋਲਦਾ ਹੈ ਤਾਂ ਤੁਰੰਤ ਉਸ ਵਿਰੁੱਧ ਕਾਰਵਾਈ ਕਰ ਦਿਤੀ ਜਾਂਦੀ ਹੈ। ਇਸ ਸਮੇਂ ਪੰਜਾਬ ਵਿੱਚ ਵੱਡੀ ਗਿਣਤੀ ਅਜਿਹੇ ਲੋਕ ਵੀ ਹਨ, ਜੋ ਕਿ ਸੱਚ ਨੂੰ ਸੱਚ ਕਹਿੰਦੇ ਹਨ ਤਾਂ ਉਹਨਾਂ ਲੋਕਾਂ ਨੂੰ ਸੱਚ ਤਾਂ ਬੋਲਣ ਦੇਣਾ ਚਾਹੀਦਾ ਹੈ।

**ਆਤਮ ਸਮਰਪਣ ਜਾਂ ਗ੍ਰਿਫਤਾਰੀ :** ਅੰਮ੍ਰਿਤਪਾਲ ਸਿੰਘ ਦੇ ਚਾਚੇ ਅਤੇ ਡਰਾਇਵਰ ਵੱਲੋਂ ਮੀਡੀਆ ਦੀ ਮੌਜੂਦਗੀ ਵਿੱਚ ਪੰਜਾਬ ਪੁਲਿਸ ਅੱਗੇ ਆਤਮ ਸਮਰਪਣ ਕੀਤਾ ਗਿਆ ਪਰ ਕੁਝ ਨਿਊਜ਼ ਚੈਨਲਾਂ ਵੱਲੋਂ ਪੰਜਾਬ ਪੁਲਿਸ ਵੱਲੋਂ ਉਹਨਾਂ ਨੂੰ ਗ੍ਰਿਫਤਾਰ ਕੀਤਾ ਦਿਖਾਇਆ ਗਿਆ। ਜਦੋਂਕਿ ਆਤਮ ਸਮਰਪਣ ਕਰਨ ਅਤੇ ਗ੍ਰਿਫਤਾਰ ਕਰਨ ਵਿੱਚ ਅੰਤਰ ਹੁੰਦਾ ਹੈ।

## ਅਸਾਮ ਦੀ ਜੇਲ੍ਹ ਹੀ ਕਿਉਂ ?

ਅੰਮ੍ਰਿਤਪਾਲ ਸਿੰਘ ਦੇ ਅਨੇਕਾਂ ਸਾਥੀਆਂ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਅਸਾਮ ਦੀ ਡਿਬਰੂਗੜ੍ਹ ਜੇਲ ਵਿੱਚ ਭੇਜ ਦਿਤਾ ਗਿਆ ਹੈ। ਹੁਣ ਵੱਡੀ ਗਿਣਤੀ ਪੰਜਾਬੀ ਇਹ ਸਵਾਲ ਕਰ ਰਹੇ ਹਨ ਕਿ ਇਹਨਾਂ ਵਿਅਕਤੀਆਂ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਹੀ ਕਿਉਂ ਭੇਜਿਆ ਗਿਆ ਹੈ। ਕੀ ਪੰਜਾਬ ਵਿੱਚ ਜੇਲ੍ਹਾਂ ਨਹੀਂ ਹਨ, ਜਾਂ ਪੰਜਾਬ ਦੀਆਂ ਜੇਲ੍ਹਾਂ ਦੀ ਸੁਰਖਿਆ ’ਤੇ ਖੁਦ ਪੰਜਾਬ ਪੁਲਿਸ ’ਤੇ ਪੰਜਾਬ ਸਰਕਾਰ ਨੂੰ ਵਿਸ਼ਵਾਸ਼ ਨਹੀਂ ਹੈ।

ਸਿਆਸੀ ਮਾਹਿਰ ਕਹਿੰਦੇ ਹਨ ਕਿ ਅਸਾਮ ਦੀ ਜੇਲ੍ਹ ਵਿੱਚ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਨੂੰ ਇਸ ਲਈ ਰਖਿਆ ਜਾ ਰਿਹਾ ਹੈ, ਤਾਂ ਕਿ ਉਹਨਾਂ ਦੇ ਪਰਿਵਾਰਕ ਮੈਂਬਰਾਂ ਉਹਨਾਂ ਦੇ ਕੇਸ ਦੀ ਪੈਰਵਾਈ ਸਹੀ ਤਰੀਕੇ ਨਾਲ ਨਾ ਕਰ ਸਕਣ ਅਤੇ ਜੇਲ੍ਹਾਂ ਦੇ ਬਾਹਰ ਅੰਮ੍ਰਿਤਪਾਲ ਸਿੰਘ ਦੇ ਸਮਰਥਕ ਇਕਠੇ ਨਾ ਹੋ ਸਕਣ। ਇਸ ਤੋਂ ਇਲਾਵਾ ਅਸਾਮ ਵਿੱਚ ਸਿੱਖਾਂ ਦੀ ਅਬਾਦੀ ਬਹੁਤ ਘੱਟ ਹੈ। ਸੂਤਰਾਂ ਅਨੁਸਾਰ ਜੇ ਪੰਜਾਬ ਵਿੱਚ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਨੂੰ ਰਖਿਆ ਜਾਂਦਾ ਤਾਂ ਜੇਲਾਂ ’ਤੇ ਹਮਲੇ ਹੋਣ ਦਾ ਖਤਰਾ ਪੈਦਾ ਹੋ ਸਕਦਾ ਸੀ। ਇਸ ਕਰਕੇ ਸੁਰਖਿਆ ਕਾਰਨਾਂ ਕਰਕੇ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਰਖਿਆ ਗਿਆ ਹੈ। ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਸੁਰਖਿਆ ਦੇ ਸਖਤ ਪ੍ਰਬੰਧ ਹਨ।

# ਵਿਦੇਸ਼ਾਂ ਵਿੱਚ ਅੰਮ੍ਰਿਤਪਾਲ ਸਿੰਘ ਨੂੰ ਬਹਾਨਾ ਬਣਾਕੇ ਪੰਜਾਬੀਆਂ ਦੇ ਅਧਿਕਾਰਾਂ ਨੂੰ ਕੁਚਲਣ ਦਾ ਮਾਮਲਾ ਭਖਿਆ

ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਚੱਲ ਰਹੀ ਪੰਜਾਬ ਪੁਲਿਸ ਦੀ ਕਾਰਵਾਈ ਤੇ ਪੰਜਾਬ ਵਿੱਚ ਇੰਟਰਨੈੱਟ ਸੇਵਾਵਾਂ ਬੰਦ ਹੋਣ ਨੂੰ ਲੈ ਕੇ ਦੁਨੀਆਂ ਭਰ ਦੇ ਮੀਡੀਆ ਵਿੱਚ ਵਿਰੋਧ ਹੋਣ ਲਗ ਪਿਆ ਹੈ। ਪੰਥਕ ਜਥੇਬੰਦੀਆਂ ਕੌਮਾਂਤਰੀ ਪੱਧਰ ਉਪਰ ਸਿੱਖ ਨੌਜਵਾਨਾਂ ਦੀ ਗ੍ਰਿਫਤਾਰੀ ਤੇ ਸਰਕਾਰੀ ਦਹਿਸ਼ਤ ਦੀ ਵਿਰੋਧਤਾ ਕਰ ਰਹੀਆਂ ਹਨ।ਵੱਖ-ਵੱਖ ਦੇਸ਼ਾਂ ਵਿੱਚ ਬੈਠੇ ਖ਼ਾਲਿਸਤਾਨ ਸਮਰਥਕਾਂ ਨੇ ਸੋਸ਼ਲ ਮੀਡੀਆ ’ਤੇ ਭਾਰਤ ਅਤੇ ਪੰਜਾਬ ਸਰਕਾਰ ਖ਼ਿਲਾਫ਼ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ ਖ਼ਾਲਿਸਤਾਨ ਸਮਰਥਕਾਂ ਨੂੰ ਟਰੈਕ ਕਰਨ ਵਾਲੀਆਂ ਖ਼ੁਫ਼ੀਆ ਏਜੰਸੀਆਂ ਨੇ ਪਿਛਲੇ ਤਿੰਨ ਦਿਨਾਂ ਦੌਰਾਨ ਸੋਸ਼ਲ ਮੀਡੀਆ ’ਤੇ ਭੜਕਾਊ ਅਤੇ ਫ਼ਿਰਕੂ ਸੰਦੇਸ਼ਾਂ ਨੂੰ ਰਿਕਾਰਡ ਕਰਨਾ ਸ਼ੁਰੂ ਕਰ ਦਿੱਤਾ ਹੈ।

ਬ੍ਰਿਟਿਸ਼ ਕੋਲੰਬੀਆ ਗੁਰਦੁਆਰਿਆਂ ਦੀ ਕੌਂਸਲ ਨੇ ਪੰਜਾਬ ਵਿੱਚ ਵਾਪਰ ਰਹੀਆਂ ਘਟਨਾਵਾਂ ,ਸਿਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਬਾਰੇ ਵਿਦੇਸ਼ ਮੰਤਰੀ, ਹਾਊਸ ਆਫ ਕਾਮਨਜ਼, ਓਟਾਵਾ ਨੂੰ ਵੀ ਪੱਤਰ ਲਿਖਿਆ ਸੀ।

ਅਮਰੀਕਾ, ਕੈਨੇਡਾ ਤੇ ਯੂਕੇ ਵਿੱਚ ਸਰਗਰਮ ਸਿੱਖ ਆਗੂਆਂ ਵੱਲੋਂ ਵਿਰੋਧ ਪ੍ਰਦਰਸ਼ਨ ਕੀਤੇ ਜਾ ਰਹੇ ਹਨ ਤੇ ਪੰਜਾਬ ਦੇ ਹਾਲਾਤਾਂ ਬਾਰੇ ਚਿੰਤਾ ਪ੍ਰਗਟ ਕੀਤੀ ਜਾ ਰਹੀ ਹੈ।ਆਸਟਰੇਲੀਆ ਦੀ ਰਾਜਧਾਨੀ ਕੈਨਬਰਾ ਵਿੱਚ ਸੰਸਦ ਸਾਹਮਣੇ ਬੀਤੇ ਦਿਨੀਂ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਨੇ



ਪ੍ਰਦਰਸ਼ਨ ਕੀਤਾ ਸੀ। ਕੈਲਗਰੀ ਸਿਟੀ ਹਾਲ ਦੇ ਬਾਹਰ ਪੰਥਕ ਧਿਰ ਮੀਰੀ ਪੀਰੀ ਫਾਊਡੇਸ਼ਨ ਅਤੇ ਸਿੱਖ ਸਟੱਡੀ ਸਰਕਲ ਵਲੋਂ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਅੰਮ੍ਰਿਪਾਲ ਸਿੰਘ ਤੇ ਉਸ ਦੇ ਸਾਥੀਆਂ ਦੀ ਗਿ$.ਫਤਾਰੀ ਨੂੰ ਲੈ ਕੇ ਪੰਜਾਬ ਦੇ ਹਾਲਾਤਾਂ ’ਤੇ ਚਿੰਤਾ ਪ੍ਰਗਟ ਕਰਦਿਆਂ ਰੋਸ ਮੁਜ਼ਾਹਰਾ ਕੀਤਾ ਗਿਆ। ਵੱਖ-ਵੱਖ ਬੁਲਾਰਿਆਂ ਨੇ ਮੌਜੂਦਾ ਸਰਕਾਰ ਨੂੰ ਕੋਸਦਿਆਂ ਕਿਹਾ ਕਿ ਜੇਕਰ ਭਾਰਤੀ ਹਕੂਮਤ ਸਿੰਘਾਂ ਨੂੰ ਰਿਹਾਅ ਨਹੀਂ ਕਰਦੀ ਤਾਂ ਅਗਲੇ ਪ੍ਰੋਗਰਾਮ ਇਸ ਤੋਂ ਸਖਤ ਉਲੀਕੇ ਜਾਣਗੇ। ਇਸ ਸਮੇਂ ਮੁੱਖ ਬੁਲਾਰੇ ਭਾਈ ਗੁਰਪ੍ਰਤਾਪ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਸੁਖਦੀਪ ਸਿੰਘ ਬਰਨਾਲਾ, ਭਾਈ ਪਰਮੀਤ ਸਿੰਘ ਬੋਪਾਰਾਏ, ਮਨਜੋਤ ਸਿੰਘ, ਜਸਵਿੰਦਰ ਸਿੰਘ ਤੋਂ ਇਲਾਵਾ ਹੋਰ ਵੀ ਬੁਲਾਰਿਆਂ ਨੇ ਸੰਬੋਧਨ ਕੀਤਾ।ਇਸ ਤੋਂ ਪਹਿਲਾਂ ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਕੈਲਗਰੀ ਵਿਖੇ ਮੁੱਖ ਸੇਵਾਦਾਰ ਭਾਈ ਬਲਜਿੰਦਰ ਸਿੰਘ ਗਿੱਲ, ਚੇਅਰਮੈਨ ਗੁਰਜੀਤ ਸਿੰਘ ਸਿੱਧੂ ਅਤੇ ਸਕੱਤਰ ਭਾਈ ਰਵਿੰਦਰ ਸਿੰਘ ਤੱਬੜ ਰਾਮਪੁਰ ਨੇ ਵੀ ਪੰਜਾਬ ਦੇ ਹਾਲਾਤ ਨੂੰ ਦੇਖਦਿਆਂ ਕਿਹਾ ਕਿ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਹਮੇਸ਼ਾਂ ਹੀ ਸਿੱਖਾਂ ਨੂੰ ਆਪਣੇ ਹੱਕ ਮੰਗਦਿਆਂ ਨੂੰ ਦਬਾ ਕੇ ਰੱਖਿਆ ਹੈ।

ਖਾਲਸਾ ਏਡ ਦੇ ਮੁਖੀ ਰਵੀ ਸਿੰਘ ਖਾਲਸਾ ਨੇ ਕਿਹਾ ਕਿ ਪੰਜਾਬ ਵਿੱਚ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਣਾ ਇਕ ਵਾਰ ਫਿਰ ਵਿਸ਼ਵ ਭਰ ਵਿੱਚ ਰਹਿੰਦੇ ਸਿੱਖ ਭਾਈਚਾਰੇ ਲਈ ਵੱਡੇ ਦੁਖਾਂਤ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਸਿੱਖ ਨੌਜਵਾਨਾਂ ਖ਼ਿਲਾਫ਼ ਕਿਸੇ ਗੈਰ-ਕਾਨੂੰਨੀ ਕਾਰਵਾਈ ਲਈ ਹਰ ਵਿਧਾਇਕ ਤੇ ਸੰਸਦ ਮੈਂਬਰ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਵਿਚੋਂ ਦਿੱਲੀ ਪੁਲਿਸ ਤੇ ਅਰਧ ਸੈਨਿਕ ਬਲ ਹਟਾਉਣ।

ਉਹਨਾਂ ਕਿਹਾ ਕਿ ਜਦੋਂ ਦੁਨੀਆ ਦੇ ਵੀਹ ਵੱਡੇ ਦੇਸ਼ਾਂ ਦੇ ਨੁਮਾਇੰਦੇ ਪੰਜਾਬ ਵਿਚ ਆਏ ਹੋਏ ਹਨ ਤਾਂ ਉਸ ਮੌਕੇ ਅਜਿਹੀ ਕਾਰਵਾਈ ਕਰਨੀ ਦਰਸਾਉਂਦੀ ਹੈ ਕਿ ਦਿੱਲੀ ਦਰਬਾਰ ਸਿੱਖਾਂ ਤੇ ਪੰਜਾਬ ਨੂੰ ਕੌਮਾਂਤਰੀ ਪੱਧਰ ਉੱਤੇ ਬਦਨਾਮ ਕਰਨਾ ਚਾਹੁੰਦੀ ਹੈ। ਇਸ ਵਾਸਤੇ ਸਿੱਖਾਂ ਦੇ ਸਰਗਰਮ ਹਿੱਸਿਆਂ ਨੂੰ ਮੌਜੂਦਾ ਹਾਲਾਤ ਬਾਰੇ ਸਾਂਝੀ ਸਮਝ ਅਤੇ ਇਸ ਦੇ ਟਾਕਰੇ ਲਈ ਸਾਂਝੀ ਵਿਓਂਤ ਬੰਦੀ ਬਣਾਉਣ ਦੀ ਲੋੜ ਹੈ।

## ਕੀ ਕਹਿੰਦੀਆਂ ਨੇ ਕੌਮਾਂਤਰੀ ਅਖ਼ਬਾਰਾਂ

ਦਿ ਡੇਲੀ ਗਾਰਡੀਅਨ ਦੀ 20 ਮਾਰਚ ਦੀ ਖ਼ਬਰ ਅਨੁਸਾਰ ਖ਼ਾਲਿਸਤਾਨ ਦੀ ਮੰਗ ਕਰਨ ਵਾਲੇ ਅੰਮ੍ਰਿਤਪਾਲ ਸਿੰਘ ਦੇ ਜਲੰਧਰ ਦੇ ਇਲਾਕੇ ਵਿੱਚੋਂ ਪੁਲਿਸ ਨੂੰ ਚਕਮਾ ਦੇ ਭੱਜ ਜਾਣ ਬਾਰੇ ਪੰਜਾਬ ਪੁਲਿਸ ਦੀ ਕਾਬਲੀਅਤ ’ਤੇ ਸਵਾਲ ਖੜ੍ਹੇ ਕੀਤੇ ਹਨ।ਰਿਪੋਰਟ ਵਿੱਚ ਇੰਟਨਨੈੱਟ ਸੇਵਾਵਾਂ ਮੁਅੱਤਲ ਕਰਨ ਤੇ ਇਸ ਦੇ ਆਮ ਲੋਕਾਂ ਨੂੰ ਉਪਲੱਬਧ ਕਈ ਸਹੂਲਤਾਂ ’ਤੇ ਪੈਣ ਵਾਲੇ ਅਸਰ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ।

ਸੀਐਨਐਨ ਦੀ ਖ਼ਬਰ ਵਿੱਚ ਅੰਮ੍ਰਿਤ ਪਾਲ ਸਿੰਘ ਦੀ ਗ਼੍ਰਿਫ਼ਤਾਰੀ ਲਈ ਚਲਦੀ ਕਾਰਵਾਈ ਦੌਰਾਨ 2.7 ਕਰੋੜ ਪੰਜਾਬ ਵਾਸੀਆਂ ਨੂੰ ਪ੍ਰਾਪਤ ਇੰਟਰਨੈੱਟ ਦੀ ਸੁਵਿਧਾ ਬੰਦ ਕੀਤੇ ਜਾਣ ਦੀ ਗੱਲ ਆਖੀ ਗਈ ਹੈ।

ਦਿ ਨਿਊ ਯਾਰਕ ਟਾਈਮਜ਼ ਵਿੱਚ ਲਿਖਿਆ ਗਿਆ ਕਿ ਭਾਰਤ ਦੇ ਇੱਕ ਸੂਬੇ ਵਿੱਚ ਅੰਮ੍ਰਿਤਪਾਲ ਸਿੰਘ ਦੀ ਗ਼੍ਰਿਫ਼ਤਾਰੀ ਲਈ ਸੁਰੱਖਿਆ ਬਲ ਲੱਗੇ ਹੋਏ ਹਨ ਤੇ ਇਸ ਦੇ ਚਲਦਿਆਂ ਇੰਟਰਨੈੱਟ ਸੇਵਾਵਾਂ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ।

ਦਿ ਵਾਸ਼ਿੰਗਟਨ ਪੋਸਟ ਨੇ ਰਿਪੋਰਟ ਕੀਤਾ, ਕਿਉਂਕਿ ਅਧਿਕਾਰੀ ਇੱਕ ਅੰਮ੍ਰਿਤ ਪਾਲ ਸਿੰਘ ਨੂੰ ਫ਼ੜਨ ਦੀ ਕੋਸ਼ਿਸ਼ ਕਰ ਰਹੇ ਹਨ, ਪੰਜਾਬ ਦੇ 2.7 ਕਰੋੜ ਲੋਕਾਂ ਦੀ ਇੰਟਰਨੈੱਟ ਸੇਵਾ ਤੇ ਐੱਸਐੱਮਐੱਸ ਸੇਵਾ ਬੰਦ ਕਰ ਦਿੱਤੀ ਗਈ ਹੈ।ਭਾਰਤ ਵਿੱਚ ਹਾਲੇ ਦੇ ਸਾਲਾਂ ਵਿੱਚ ਸੰਚਾਰ ਮਾਧਿਅਮਾਂ ’ਤੇ ਲੱਗਣ ਵਾਲੀ ਇਹ ਪਹਿਲੀ ਇੰਨੀ ਸਖ਼ਤ ਪਾਬੰਦੀ ਹੈ।

ਅਲਜ਼ਜੀਰਾ ਨੇ ਆਪਣੀ ਖ਼ਬਰ ਵਿੱਚ ਲਿਖਿਆ ਕਿ, 30 ਸਾਲਾ ਅੰਮ੍ਰਿਤਪਾਲ ਸਿੰਘ ਨੇ ਹਾਲ ਹੀ ਦੇ ਮਹੀਨਿਆਂ ਵਿੱਚ ਆਪਣੀ ਪਛਾਣ ਬਣਾਈ ਸੀ। ਉਹ ਸਿੱਖਾਂ ਲਈ ਵੱਖਰੀ ਧਰਤ ‘ਖ਼ਾਲਿਸਤਾਨ’ ਦੀ ਮੰਗ ਕਰਦੇ ਹਨ।ਕਰੀਬ 3 ਕਰੋੜ ਲੋਕਾਂ ਦੀ ਆਬਾਦੀ ਵਾਲੇ ਭਾਰਤੀ ਸੂਬੇ ਦੇ ਪੇਂਡੂ ਖ਼ਿੱਤੇ ਵਿੱਚ ਅੰਮ੍ਰਿਤਪਾਲ ਸਿੰਘ ਨੇ ਸਿੱਖੀ ਬਾਰੇ ਆਪਣੇ ਕੱਟੜ ਵਿਚਾਰਾਂ ਨਾਲ ਲੋਕਾਂ ਦੇ ਦਿਲਾਂ ਵਿੱਚ ਥਾਂ ਬਣਾਈ ਹੈ।

## ਬ੍ਰਿਟਿਸ਼ ਕੋਲੰਬੀਆ ਵਿੱਚ ਸਿੱਖ ਵਿਦਿਆਰਥੀ ਉੱਪਰ ਨ.ਫਰਤੀ ਹਮਲਾ

### ਅਣਪਛਾਤੇ ਗੁੰਡਿਆਂ ਨੇ ਸਿੱਖ ਵਿਦਿਆਰਥੀ ਦੀ ਪੱਗ ਲਾਹ ਦਿੱਤੀ ਅਤੇ ਕੇਸਾਂ ਤੋਂ ਫੜ ਕੇ ਧੂਹਿਆ



ਟੋਰਾਂਟੋ/ਏ.ਟੀ.ਨਿਊਜ਼ :-ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਨ.ਫਰਤੀ ਹਮਲੇ ਦੌਰਾਨ ਕੁੱਝ ਅਣਪਛਾਤੇ ਵਿਅਕਤੀਆਂ ਨੇ 21 ਸਾਲਾ ਸਿੱਖ ਵਿਦਿਆਰਥੀ ਦੀ ਪੱਗ ਲਾਹ ਦਿੱਤੀ ਅਤੇ ਉਸ ਨੂੰ ਕੇਸਾਂ ਤੋਂ ਫੜ ਕੇ ਧੂਹਿਆ। ਸੀਟੀਵੀ ਨਿਊਜ਼ ਦੀ ਖ਼ਬਰ ਅਨੁਸਾਰ ਗਗਨਦੀਪ ਸਿੰਘ ’ਤੇ ਬੀਤੇ ਦਿਨੀਂ ਉਦੋਂ ਹਮਲਾ ਹੋਇਆ, ਜਦੋਂ ਉਹ ਘਰ ਮੁੜ ਰਿਹਾ ਸੀ। ਕੌਂਸਲਰ ਮੋਹਿਨੀ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਹਮਲੇ ਦੇ ਤੁਰੰਤ ਮਗਰੋਂ ਇਸ ਬਾਰੇ ਜਾਣਕਾਰੀ ਮਿਲੀ ਅਤੇ ਉਹ ਗਗਨਦੀਪ ਸਿੰਘ ਨੂੰ ਮਿਲਣ ਪੁੱਜੇ। ਉਨ੍ਹਾਂ ਦੱਸਿਆ ਕਿ ਗਗਨਦੀਪ ਸਿੰਘ ਦੀਆਂ ਅੱਖਾਂ ਸੁੱਜੀਆਂ ਹੋਈਆਂ ਸਨ ਅਤੇ ਉਹ ਕਾਫ਼ੀ ਤਕਲੀਫ਼ ਵਿੱਚ ਸੀ। ਕੌਂਸਲਰ ਨੇ ਦੱਸਿਆ ਕਿ ਗਗਨਦੀਪ ਸਿੰਘ ਰਾਤ ਕਰੀਬ ਸਾਢੇ 10 ਵਜੇ ਕਰਿਆਨੇ ਦੀ ਖਰੀਦਦਾਰੀ ਕਰਕੇ ਬੱਸ ਰਾਹੀਂ ਘਰ ਮੁੜ ਰਿਹਾ ਸੀ। ਇਸੇ ਦੌਰਾਨ 12-15 ਜਣਿਆਂ ਨੇ ਬੱਸ ਵਿੱਚ ਉਸ ’ਤੇ ਵਿਗ ਸੁੱਟੀ ਅਤੇ ਉਸ ਨੂੰ ਪ੍ਰੇਸ਼ਾਨ ਕਰਨ ਲੱਗੇ। ਗਗਨਦੀਪ ਸਿੰਘ ਵੱਲੋਂ ਪੁਲੀਸ ਨੂੰ ਸੂਚਿਤ ਕਰਨ ਦਾ ਡਰਾਵਾ ਦੇਣ ’ਤੇ ਵੀ ਉਹ ਉਸ ਨੂੰ ਪ੍ਰੇਸ਼ਾਨ ਕਰਦੇ ਰਹੇ। ਇਸ ਮਗਰੋਂ ਗਗਨਦੀਪ ਸਿੰਘ ਬੱਸ ਤੋਂ ਉੱਤਰ ਗਿਆ। ਹਮਲਾਵਰ ਵੀ ਬੱਸ ਤੋਂ ਉੱਤਰ ਗਏ ਅਤੇ ਬੱਸ ਦੇ ਜਾਂਦਿਆਂ ਹੀ ਉਸ ’ਤੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਉਸ ਦੀ ਕੁੱਟਮਾਰ ਕੀਤੀ ਅਤੇ ਪੱਗ ਲਾਹ ਦਿੱਤੀ ਅਤੇ ਉਸ ਨੂੰ ਵਾਲਾਂ ਤੋਂ ਧੂਹ ਕੇ ਸੜਕ ਕੰਢੇ ਪਈ ਗੰਦੀ ਬਰਫ਼ ’ਤੇ ਸੁੱਟ ਦਿੱਤਾ। ਹਮਲਾਵਰ ਨੌਜਵਾਨ ਦੀ ਪੱਗ ਆਪਣੇ ਨਾਲ ਲੈ ਗਏ। ਗਗਨਦੀਪ ਨੇ ਹੋਸ਼ ਵਿੱਚ ਆਉਣ ਮਗਰੋਂ ਆਪਣੇ ਇੱਕ ਦੋਸਤ ਨੂੰ ਫੋਨ ਕੀਤਾ। ਵਿਦਿਆਰਥੀ ਦੀਆਂ ਪਸਲੀਆਂ, ਮੂੰਹ, ਬਾਹਾਂ ਅਤੇ ਲੱਤਾਂ ’ਤੇ ਕਾਫ਼ੀ ਸੱਟਾਂ ਲੱਗੀਆਂ ਹਨ ਤੇ ਉਸ ਦਾ ਹਸਪਤਾਲ ਵਿੱਚ ਇਲਾਜ ਕੀਤਾ ਗਿਆ। -

**ਮਾਮਲੇ ਦੀ ਜਾਂਚ ਜਾਰੀ: ਪੁਲੀਸ**

ਕਲੋਨਾ ਰਾਇਲ ਕੈਨੇਡੀਅਨ ਮਾਊਂਟਿਡ ਪੁਲੀਸ ਨੇ ਇੱਕ ਬਿਆਨ ਵਿੱਚ ਮਾਮਲੇ ਦੀ ਜਾਂਚ ਕਰਨ ਦੀ ਪੁਸ਼ਟੀ ਕੀਤੀ ਹੈ। ਕਾਂਸਟੇਬਲ ਮਾਈਕ ਡੇਲਾ-ਪਾਓਲੇਰ ਨੇ ਕਿਹਾ ਕਿ ਕਲੋਨਾ ਆਰਸੀਐੱਮਪੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਸ਼ਹਿਰ ਵਿੱਚ ਹੋ ਰਹੇ ਇਸ ਤਰ੍ਹਾਂ ਦੇ ਹਮਲਿਆਂ ਸਬੰਧੀ ਫਿਕਰਮੰਦ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਪਹਿਲ ਦੇ ਆਧਾਰ ’ਤੇ ਜਾਂਚ ਕੀਤੀ ਜਾ ਰਹੀ ਹੈ। -

## ਅਮਰੀਕਨ ਸਿੱਖ ਕਾਕਸ ਕਮੇਟੀ ਨੇ ਅਮਰੀਕੀ ਪ੍ਰਤੀਨਿਧੀ ਸਭਾ ਦੇ ਮੈਂਬਰਾਂ ਨੂੰ ਭਾਰਤ ’ਚ ਸਿੱਖਾਂ ’ਤੇ ਹੋ ਰਹੇ ਜ਼ੁਲਮਾਂ ਸਬੰਧੀ ਮੰਗ ਪੱਤਰ ਸੌਂਪਿਆ

### ਜੌਨ ਗੈਰਾਮੇਂਡੀ ਤੇ ਡੇਵਿਡ ਜੀ. ਵਲਾਦਾਓ ਨੂੰ ਪੰਜਾਬ ਵਿੱਚ ਸਿੱਖ ਭਾਈਚਾਰੇ ਵਿਰੁੱਧ ਹੋ ਰਹੇ ਤਸ਼ੱਦਦ ਬਾਰੇ ਜਾਣੂੰ ਕਰਵਾਇਆ

ਵਾਸ਼ਿੰਗਟਨ/ਏ.ਟੀ.ਨਿਊਜ਼ :-ਅਮਰੀਕਨ ਸਿੱਖ ਕਾਕਸ ਕਮੇਟੀ ਬੋਰਡ ਆਫ਼ ਡਾਇਰੈਕਟਰਜ਼ ਦੇ ਚੇਅਰਮੈਨ ਪ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਵਾਸ਼ਿੰਗਟਨ, ਡੀਸੀ ਦੇ ਜੌਨ ਗੈਰਾਮੇਂਡੀ ਤੇ ਡੇਵਿਡ ਜੀ. ਵਲਾਦਾਓ ਨੂੰ ਲਿਖਤੀ ਰੂਪ ’ਚ ਮੰਗ ਪੱਤਰ ਦਿਤੇ ਗਏ। ਜਿਸ ਵਿੱਚ ਭਾਰਤ ਦੇ ਸੂਬਾ ਪੰਜਾਬ ’ਚ ਸਿੱਖ ਭਾਈਚਾਰੇ ਵਿਰੁੱਧ ਹੋ ਰਹੇ ਤਸ਼ੱਦਦ ਬਾਰੇ ਜਾਣੂੰ ਕਰਵਾਇਆ ਗਿਆ।

ਪੱਤਰ ਵਿੱਚ ਲਿਖਿਆ ਗਿਆ ਕਿ ਭਾਰਤ ’ਚ ਹੋ ਰਹੇ ਸਿੱਖ ਭਾਈਚਾਰੇ ਵਿਰੁੱਧ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਅਸੀਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ। ਹਾਲ ਹੀ ਵਿੱਚ, ਭਾਰਤ ਸਰਕਾਰ ਨੇ ਪੰਜਾਬ ਵਿੱਚ ਨੌਜਵਾਨ ਆਗੂ, ਭਾਈ ਅੰਮ੍ਰਿਤਪਾਲ ਸਿੰਘ ਨੂੰ ਮਨਘੜਤ ਦੋਸ਼ਾਂ ਵਿੱਚ ਗ੍ਰਿਫਤਾਰ ਕਰਨ ਲਈ ਇੱਕ ਵਿਸ਼ਾਲ ਸੁਰੱਖਿਆ ਕਾਰਵਾਈ ਸ਼ੁਰੂ ਕੀਤੀ ਹੈ।ਜਿਸ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਇਕ ਸਸਪੈਂਸ ਬਣੀ ਹੈ। ਭਾਰਤੀ ਮੀਡੀਆ ਦੀਆਂ ਸ਼ੁਰੂਆਤੀ ਰਿਪੋਰਟਾਂ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਬਾਰੇ ਜਾਣਕਾਰੀ ਦਿੱਤੀ ਗਈ ਸੀ। ਜਿਸ ਦੇ ਚਲਦੇ ਅੰਮ੍ਰਿਤਪਾਲ ਸਿੰਘ ਨੂੰ ਪੁਲਿਸ ਹਿਰਾਸਤ ’ਚ ਲੈ ਕੇ ਕਿਸੇ ਅਣਦੱਸੀ ਥਾਂ ’ਤੇ ਭੇਜ ਦਿੱਤਾ ਗਿਆ ਸੀ। ਬਾਅਦ ਵਿੱਚ ਪੰਜਾਬ ਪੁਲਿਸ ਨੇ ਦਾਅਵਾ ਕੀਤਾ ਕਿ ਉਹ ਭਗੌੜਾ ਹੈ, ਅਤੇ ਵੱਡੇ ਪੱਧਰ ’ਤੇ ਭਾਲ ਕੀਤੀ ਜਾ ਰਹੀ ਸੀ। ਸਿੱਖ ਭਾਈਚਾਰੇ ਵਿਚ ਇਹ ਡਰ ਪੈਦਾ ਹੋ ਗਿਆ ਹੈ ਕਿ ਹੁਣ ਪੰਜਾਬ ਦੇ ਸਿੱਖ ਨੌਜਵਾਨਾਂ ਨਾਲ ਕੁਝ ਗਲਤ ਨਾ ਹੋ ਜਾਵੇ।

ਇਸ ਤੋਂ ਇਲਾਵਾ ਸਿੱਖ ਬਹੁ-ਗਿਣਤੀ ਵਾਲੇ ਸੂਬੇ ਪੰਜਾਬ ਭਰ ਵਿੱਚ ਇੰਟਰਨੈੱਟ ਸੇਵਾਵਾਂ ਨੂੰ ਪੂਰੀ ਤਰ੍ਹਾਂ ਮੁਅੱਤਲ ਕਰ ਦਿੱਤਾ ਗਿਆ ਹੈ। ਕ੍ਰਿਮੀਨਲ ਪ੍ਰੋਸੀਜ਼ਰ ਕੋਡ ਦੀ ਧਾਰਾ 144 ਚਾਰ ਜਾਂ ਵੱਧ ਲੋਕਾਂ ਦੇ ਇਕੱਠੇ ਹੋਣ ’ਤੇ ਪਾਬੰਦੀ ਲਗਾ ਕੇ ਇਕੱਠ ਅਤੇ ਵਿਰੋਧ ਪ੍ਰਦਰਸ਼ਨ ਦੀ ਨਾਗਰਿਕ ਸੁਤੰਤਰਤਾ ਨੂੰ ਮੁਅੱਤਲ ਕਰਨ ਲਈ ਲਗਾਈ ਗਈ ਹੈ। ਸੂਬੇ ਅੰਦਰ ਯਾਤਰਾ ਪੂਰੀ ਤਰ੍ਹਾਂ ਠੱਪ ਹੋ ਗਈ ਹੈ।





ਅਸੀਂ ਤੁਹਾਨੂੰ ਤੁਰੰਤ ਕਾਰਵਾਈ ਕਰਨ, ਨਾਗਰਿਕ ਸੁਤੰਤਰਤਾਵਾਂ ਨੂੰ ਮੁਅੱਤਲ ਕਰਨ ਅਤੇ ਮੌਜੂਦਾ ਸਮੇਂ ਵਿੱਚ ਪੰਜਾਬ ਵਿੱਚ ਆਏ ਸਿੱਖ ਅਮਰੀਕਨਾਂ ਦੀ ਸੁਰੱਖਿਆ ਬਾਰੇ ਸਟੇਟ ਵਿਭਾਗ ਅਤੇ ਹੋਰ ਸਬੰਧਤ ਸਟੇਕਹੋਲਡਰਾਂ ਦੇ ਧਿਆਨ ਵਿੱਚ ਇਸ ਮੁੱਦੇ ਨੂੰ ਲਿਆਉਣ ਲਈ ਬੇਨਤੀ ਕਰਦੇ ਹਾਂ। ਦੱਸਣਯੋਗ ਹੈ ਕਿ ਅਮਰੀਕਨ ਸਿੱਖ ਕਾਕਸ ਕਮੇਟੀ ਦੀ ਇਹ ਪਹਿਲ ਕਦਮੀ ਸਿੱਖ ਭਾਇਚਾਰੇ ਵਿੱਚ ਸ਼ਲਾਘਾਯੋਗ ਕਦਮ ਮੰਨਿਆ ਜਾ ਰਿਹਾ ਹੈ।

## ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੂੰ ਪੰਜਾਬ ਪੁਲਿਸ ਨੇ ਹਿਰਾਸਤ ਵਿੱਚ ਲਿਆ



ਚੰਡੀਗੜ੍ਹ/ਏ.ਟੀ.ਨਿਊਜ਼ :- ਭਾਰਤੀ ਪੁਲਿਸ ਵਲੋਂ ਗ੍ਰਿਫਤਾਰ ਕੀਤੇ ਸਿੱਖ ਨੌਜਵਾਨਾਂ ਦੀ ਸੂਚੀ ਜਾਰੀ ਕਰਨ, ਉਹਨਾ ਦੀ ਕਾਨੂੰਨੀ ਪੈਰਵੀ ਕਰਨ ਅਤੇ ਇਸ ਸੱਭ ਬਾਰੇ ਪਰਿਵਾਰਾਂ ਨੂੰ ਜਾਣਕਾਰੀ ਦੇਣ ਵਾਲੇ ਵਕੀਲ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੂੰ ਅੱਜ ਲੁਧਿਆਣਾ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਅੱਜ ਸ਼ਾਮ ਲੁਧਿਆਣਾ ਪੁਲਿਸ ਦੀ ਇਕ ਟੁਕੜੀ ਉਹਨਾ ਦੇ ਘਰ ਗਈ ਅਤੇ ਉਹਨਾ ਨੂੰ ਆਪਣੇ ਨਾਲ ਲੈ ਗਈ। ਇਸ ਸਮੇਂ ਐਡਵੋਕੇਟ ਮੰਝਪੁਰ ਸਦਰ ਲੁਧਿਆਣਾ ਪੁਲਿਸ ਦੀ ਹਿਰਾਸਤ ਵਿਚ ਹਨ। ਐਡਵੋਕੇਟ ਜਸਪਾਲ ਸਿੰਘ ਮੰਝਪੁਰ ਦੇ ਸੋਸ਼ਲ ਮੀਡੀਆ ਟਵਿੱਟਰ ਖਾਤਾ ਵੀ ਭਾਰਤ ਵਿਚ ਬੰਦ ਕਰ ਦਿਤਾ ਹੈ।

# ਅੰਮ੍ਰਿਤਪਾਲ ਸਿੰਘ ਦੇ ਘਰ ਪੁੱਜੀ ਦਿੱਲੀ ਦੀ 5 ਮੈਂਬਰੀ ਟੀਮ, ਪਿਤਾ ਨਾਲ ਕੀਤੀ ਬੰਦ ਕਮਰਾ ਮੀਟਿੰਗ



ਬਾਬਾ ਬਕਾਲਾ ਸਾਹਿਬ/ ਏ.ਟੀ.ਨਿਊਜ਼ :- 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਜੋ ਕਿ ਬੀਤੇ 5 ਦਿਨਾਂ ਤੋਂ ਫਰਾਰ ਦੱਸੇ ਜਾਂਦੇ ਹਨ ਅਤੇ ਪੰਜਾਬ ਪੁਲਿਸ ਦੀਆਂ ਸਮੁੱਚੀਆਂ ਟੀਮਾਂ ਉਨ੍ਹਾਂ ਦੀ ਤਲਾਸ਼ ਵਿੱਚ ਹਨ, ਦੇ ਚੱਲਦਿਆਂ ਅੰਮ੍ਰਿਤਪਾਲ ਦਾ ਮਾਮਲਾ ਕੇਂਦਰੀ ਏਜੰਸੀ ਐੱਨ.ਆਈ.ਏ. ਵੱਲੋਂ ਆਪਣੇ ਹੱਥਾਂ 'ਚ ਲੈ ਲੈਣ ਪਿੱਛੋਂ ਐੱਨ.ਆਈ.ਏ. ਦੀਆਂ 8 ਟੀਮਾਂ ਵੱਖ-ਵੱਖ ਜ਼ਿਲ੍ਹਿਆਂ ਲਈ ਰਵਾਨਾ ਹੋਈਆਂ। ਐੱਨ.ਆਈ.ਏ. ਦੀ ਇਕ ਟੀਮ ਦੇ ਅੰਮ੍ਰਿਤਪਾਲ ਸਿੰਘ ਦੇ ਜੱਦੀ ਪਿੰਡ ਜੱਲੂਪੁਰ ਖੈੜਾ ਵਿਖੇ ਪੁੱਜਣ ਦੀ ਉਮੀਦ ਨੂੰ ਲੈ ਕੇ ਸਥਾਨਕ ਪੁਲਿਸ ਪ੍ਰਸ਼ਾਸਨ ਅਤੇ ਭਾਰੀ ਤਦਾਦ 'ਚ ਮੀਡੀਆ ਅੰਮ੍ਰਿਤਪਾਲ ਸਿੰਘ ਦੇ ਗ੍ਰਹਿ ਵਿਖੇ ਬੀਤੇ ਕੱਲ੍ਹ ਤੋਂ ਜੁੜਿਆ ਹੋਇਆ ਹੈ। ਇਸੇ ਦੌਰਾਨ ਅੱਜ ਦਿੱਲੀ ਦੀ 5 ਮੈਂਬਰੀ ਕਮੇਟੀ ਭਾਈ ਅੰਮ੍ਰਿਤਪਾਲ ਸਿੰਘ ਦੇ ਘਰ ਪੁੱਜੀ। ਇਸ ਟੀਮ ਵਿੱਚ ਕੁਝ ਵਕੀਲ ਮੈਂਬਰ ਵੀ ਦੱਸੇ ਜਾਂਦੇ ਹਨ ਪਰ ਇਸ ਟੀਮ ਨੇ ਮੀਡੀਆ ਦੇ ਰੂਬਰੂ ਹੋਣਾ ਮੁਨਾਸਿਬ ਨਹੀਂ ਸਮਝਿਆ।

ਇਸ ਤੋਂ ਪਹਿਲਾਂ ਉਕਤ ਟੀਮ ਵੱਲੋਂ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨਾਲ ਕਾਫੀ ਲੰਬਾ ਸਮਾਂ ਬੰਦ ਕਮਰਾ ਮੀਟਿੰਗ ਕੀਤੀ ਗਈ, ਉਪਰੰਤ ਪਰਿਵਾਰ ਨਾਲ ਵੀ ਮੁਲਾਕਾਤ ਕੀਤੀ ਗਈ। ਇੱਥੇ ਇਹ ਵੀ ਖਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਸੀ ਕਿ ਉਹ ਸਕਦਾ ਹੈ ਕਿ ਉਕਤ ਟੀਮ ਆਪਣੇ ਦੂਸਰੇ ਭੇਸ 'ਚ ਐੱਨ.ਆਈ.ਏ. ਦੇ ਹੀ ਮੈਂਬਰ ਹੋਣ ਪਰ ਇਸ ਸਬੰਧੀ ਕੋਈ ਵੀ ਸਥਿਤੀ ਸਪੱਸ਼ਟ ਨਹੀਂ ਹੋ ਸਕੀ, ਭਾਵੇਂਕਿ ਪੰਜਾਬ ਪੁਲਿਸ ਵੱਲੋਂ ਅੰਮ੍ਰਿਤਪਾਲ ਸਿੰਘ ਦੇ ਘਰ ਦੇ ਬਾਹਰ ਅਤੇ ਉਨ੍ਹਾਂ ਦੇ ਪਿੰਡ ਨੂੰ ਜਾਣ ਵਾਲੇ ਸਾਰੇ ਰਸਤਿਆਂ 'ਤੇ ਪੁਲਿਸ ਨਾਕੇ ਲਗਾਏ ਹੋਏ ਸਨ ਪਰ ਹੁਣ ਇਸ ਨਫਰੀ ਨੂੰ ਬਿਨਾਂ ਕਿਸੇ ਸ਼ਰਤ ਦੇ ਹਟਾ ਲਿਆ ਗਿਆ ਹੈ।

ਪਤਨੀ ਕਿਰਨ ਤੋਂ ਵੀ ਕੀਤੀ ਪੁੱਛਗਿੱਛ : ਅੰਮ੍ਰਿਤਪਾਲ ਸਿੰਘ ਦੇ ਘਰ ਅੱਜ ਪੁੱਜੀ 5 ਮੈਂਬਰੀ ਕਮੇਟੀ ਵੱਲੋਂ ਉਨ੍ਹਾਂ ਦੀ ਪਤਨੀ ਕਿਰਨਦੀਪ ਕੌਰ ਨਾਲ ਵੀ ਵਿਸ਼ੇਸ਼ ਮੁਲਾਕਾਤ ਕਰਕੇ ਅੰਮ੍ਰਿਤਪਾਲ ਸਿੰਘ ਦੇ ਕਿਧਰੇ ਹੋਣ ਦੀ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿਉਂਕਿ ਸਰਕਾਰ ਦਾ ਇਹ ਵੀ ਖਦਸ਼ਾ ਹੈ ਕਿ ਅੰਮ੍ਰਿਤਪਾਲ ਦੀ ਪਤਨੀ ਇਕ ਐੱਨ.ਆਰ.ਆਈ. ਹੈ, ਜਿਸ ਕਾਰਨ ਅੰਮ੍ਰਿਤਪਾਲ ਦੇ ਤਾਰ ਵਿਦੇਸ਼ ਵਿੱਚ ਵੀ ਜੁੜੇ ਹੋਏ ਹਨ ਅਤੇ ਹੋਰ ਕਈ ਤਰ੍ਹਾਂ ਦੇ ਇੰਕਸ਼ਾਫ ਹੋ ਸਕਦੇ ਹਨ। ਇੱਥੇ ਇਹ ਵੀ ਵਰਣਨਯੋਗ ਹੈ ਕਿ ਹੁਣ ਤੱਕ ਕਿਰਨਦੀਪ ਕੌਰ ਇਕ ਵਾਰ ਵੀ ਮੀਡੀਆ ਦੇ ਰੂਬਰੂ ਨਹੀਂ ਹੋ ਸਕੀ। ਅੰਮ੍ਰਿਤਪਾਲ ਦੇ ਪਰਿਵਾਰਕ ਮੈਂਬਰ ਅਜੇ ਵੀ ਆਪਣੇ ਪੁੱਤਰ ਸਬੰਧੀ ਚਿੰਤਤ ਹਨ, ਜਦਕਿ ਅੰਮ੍ਰਿਤਪਾਲ ਦੀ ਮਾਤਾ ਬਲਵਿੰਦਰ ਕੌਰ ਨੇ ਸਮੁੱਚੇ ਸਿੱਖ ਪੰਥ, ਸੰਪਰਦਾਵਾਂ ਅਤੇ ਪੰਜਾਬੀ ਭਾਈਚਾਰੇ ਨੂੰ ਇਸ ਔਖੀ ਘੜੀ ਸਮੇਂ ਇਕਮੁੱਠ ਹੋ ਕੇ ਉਨ੍ਹਾਂ ਦਾ ਸਾਥ ਦੇਣ ਦੀ ਮੰਗ ਕੀਤੀ ਗਈ ਹੈ।

## ਅੰਮ੍ਰਿਤਪਾਲ ਦੀ ਭਾਲ 'ਚ ਪੁਲਿਸ ਦਾ ਆਪਰੇਸ਼ਨ ਜਾਰੀ, ਬਰਾਮਦ ਹੋਇਆ ਮੋਟਰਸਾਈਕਲ

ਜਲੰਧਰ/ਏ.ਟੀ.ਨਿਊਜ਼ :- ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਭਾਲ ਵਿਚ ਪੰਜਾਬ ਪੁਲਿਸ ਦਾ ਆਪਰੇਸ਼ਨ ਪੰਜਵੇਂ ਦਿਨ ਵੀ ਜਾਰੀ ਹੈ। ਇਸ ਆਪਰੇਸ਼ਨ ਦੌਰਾਨ ਪੁਲਿਸ ਨੇ ਉਹ ਮੋਟਰਸਾਈਕਲ ਵੀ ਬਰਾਮਦ ਕਰ ਲਿਆ ਹੈ, ਜਿਸ 'ਤੇ ਸਵਾਰ ਹੋ ਕੇ ਅੰਮ੍ਰਿਤਪਾਲ ਫਰਾਰ ਹੋਇਆ ਸੀ। ਇਹ ਮੋਟਰਸਾਈਕਲ ਜਲੰਧਰ ਤੋਂ ਲਗਭਗ 45 ਕਿਲੋਮੀਟਰ ਦੂਰ ਦਾਰਾਪੁਰ ਇਲਾਕੇ ਵਿਚ ਲਾਵਾਰਿਸ ਹਾਲਤ ਵਿਚ ਬਰਾਮਦ ਹੋਇਆ ਹੈ। ਜਿਸ ਨੂੰ ਕਬਜ਼ੇ ਵਿਚ ਲੈ ਕੇ ਪੁਲਿਸ ਨੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ। ਉਧਰ ਪੁਲਿਸ ਦੁਪਹਿਰ ਲਗਭਗ 12 ਵਜੇ ਅੰਮ੍ਰਿਤਪਾਲ ਦੇ ਪਿੰਡ ਪਿੰਡ ਜੱਲੂਪੁਰ ਖੇੜਾ ਪਹੁੰਚੀ ਅਤੇ ਅੰਮ੍ਰਿਤਪਾਲ ਦੀ ਮਾਂ ਤੋਂ ਲਗਭਗ ਇਕ ਘੰਟਾ ਪੁੱਛਗਿੱਛ ਕੀਤੀ ਗਈ। ਇਸ ਤੋਂ ਪਹਿਲਾਂ ਅੰਮ੍ਰਿਤਪਾਲ ਸਿੰਘ ਬ੍ਰੀਜ਼ਾ ਕਾਰ ਵਿਚ ਫਰਾਰ ਹੋਇਆ ਸੀ। ਜਿਸ ਬ੍ਰੀਜ਼ਾ ਕਾਰ ਵਿਚ ਅੰਮ੍ਰਿਤਪਾਲ ਫਰਾਰ ਹੋਇਆ ਸੀ ਉਸ ਨੂੰ ਵੀ ਪੁਲਿਸ ਨੇ ਬਰਾਮਦ ਕਰ ਲਿਆ ਹੈ। ਆਈ.ਜੀ.ਸੁਖਚੈਨ ਸਿੰਘ ਮੁਤਾਬਕ ਪੁਲਿਸ ਨੇ ਅੰਮ੍ਰਿਤਪਾਲ ਦੀ ਭੱਜਣ ਵਿਚ ਮਦਦ ਕਰਨ ਵਾਲੇ ਮਨਪ੍ਰੀਤ ਸਿੰਘ ਮੰਨਾ, ਗੁਰਦੀਪ ਸਿੰਘ ਦੀਪਾ, ਹਰਪ੍ਰੀਤ ਸਿੰਘ ਹੈਪੀ ਅਤੇ ਗੁਰਭੇਜ ਸਿੰਘ ਭੇਜਾ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਇਨ੍ਹਾਂ ਚਾਰਾਂ ਨੇ ਉਸ ਦੀ ਫਰਾਰੀ ਵਿਚ ਅਹਿਮ ਭੂਮਿਕਾ ਨਿਭਾਈ ਸੀ। ਪੁਲਿਸ ਨੇ ਮੁਲਜ਼ਮ ਮਨਪ੍ਰੀਤ ਮੰਨਾ ਤੋਂ ਬ੍ਰੀਜ਼ਾ ਕਾਰ ਬਰਾਮਦ ਕੀਤੀ ਹੈ। ਆਈ.ਜੀ. ਨੇ ਕਿਹਾ ਕਿ ਜਾਂਚ ਵਿਚ ਇਕ ਅਹਿਮ ਗੱਲ ਇਹ ਸਾਹਮਣੇ ਆਈ ਹੈ ਕਿ ਇਸ ਸਾਰੇ ਘਟਨਾਕ੍ਰਮ ਦੌਰਾਨ ਅੰਮ੍ਰਿਤਪਾਲ ਨੰਗਲ ਅੰਬੀਆਂ ਪਿੰਡ ਪਹੁੰਚਿਆ ਜਿੱਥੋਂ ਦੇ ਗੁਰਦੁਆਰਾ ਸਾਹਿਬ ਵਿਚ ਉਸ ਨੇ ਪਹਿਲਾਂ ਕੱਪੜੇ ਬਦਲੇ। ਉਥੇ ਅੰਮ੍ਰਿਤਪਾਲ ਨੇ ਆਪਣਾ ਭੇਸ ਬਦਲਦਿਆਂ ਪੈਂਟ-ਸ਼ਰਟ ਪਾਈ ਅਤੇ ਤਲਵਾਰ ਵੀ ਉਥੇ ਹੀ ਛੱਡ ਦਿੱਤੀ। ਜਿੱਥੋਂ ਉਸ ਦੀ ਮਦਦ ਤਿੰਨ ਹੋਰ ਵਿਅਕਤੀਆਂ ਨੇ ਕੀਤੀ ਅਤੇ ਇਹ ਚਾਰ ਜਣੇ ਦੋ ਮੋਟਰਸਾਈਕਲਾਂ 'ਤੇ ਬੈਠ ਕੇ ਫਰਾਰ ਹੋ ਗਏ।

*ਆਈ.ਐਨ.ਸੀ.ਬੀ. ਦੀ ਰਿਪੋਰਟ ਵਿੱਚ ਹੋਇਆ ਖ਼ੁਲਾਸਾ*

## ਪੰਜ ਸਾਲ ਵਿੱਚ ਭਾਰਤ ਵਿੱਚ ਡਰੱਗ ਦੀ ਜ਼ਬਤੀ ਵਿੱਚ ਹੋਇਆ ਵਾਧਾ

### ਨਸ਼ਿਆਂ ਦੀ ਸਪਲਾਈ ਲਈ ਸਮੁੰਦਰੀ ਮਾਰਗ ਦਾ ਹੁੰਦੈ ਇਸਤੇਮਾਲ



ਸੰਯੁਕਤ ਰਾਸ਼ਟਰ/ ਏ.ਟੀ.ਨਿਊਜ਼ :-ਪਿਛਲੇ ਪੰਜ ਸਾਲ ਵਿੱਚ ਭਾਰਤ ਵਿੱਚ ਨਸ਼ੀਲੇ ਪਦਾਰਥਾਂ ਦੀ ਜ਼ਬਤੀ ਵਿੱਚ ਜ਼ਬਰਦਸਤ ਵਾਧਾ ਹੋਇਆ ਹੈ। ਸੰਯੁਕਤ ਰਾਸ਼ਟਰ ਨਾਰਕੋਟਿਕਸ ਵਾਚਡਾਗ ਮੁਤਾਬਕ, ਡਾਰਕਨੈੱਟ ਅਤੇ ਸਮੁੰਦਰੀ ਮਾਰਗ ਤਸਕਰਾਂ ਦੀ ਪਸੰਦ ਬਣ ਚੁੱਕੇ ਹਨ। ਇੱਥੇ ਸੌਖਿਆਂ ਤਸਕਰ ਨਸ਼ੀਲੇ ਪਦਾਰਥ ਸਪਲਾਈ ਕਰਦੇ ਹਨ। ਇੰਟਰਨੈਸ਼ਨਲ ਨਾਰਕੋਟਿਕਸ ਕੰਟਰੋਲ ਬੋਰਡ (ਆਈਐੱਨਸੀਬੀ) ਨੇ ਆਪਣੀ ਸਾਲਾਨਾ ਰਿਪੋਰਟ ਜਾਰੀ ਕੀਤੀ। ਇਸ ਵਿੱਚ ਵੱਡੀ ਮਾਤਰਾ ਵਿੱਚ ਨਸ਼ੀਲੀਆਂ ਦਵਾਈਆਂ ਦੇ ਨਾਜਾਇਜ਼ ਨਿਰਮਾਣ ਨਾਲ ਨਜਿੱਠਣ ਲਈ ਭਾਰਤ ਵੱਲੋਂ ਸਖ਼ਤ ਨਿਯਮਾਂ ਦਾ ਵੀ ਜ਼ਿਕਰ ਕੀਤਾ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਵਿੱਚ ਜ਼ਿਕਰਯੋਗ ਵਾਧਾ ਹੋਇਆ ਹੈ। 2017 ਵਿੱਚ ਜਿੱਥੇ 2,146 ਕਿਲੋ ਨਸ਼ੀਲੇ ਪਦਾਰਥ ਬਰਾਮਦ ਹੋਏ ਸਨ ਉੱਥੇ 2021 ਵਿੱਚ 7,282 ਕਿਲੋ ਪਦਾਰਥ ਜ਼ਬਤ ਕੀਤੇ ਗਏ। ਅਫੀਮ ਦੀ ਜ਼ਬਤੀ ਵਿੱਚ ਵੀ 70 ਫ਼ੀਸਦੀ ਤੋਂ ਵੱਧ ਦਾ ਵਾਧਾ ਹੋਇਆ ਹੈ। 2017 ਵਿੱਚ 2,551 ਕਿਲੋਗ੍ਰਾਮ ਜ਼ਬਤ ਕੀਤੀ ਗਈ ਸੀ, ਜੋ 2021 ਵਿੱਚ ਵੱਧ ਕੇ 4,386 ਕਿਲੋ ਹੋ ਗਈ। ਭੰਗ ਦੀ ਬਰਾਮਦਗੀ ਵਿੱਚ 90 ਫ਼ੀਸਦੀ ਤੋਂ ਵੱਧ ਦਾ ਵਾਧਾ ਦਰਜ ਕੀਤਾ ਗਿਆ। 2017 ਵਿੱਚ 3,52,539 ਕਿਲੋ ਭੰਗ ਜ਼ਬਤ ਕੀਤੀ ਗਈ ਸੀ ਜੋ 2021 ਵਿੱਚ ਵੱਧ ਕੇ 6,75,631 ਹੋ ਗਈ ਹੈ। 2021 ਵਿੱਚ ਕੋਕੀਨ ਦੀ ਬਰਾਮਦਗੀ 364 ਕਿਲੋ ਸੀ। ਪਿਛਲੇ ਤਿੰਨ ਸਾਲਾਂ ਵਿੱਚ ਇਸ ਤਰ੍ਹਾਂ ਦੀ ਬਰਾਮਦਗੀ ਦੀ ਔਸਤ ਲਗਪਗ 40 ਕਿਲੋਗ੍ਰਾਮ ਸੀ। 2021 ਵਿੱਚ ਇਕ ਕੰਟੇਨਰ

(ਬਾਕੀ ਸਫ਼ਾ 30 'ਤੇ)

## ਗਰਮੀ ਕਾਰਨ ਆਸਟ੍ਰੇਲੀਆ 'ਚ ਲੱਖਾਂ ਮੱਛੀਆਂ ਦੀ ਮੌਤ

ਕੈਨਬਰਾ/ਏ.ਟੀ.ਨਿਊਜ਼ :- ਦੱਖਣ-ਪੂਰਬੀ ਆਸਟ੍ਰੇਲੀਆ ਤੋਂ ਲੱਖਾਂ ਮੱਛੀਆਂ ਦੀ ਮੌਤ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ। ਇਹਨਾਂ ਮੱਛੀਆਂ ਦੀਆਂ ਲਾਸ਼ਾਂ ਪਾਣੀ 'ਤੇ ਰੁੜ੍ਹਦੀਆਂ ਵੇਖੀਆਂ ਜਾ ਸਕਦੀਆਂ ਹਨ। ਅਧਿਕਾਰੀਆਂ ਅਤੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਅਜਿਹਾ ਹੜ੍ਹ ਅਤੇ ਗਰਮ ਮੌਸਮ ਕਾਰਨ ਹੋਇਆ। ਨਿਊ ਸਾਊਥ ਵੇਲਜ਼ ਰਾਜ ਦੇ ਪ੍ਰਾਇਮਰੀ ਉਦਯੋਗ ਵਿਭਾਗ ਨੇ ਕਿਹਾ ਕਿ ਮੱਛੀਆਂ ਦੀ ਮੌਤ ਗਰਮੀ ਦੀ ਲਹਿਰ ਨਾਲ ਹੋਈ। ਵਿਭਾਗ ਨੇ ਕਿਹਾ ਕਿ ਮੌਤਾਂ ਸੰਭਾਵਿਤ ਤੌਰ 'ਤੇ ਆਕਸੀਜਨ ਦੇ ਘੱਟ ਪੱਧਰ ਕਾਰਨ ਹੋਈਆਂ। ਮੇਨਿੰਡੀ ਦੇ ਆਊਟ ਬੈਕ ਕਸਬੇ ਦੇ ਨਿਵਾਸੀਆਂ ਨੇ ਮਰੀਆਂ ਹੋਈ ਮੱਛੀਆਂ ਤੋਂ ਭਿਆਨਕ ਬਦਬੂ ਆਉਣ ਦੀ ਸ਼ਿਕਾਇਤ ਕੀਤੀ। ਇੱਕ ਸਥਾਨਕ ਜਾਨ ਡੇਨਿੰਗ ਨੇ ਕਿਹਾ ਕਿ ਉਹਨਾਂ ਨੇ ਸਫ਼ਾਈ ਕਰਨੀ ਸ਼ੁਰੂ ਕਰ ਦਿੱਤੀ ਹੈ। ਮਰੀਆਂ ਹੋਈਆਂ ਮੱਛੀਆਂ ਨੂੰ ਦੇਖਣਾ ਭਿਆਨਕ ਹੈ ਅਤੇ ਇਹਨਾਂ ਵਿਚੋਂ ਬਦਬੂ ਆ ਰਹੀ ਹੈ। ਫੋਟੋਗ੍ਰਾਫਰ ਜਿਓਫ ਲੂਨੀ ਨੇ ਕਿਹਾ ਕਿ ਬਦਬੂ ਬਹੁਤ ਭਿਆਨਕ ਸੀ। ਉਸ ਨੂੰ ਮਾਸਕ ਪਾਉਣਾ ਪਿਆ। ਲੂਨੀ ਆਪਣੀ ਸਿਹਤ ਨੂੰ ਲੈ ਕੇ ਚਿੰਤਤ ਸੀ। ਮੇਨਿੰਡੀ ਦੇ ਉੱਤਰ ਵਾਲੇ ਲੋਕਾਂ ਨੇ ਦੱਸਿਆ ਕਿ ਹਰ ਪਾਸੇ ਨਦੀ ਦੇ ਹੇਠਾਂ ਕੋਡ ਅਤੇ ਪਰਚ ਤੈਰ ਰਹੇ ਹਨ। ਹਾਲ ਹੀ ਦੇ ਹਫ਼ਤਿਆਂ ਵਿੱਚ ਡਾਰਲਿੰਗ-ਬਾਕਾ ਨਦੀ 'ਤੇ ਵੱਡੇ ਪੱਧਰ 'ਤੇ ਮੱਛੀਆਂ ਦੀਆਂ ਮੌਤਾਂ ਦੀ ਰਿਪੋਰਟ ਕੀਤੀ ਗਈ। ਫਰਵਰੀ ਦੇ ਅਖੀਰ ਵਿੱਚ ਉਸੇ ਥਾਂ 'ਤੇ ਹਜ਼ਾਰਾਂ ਮੱਛੀਆਂ ਪਾਈਆਂ ਗਈਆਂ ਸਨ, ਜਦੋਂ ਕਿ ਦੱਖਣੀ ਆਸਟ੍ਰੇਲੀਆ ਦੀਆਂ ਸਰਹੱਦਾਂ ਨੇੜੇ, ਪੁਨਕੇਰੀ ਦੇ ਹੇਠਾਂ ਮਰੀਆਂ ਮੱਛੀਆਂ ਦੀਆਂ ਕਈ ਰਿਪੋਰਟਾਂ ਹਨ। 2018 ਦੇ ਅਖੀਰ ਅਤੇ 2019 ਦੇ ਸ਼ੁਰੂ ਵਿੱਚ ਗੰਭੀਰ ਸੋਕੇ ਦੀਆਂ ਸਥਿਤੀਆਂ ਦੌਰਾਨ ਮੇਨਿਡੀ ਵਿਖੇ ਦਰਿਆ 'ਤੇ ਬਹੁਤ ਜ਼ਿਆਦਾ ਮੱਛੀਆਂ ਦੀ ਮੌਤ ਹੋਈ। ਸਥਾਨਕ ਲੋਕਾਂ ਨੇ ਲੱਖਾਂ ਮੌਤਾਂ ਦਾ ਅਨੁਮਾਨ ਲਗਾਇਆ।

## ਦਿਮਾਗੀ ਬੁਖਾਰ ਦੀ ਵੈਕਸੀਨ ਜਾਂਚ ਦੌਰਾਨ ਸੁਰੱਖਿਆ ਮਾਪਦੰਡਾਂ ਵਿੱਚ ਖਰੀ ਨਹੀਂ ਉੱਤਰੀ

ਸੋਲਨ/ਏ.ਟੀ.ਨਿਊਜ਼ :-ਦਿਮਾਗੀ ਬੁਖਾਰ ਤੇ ਹੋਰ ਬੈਕਟੀਰੀਅਲ ਇਨਫੈਕਸ਼ਨ ਲਈ ਵਰਤੀ ਜਾਣ ਵਾਲੀ ਮੇਨਿੰਗੋਕੋਕਲ ਵੈਕਸੀਨ ਦਾ ਸੈਂਪਲ ਕੇਂਦਰੀ ਡਰੱਗ ਲੈਬਾਰਟਰੀ (ਸੀਡੀਐੱਲ) ਵਿੱਚ ਜਾਂਚ ਦੌਰਾਨ ਸੁਰੱਖਿਆ ਮਾਪਦੰਡਾਂ ਵਿੱਚ ਖਰਾ ਨਹੀਂ ਉੱਤਰਿਆ। ਕੰਪਨੀ ਹੁਣ ਇਸ ਬੈਚ ਨੂੰ ਬਾਜ਼ਾਰ ਵਿੱਚ ਨਹੀਂ ਉਤਾਰ ਸਕੇਗੀ। ਸੀਡੀਐੱਲ ਕਸੌਲੀ ਦੇ ਡਾਇਰੈਕਟਰ ਸੁਸ਼ੀਲ ਸਾਹੂ ਨੇ ਸੈਂਪਲ ਫੇਲ ਹੋਣ ਦੀ ਪੁਸ਼ਟੀ ਕੀਤੀ ਹੈ।

ਸੀਡੀਐੱਲ ਕਸੌਲੀ ਦੇਸ਼ ਦੀ ਇੱਕੋ-ਇਕ ਲੈਬ ਹੈ ਜਿਸ ਵਿੱਚ ਦੇਸ਼ ਵਿੱਚ ਬਣਨ ਵਾਲੀ ਵੈਕਸੀਨ ਨੂੰ ਜਾਂਚਿਆ-ਪਰਖਿਆ ਜਾਂਦਾ ਹੈ।

## ਅਮਰੀਕਾ ਵਿੱਚ ਬਾਸਕਟਬਾਲ ਮੈਚ ਵੇਖਣ ਗਏ ਇੱਕ ਅੰਮ੍ਰਿਤਧਾਰੀ ਸਿੱਖ ਨੇ ਲਾਇਆ ਭੇਦਭਾਵ ਦਾ ਦੋਸ਼

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਇਕ ਅੰਮ੍ਰਿਤਧਾਰੀ ਸਿੱਖ ਨੇ ਦੋਸ਼ ਲਾਇਆ ਹੈ ਕਿ ਉਸ ਨਾਲ ਭੇਦਭਾਵ ਕੀਤਾ ਗਿਆ ਹੈ ਤੇ ਕ੍ਰਿਪਾਨ ਪਹਿਣੀ ਹੋਣ ਕਾਰਨ ਬਾਸਕਟਬਾਲ ਮੈਚ ਵੇਖਣ ਲਈ ਉਸਨੂੰ ਸਟੇਡੀਅਮ ਦੇ ਅੰਦਰ ਨਹੀਂ ਜਾਣ ਦਿੱਤਾ ਗਿਆ। ਮਨਦੀਪ ਸਿੰਘ ਨੇ ਇਕ ਟਵੀਟ ਵਿੱਚ ਕਿਹਾ ਹੈ ਕਿ ਉਹ ਇਥੇ ਇਕ ਬਾਸਕਟਬਾਲ ਮੈਚ, ਜਿਸ ਵਿੱਚ ਐਮ ਬੀ ਏ ਟੀਮ ਸੈਕਰਾਮੈਂਟੋ ਕਿੰਗਜ਼ ਵੀ ਹਿੱਸਾ ਲੈ ਰਹੀ ਸੀ, ਵੇਖਣ ਗਿਆ ਸੀ ਪਰੰਤੂ ਉਸ ਨੂੰ ਅੰਦਰ ਨਹੀਂ ਜਾਣ ਦਿੱਤਾ। ਉਸਨੇ ਟਵੀਟ ਵਿੱਚ ਕਿਹਾ ਕਿ ਹਾਲਾਂਕਿ ਉਸ ਨੂੰ ਇਕ ਈ ਮੇਲ ਰਾਹੀਂ ਸੈਕਰਾਮੈਂਟੋ ਕਿੰਗਜ਼ ਨੇ ਮੈਚ ਵੇਖਣ ਦਾ ਸੱਦਾ ਦਿੱਤਾ ਸੀ ਪਰੰਤੂ ਫਿਰ ਵੀ ਉਸ ਨਾਲ ਅਜਿਹਾ ਸਲੂਕ ਕੀਤਾ ਗਿਆ। ਮਨਦੀਪ ਨੇ ਕਿਹਾ ਕਿ ਉਸਨੇ ਉਥੇ ਮੌਜੂਦ ਅਧਿਕਾਰੀਆਂ ਨੂੰ ਆਪਣੇ ਅੰਮ੍ਰਿਤਧਾਰੀ ਹੋਣ ਬਾਰੇ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਇਸਦਾ ਕੋਈ ਅਸਰ ਨਹੀਂ ਹੋਇਆ ਤੇ ਉਸਨੂੰ ਬਿਨਾਂ ਮੈਚ ਵੇਖੇ ਵਾਪਿਸ ਆਉਣ ਲਈ ਮਜਬੂਰ ਹੋਣਾ ਪਿਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Proof Editor: Prabhjot Kaur Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਪੰਜਾਬ ਦੇ ਹਜ਼ਾਰਾਂ ਲੋਕ ਕਾਲੇ ਪੀਲੀਏ ਤੋਂ ਪੀੜ੍ਹਤ

## ਪੰਜਾਬ ਦੀਆਂ ਜੇਲ੍ਹਾਂ ਅੰਦਰ ਲਗਭਗ 27 ਫ਼ੀਸਦੀ ਕੈਦੀ ਬਿਮਾਰੀ ਦਾ ਸ਼ਿਕਾਰ

### ਸਿਹਤ ਵਿਭਾਗ ਦੇ 60 ਇਲਾਜ ਕੇਂਦਰਾਂ 'ਚ ਜੁਲਾਈ 2022 ਤੱਕ 85 ਹਜ਼ਾਰ ਪੀੜਤਾਂ ਦਾ ਮੁਫ਼ਤ ਇਲਾਜ ਸ਼ੁਰੂ ਕੀਤਾ

ਕੈਂਸਰ ਦੇ ਮਾਰੂ ਹੱਲੇ ਤੋਂ ਬਾਅਦ ਹੁਣ ਕਾਲੇ ਪੀਲੀਏ (ਹੈਪੇਟਾਈਟਸ ਸੀ) ਦੇ ਖ਼ਤਰਨਾਕ ਵਾਇਰਸ ਨੇ ਪੰਜਾਬੀਆਂ ਨੂੰ ਮੰਜਾ ਮੱਲਣ ਲਈ ਮਜਬੂਰ ਕਰ ਦਿਤਾ ਹੈ।ਇਥੋਂ ਤੱਕ ਕਿ ਕਾਲੇ ਪੀਲੀਏ ਦੇ ਕੇਸਾਂ ਦੇ ਮਾਮਲੇ ਵਿੱਚ ਪੰਜਾਬ ਦਾ ਸਥਾਨ ਭਾਰਤ ਅੰਦਰ ਪਹਿਲੇ ਨੰਬਰ 'ਤੇ ਪੁੱਜ ਗਿਆ ਹੈ ਅਤੇ ਕਾਲੇ ਪੀਲੀਏ ਦਾ ਸ਼ਿਕਾਰ ਲੋਕਾਂ ਦੀ ਗਿਣਤੀ ਹਰ ਮਹੀਨੇ/ਸਾਲ ਵੱਧ ਰਹੀ ਹੈ। ਇਕ ਰਿਪੋਰਟ ਅਨੁਸਾਰ ਪੰਜਾਬ ਦੀਆਂ ਜੇਲ੍ਹਾਂ ਅੰਦਰ ਲਗਭਗ 27 ਫ਼ੀਸਦੀ ਬੰਦੀ ਉਕਤ ਬਿਮਾਰੀ ਦਾ ਸ਼ਿਕਾਰ ਹਨ ਅਤੇ ਵੱਡੀ ਗਿਣਤੀ ਪੁਲਿਸ ਮੁਲਾਜ਼ਮਾਂ ਨੂੰ ਵੀ ਇਸ ਬਿਮਾਰੀ ਨੇ ਆਪਣੇ ਕਲਾਵੇ ਵਿੱਚ ਲਿਆ ਹੋਇਆ ਹੈ।ਜਾਣਕਾਰੀ ਅਨੁਸਾਰ ਸਿਹਤ ਵਿਭਾਗ ਦੇ ਆਪਣੇ ਲਗਭਗ 60 ਇਲਾਜ ਕੇਂਦਰਾਂ ਵਿੱਚ ਜੁਲਾਈ 2022 ਤੱਕ 1,63,000 ਤੋਂ ਵੱਧ ਲੋਕ ਟੈਸਟ ਲਈ ਆਏ ਅਤੇ 85 ਹਜ਼ਾਰ ਪੀੜਤਾਂ ਦਾ ਮੁਫ਼ਤ ਇਲਾਜ ਸ਼ੁਰੂ ਕੀਤਾ ਗਿਆ। ਇਹ ਵੀ ਪਤਾ ਲੱਗਾ ਹੈ ਕਿ ਸਾਲ 2021-22 ਵਿੱਚ ਹੀ 14 ਹਜ਼ਾਰ ਤੋਂ ਵੱਧ ਕੇਸ ਸਾਹਮਣੇ ਆਏ ਅਤੇ ਸਾਲ 2022-23 ਦੇ ਪਹਿਲੇ 2 ਮਹੀਨਿਆਂ ਅੰਦਰ ਹੀ ਕੇਸਾਂ ਦੀ ਗਿਣਤੀ ਲਗਭਗ 16,500 ਦੇ ਅੰਕੜੇ ਨੂੰ ਪਾਰ ਕਰ ਗਈ ਹੈ।ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਉਕਤ ਅੰਕੜੇ ਉਹ ਹਨ ਜੋ ਸਰਕਾਰੀ ਤੌਰ 'ਤੇ ਸਾਹਮਣੇ ਆਏ ਹਨ, ਜਦਕਿ ਹਜ਼ਾਰਾਂ ਲੋਕ ਅਜਿਹੇ ਵੀ ਹਨ, ਜੋ ਨੀਮ ਹਕੀਮਾਂ ਅਤੇ ਬਾਬਿਆਂ ਦੇ ਵੱਸ ਪਏ ਹੋਏ ਹਨ।'ਹੈਪੇਟਾਈਟਸ ਸੀ' ਬਿਮਾਰੀ ਦਾ ਬਹੁਤੀ ਵਾਰ ਤਾਂ ਪੀੜਤ ਨੂੰ ਉਦੋਂ ਪਤਾ ਲਗਦਾ ਹੈ, ਜਦੋਂ ਖ਼ਤਰਨਾਕ ਵਾਇਰਸ ਉਸ ਦੇ ਜਿਗਰ ਦਾ ਕਾਫੀ ਹੱਦ ਤੱਕ ਨੁਕਸਾਨ ਕਰ ਦਿੰਦਾ ਹੈ।ਇਹ ਵੀ ਕਿ ਜੇਕਰ ਇਸ ਦਾ ਸਹੀ ਇਲਾਜ ਹੋ ਜਾਵੇ ਤਾਂ ਪੀੜ੍ਹਤ ਵਿਅਕਤੀ ਦੇ ਠੀਕ ਹੋਣ ਦੀ ਸੰਭਾਵਨਾ ਵਧੇਰੇ ਹੈ। ਪ੍ਰਾਈਵੇਟ ਤੌਰ 'ਤੇ ਇਲਾਜ ਮਹਿੰਗਾ ਹੈ ਅਤੇ ਸਰਕਾਰੀ ਇਲਾਜ ਕੇਂਦਰਾਂ ਵਿੱਚ ਹੁੰਦੇ ਇਲਾਜ 'ਤੇ ਸਮੇਂ ਸਿਰ 'ਤੇ ਸਹੀ ਸਹੂਲਤਾਂ ਨਾ ਮਿਲਣ ਕਾਰਨ



ਇਕ ਤਿਹਾਈ ਪੀੜ੍ਹਤ ਤਾਂ ਇਲਾਜ ਅੱਧ ਵਿਚਕਾਰ ਹੀ ਛੱਡ ਜਾਂਦੇ ਹਨ ਅਤੇ ਬਹੁਤੇ ਪ੍ਰਾਈਵੇਟ ਹਸਪਤਾਲਾਂ ਵੱਲ ਰੁਖ ਕਰਨ ਲਈ ਮਜਬੂਰ ਹੋ ਜਾਂਦੇ ਹਨ।ਕਈ ਘਰਾਂ ਅੰਦਰ ਪਤੀ-ਪਤਨੀ ਅਤੇ ਪੂਰੇ ਦਾ ਪੂਰਾ ਪਰਿਵਾਰ 'ਹੈਪੇਟਾਈਟਸ ਸੀ' ਨੇ ਆਪਣੀ ਗ੍ਰਿਫ਼ਤ ਵਿੱਚ ਲਿਆ ਹੋਇਆ ਹੈ।ਇਲਾਜ ਮਹਿੰਗਾ ਹੋਣ ਕਾਰਨ ਆਰਥਿਕ ਤੌਰ 'ਤੇ ਟੁੱਟ ਚੁੱਕੇ ਹਨ ਅਤੇ ਘਰ ਅੰਦਰ ਕੋਈ ਕਮਾਉਣ ਵਾਲਾ ਇਨਸਾਨ ਵੀ ਨਹੀ ਰਿਹਾ ਹੈ।ਡਾਕਟਰੀ ਮਾਹਿਰਾਂ ਅਨੁਸਾਰ ਕਾਲਾ ਪੀਲੀਆ ਫੈਲਾਉਣ ਵਿੱਚ ਨੀਮ ਹਕੀਮਾਂ ਦਾ ਵੱਡਾ ਯੋਗਦਾਨ ਹੈ। ਮੰਨਣਾ ਹੈ ਕਿ ਇਕ ਸਰਿੰਜ ਦੀ ਵਾਰ-ਵਾਰ ਵਰਤੋਂ ਹੋਣਾ ਜਾਂ ਬਿਨਾ ਜਾਂਚਿਆ ਕਿਸੇ ਮਰੀਜ਼ ਨੂੰ ਖ਼ੂਨ ਚੜ੍ਹਾਉਣਾ ਮੁੱਖ ਕਾਰਨ ਹੋ ਸਕਦਾ ਹੈ। ਇਸੇ ਤਰ੍ਹਾਂ ਬਹੁਤੇ ਕੇਸ ਉਹ ਸਾਹਮਣੇ ਆਏ ਹਨ, ਜੋ ਪਹਿਲਾਂ ਨਸ਼ੇ ਦੀ ਪੂਰਤੀ ਲਈ ਟੀਕੇ ਲਗਾਉਂਦੇ ਰਹੇ ਹਨ। ਇਹ ਵੀ ਕਿ ਉਕਤ ਕਾਰਨਾਂ ਦੇ ਨਾਲ-ਨਾਲ ਮਾਲਵੇ ਵਿੱਚ ਤਾਂ ਧਰਤੀ ਹੇਠਲਾ ਪਾਣੀ ਪੀਣ ਯੋਗ ਨਾ ਹੋਣਾ ਵੀ ਮੁੱਖ ਕਾਰਨ ਸਮਝਿਆ ਜਾਂਦਾ ਹੈ। ਹਾਲਾਂਕਿ, ਪਿਛਲੇ ਸਮੇਂ ਆਰ.ਓ. ਪਲਾਂਟ ਜਾਂ ਆਰਸੈਨਿਕ ਕਮ ਆਇਰਨ ਰਿਮੂਵਲ ਪਲਾਂਟ ਲਗਾਏ ਗਏ ਸਨ ਪਰ ਸਰਕਾਰਾਂ ਦੀਆਂ ਬਦਇੰਤਜਾਮੀਆਂ ਕਾਰਨ ਲਗਭਗ ਬਹੁਤੇ ਆਰ.ਓ. ਪਲਾਂਟ ਠੱਪ ਪਏ ਹਨ।ਦੂਜੇ ਪਾਸੇ ਪੰਜਾਬ ਸਰਕਾਰ ਨੇ ਸਾਲ 2016 ਵਿੱਚ ਮੁੱਖ ਮੰਤਰੀ ਪੰਜਾਬ ਹੈਪੇਟਾਈਟਸ ਸੀ ਰਾਹਤ ਫ਼ੰਡ ਸਥਾਪਿਤ ਕਰਕੇ ਦਾਅਵਾ ਕੀਤਾ ਸੀ ਕਿ ਸਾਰੇ ਪੀੜਤਾਂ ਦਾ (ਬਾਕੀ ਸਫ਼ਾ 30 'ਤੇ)

### ਕਾਲਾ ਪੀਲੀਆ ਬਿਮਾਰੀ ਫੈਲਣ ਦੇ ਮੁੱਖ ਕਾਰਨ

ਇਸ ਬਿਮਾਰੀ ਦੇ ਰੋਗੀ ਦਾ ਖ਼ੂਨ ਇਸਤੇਮਾਲ ਕਰਨਾ, ਇੱਕੋ ਸੂਈ ਜਾਂ ਸਰਿੰਜ ਦੀ ਵਰਤੋਂ, ਟੈਟੂ ਖੁਦਵਾਉਣਾ, ਅਸੁਰੱਖਿਅਤ ਸੰਭੋਗ, ਜਨਮ ਵੇਲੇ ਮਾਂ ਤੋਂ ਬੱਚੇ ਨੂੰ ਹੋਣਾ, ਰੋਗੀ ਦਾ ਬਲੇਡ ਜਾਂ ਬਰੱਸ਼ ਵਰਤਣਾ, ਡਾਇਲਸਿਸ ਵਿੱਚ ਵਰਤੇ ਜਾਣ ਵਾਲੇ ਦੂਸ਼ਿਤ ਉਪਕਰਨ ,ਪ੍ਰਦੂਸ਼ਿਤ ਪਾਣੀ ਦੀ ਵਰਤੋਂ ਆਦਿ। ਇਹ ਰੋਗ ਵੀ ਬਲੱਡ ਪ੍ਰੈੱਸ਼ਰ ਵਾਂਗ ਛੁਪਿਆ ਹੁੰਦਾ ਹੈ ਜਿਸ ਦਾ ਕਿ ਸ਼ੁਰੂ ਸ਼ੁਰੂ ਵਿੱਚ ਕਈ ਸਾਲਾਂ ਤਕ ਪਤਾ ਨਹੀਂ ਲਗਦਾ ਪਰ ਪਤਾ ਲੱਗਣ 'ਤੇ ਘਬਰਾਉਣ ਦੀ ਲੋੜ ਨਹੀਂ ਸਗੋਂ ਸਹੀ ਉਪਚਾਰ ਦੀ ਲੋੜ ਹੁੰਦੀ ਹੈ।

### ਕਿਹੜੇ ਕਾਰਨਾਂ ਕਰਕੇ ਇਹ ਬਿਮਾਰੀ ਨਹੀਂ ਹੁੰਦੀ

ਕਿਸੇ ਦੇ ਖੰਘਣ ਨਾਲ ਜਾਂ ਜ਼ੁਕਾਮ ਨਾਲ, ਹੱਥ ਮਿਲਾਉਣ, ਕਿਸੇ ਨਾਲ ਖਾਣ-ਪੀਣ ਵਾਲੇ ਪਦਾਰਥ ਸਾਂਝੇ ਕਰਨ, ਮਾਂ ਦਾ ਬੱਚੇ ਨੂੰ ਆਪਣਾ ਦੁੱਧ ਚੁੰਘਾਉਣ, ਭਾਂਡੇ ਸਾਂਝੇ ਕਰਨ, ਬਾਥਰੂਮ ਅਤੇ ਫਲੱਸ਼ ਨੂੰ ਸਾਂਝਾਂ ਵਰਤਣ ਜਾਂ ਕਿਸੇ ਨੂੰ ਜੱਫੀ ਪਾ ਕੇ ਮਿਲਣਾ ਆਦਿ।

ਬਿਮਾਰੀ ਦੌਰਾਨ ਖਾਣ-ਪੀਣ ਦਾ ਪਰਹੇਜ਼: ਜ਼ਿਆਦਾ ਮਿੱਠੇ, ਨਮਕੀਨ ਅਤੇ ਫੈਟ ਵਾਲੇ ਪਦਾਰਥ, ਕੱਚੇ ਫਲਾਂ, ਤਲਿਆ ਭੋਜਨ, ਸ਼ਰਾਬ ਅਤੇ ਨਸ਼ੇ ਵਾਲੇ ਪਦਾਰਥਾਂ ਤੋਂ ਪਰਹੇਜ਼ ਰੱਖਣਾ ਚਾਹੀਦਾ ਹੈ।

### ਮਾਹਿਰਾਂ ਦੀ ਰਾਇ

ਗੋਲਡ ਮੈਡਲਿਸਟ ਡਾ. ਸੁਰਜੀਤ ਸਿੰਘ ਗਿੱਲ ਐੱਮਡੀ (ਮੈਡੀਸਨ) ਦਾ ਕਹਿਣਾ ਹੈ ਕਿ ਹੈਪੇਟਾਈਟਸ-ਸੀ ਦੀ ਬਿਮਾਰੀ ਵਿੱਚ ਵਾਧਾ ਦਰਜ ਹੋਣਾ ਚਿੰਤਾ ਦਾ ਵਿਸ਼ਾ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਹਰ ਰੋਗੀ ਨੂੰ ਹੀ ਮਹਿੰਗੇ ਭਾਅ ਦੇ ਇਲਾਜ ਦੀ ਜ਼ਰੂਰਤ ਹੁੰਦੀ ਹੈ।ਉਨ੍ਹਾਂ ਦੱਸਿਆ, ਅਸਲ ਵਿੱਚ ਇਹ ਖ਼ੂਨ ਵਿੱਚ ਫੈਲੇ ਹੈਪੇਟਾਈਟਸ-ਸੀ ਦੇ ਵਾਇਰਸ ਦੀ ਗਿਣਤੀ 'ਤੇ ਨਿਰਭਰ ਕਰਦਾ ਹੈ। ਜੇਕਰ ਵਾਇਰਲ ਵਾਇਰਸ ਦਾ ਲੋਡ 7 ਤੋਂ 10 ਦੇ ਵਿਚਕਾਰ ਹੈ ਤਾਂ ਕਿਸੇ ਤਰ੍ਹਾਂ ਦੇ ਇਲਾਜ ਦੀ ਲੋੜ ਨਹੀਂ ਹੁੰਦੀ। ਹਾਂ, ਜੇਕਰ ਵਾਇਰਸ ਦੀ ਸਥਿਤੀ ਗੰਭੀਰ ਹੈ ਤਾਂ ਫਿਰ ਮਰੀਜ਼ ਨੂੰ 24 ਟੀਕੇ ਲਵਾਉਣ ਦੀ ਲੋੜ ਹੁੰਦੀ ਹੈ। ਇਕ ਟੀਕੇ ਦੀ ਕੀਮਤ 5500 ਰੁਪਏ ਹੈ।

ਕੈਂਸਰ ਦੀਆਂ ਬਿਮਾਰੀਆਂ ਦੇ ਮਾਹਿਰ ਡਾ. ਦਵਿੰਦਰ ਸਿੰਘ ਸੰਧੂ ਦਾ ਕਹਿਣਾ ਹੈ ਕਿ, ਹੈਪੇਟਾਈਟਸ-ਸੀ ਨੂੰ ਜਿਗਰ ਦਾ ਕੈਂਸਰ ਵਿਕਸਤ ਕਰਨ ਵਿੱਚ 15 ਤੋਂ 20 ਸਾਲ ਲੱਗ ਜਾਂਦੇ ਹਨ ਅਤੇ ਖੋਜ ਦੌਰਾਨ ਇਹ ਸਿਰਫ 20 ਫੀਸਦੀ ਕੇਸਾਂ ਵਿੱਚ ਹੀ ਦੇਖਣ ਨੂੰ ਮਿਲਿਆ ਹੈ।ਕਾਲੇ ਪੀਲੀਏ ਦੇ ਜਿਹੜੇ ਮਰੀਜ਼ ਨਿਯਮਤ ਰੂਪ ਵਿੱਚ ਆਪਣਾ ਨਿਰੀਖਣ ਕਰਵਾਉਂਦੇ ਹਨ ਤੇ ਖਾਧ-ਖ਼ੁਰਾਕ ਵੱਲ ਸੰਜੀਦਗੀ ਨਾਲ ਧਿਆਨ ਦਿੰਦੇ ਹਨ, ਉਨ੍ਹਾਂ ਨੂੰ ਬੁਢਾਪੇ ਵਿੱਚ ਵੀ ਮਹਿੰਗੇ ਭਾਅ ਦੇ ਇਲਾਜ ਦੀ ਲੋੜ ਨਹੀਂ ਪੈਂਦੀ।

# ਹੰਗਾਮੇ ਭਰਪੂਰ ਰਿਹਾ ਬਜਟ ਇਜਲਾਸ ਦਾ ਆਖ਼ਰੀ ਦਿਨ



ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ ਦਾ ਅੱਜ ਆਖਰੀ ਦਿਨ ਹੰਗਾਮੇ ਭਰਪੂਰ ਰਿਹਾ।ਪੰਜਾਬ ਵਿਧਾਨ ਸਭਾ ਦੀ ਕਾਰਵਾਈ ਦੌਰਾਨ ਕਾਂਗਰਸੀ ਵਿਧਾਇਕਾਂ ਵੱਲੋਂ ਸਰਕਾਰ ਨੂੰ ਵੱਖ-ਵੱਖ ਮੁੱਦਿਆਂ 'ਤੇ ਘੇਰਿਆ ਗਿਆ।ਵਿਧਾਨ ਸਭਾ ਦੀ ਕਾਰਵਾਈ ਦੇ ਅਖੀਰਲੇ ਦਿਨ ਅੱਜ ਸਦਨ ਅੰਦਰ ਪੰਜਾਬ ਪੁਲਿਸ ਵਲੋਂ ਕੀਤੀ ਜਾ ਰਹੀ ਕਾਰਵਾਈ ਦਾ ਮੁੱਦਾ ਗੂੰਜਿਆ। ਕਾਂਗਰਸੀ ਵਿਧਾਇਕਾਂ ਨੇ ਸਦਨ 'ਚੋਂ ਵਾਕਆਊਟ ਕਰ ਦਿੱਤਾ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਲਵਾਰਾ ਵਿਖੇ ਬਣਾਏ ਜਾ ਰਹੇ ਹਵਾਈ ਅੱਡੇ ਦੇ ਨਾਂ ਸ੍ਰੀ ਕਰਤਾਰ ਸਿੰਘ ਸਰਾਭਾ ਦੇ ਨਾਂ 'ਤੇ ਰੱਖਣ ਮਤਾ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਇਸ ਲਈ ਅੰਤਰਰਾਸ਼ਟਰੀ ਹਵਾਬਾਜ਼ੀ ਮੰਤਰਾਲੇ ਨੂੰ ਪ੍ਰਸਤਾਅ ਭੇਜ ਕੇ ਸਿਫਾਰਸ਼ ਕੀਤੀ ਜਾਵੇਗੀ।

ਪੰਜਾਬ ਵਿਧਾਨ ਸਭਾ ਸੈਸ਼ਨ ਦੇ ਆਖ਼ਰੀ ਦਿਨ ਦੀ ਕਾਰਵਾਈ ਦੌਰਾਨ ਅੰਮ੍ਰਿਤਪਾਲ ਸਿੰਘ ਦਾ ਮੁੱਦਾ ਵਿਧਾਨ ਸਭਾ ਵਿੱਚ ਗੂੰਜਿਆ। ਪੰਜਾਬ ਸਰਕਾਰ ਵੱਲੋਂ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਵਿਰੁੱਧ ਚਲਾਏ ਗਏ ਆਪਰੇਸ਼ਨ ਦਾ ਭਾਜਪਾ ਵੱਲੋਂ ਸਮਰਥਨ ਕੀਤਾ ਗਿਆ। ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਅੰਮ੍ਰਿਤਪਾਲ ਸਿੰਘ ਨੂੰ ਲੈ ਕੇ ਚਲਾਏ ਗਏ ਆਪਰੇਸ਼ਨ ਅੰਮ੍ਰਿਤਪਾਲ 'ਤੇ ਕਿਹਾ ਕਿ ਸਰਕਾਰ ਇਸ ਮਾਮਲੇ 'ਤੇ ਵਧੀਆ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਵੇਲਾ ਨੁਕਤਾਚੀਨੀ ਕਰਨ ਦਾ ਨਹੀਂ ਅਤੇ ਨਾ ਹੀ ਪ੍ਰਸ਼ਨ ਕਰਨ ਦਾ ਹੈ, ਸਗੋਂ ਇਸ ਵੇਲੇ ਪੰਜਾਬ ਦਾ ਅਮਨ-ਸ਼ਾਂਤੀ ਭਾਈਚਾਰਾ ਸਭ ਤੋਂ ਅਹਿਮ ਹੈ।

(ਬਾਕੀ ਸਫ਼ਾ 29 'ਤੇ)

# ਗੁਰੂ ਗ੍ਰੰਥ ਸਾਹਿਬ ਦੇ ਬਿਰਧ ਸਰੂਪਾਂ ਨੂੰ ਲੈ ਕੇ ਪਾਕਿਸਤਾਨ ਦੇ ਸਿੱਖਾਂ ਵਿੱਚ ਨਾ ਬਣੀ ਸਹਿਮਤੀ

## ਬਿਸ਼ਨ ਸਿੰਘ ਨੇ ਪੁਰਾਤਨ ਅਤੇ ਹੱਥ-ਲਿਖਤ ਗ੍ਰੰਥ ਨੂੰ ਸੰਭਾਲਣ ਦੀ ਕੀਤੀ ਅਪੀਲ

ਅੰਮ੍ਰਿਤਸਰ: ਪਾਕਿਸਤਾਨ ਦੇ ਸੂਬਾ ਸਿੰਧ ਦੇ ਜ਼ਿਲ੍ਹਾ ਕਸ਼ਮੋਰ ਵਿਚਲੇ ਗੁਰਦੁਆਰਾ ਬਾਬਾ ਫ਼ਤਿਹ ਸਿੰਘ, ਸਿੰਘ ਸਭਾ, ਬਖ਼ਸ਼ਪੁਰ ਵਿੱਚ ਸੂਬੇ ਦੇ ਵੱਖ-ਵੱਖ ਗੁਰਦੁਆਰਿਆਂ ਵਿਚੋਂ ਲਿਆ ਕੇ ਰੱਖੇ ਬਿਰਧ ਅਤੇ ਖੰਡਿਤ ਸਰੂਪਾਂ ਦੇ ਅੰਤਿਮ ਸਸਕਾਰ ਦੇ ਮਾਮਲੇ ਵਿੱਚ ਅਜੇ ਤਕ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਉੱਥੋਂ ਦੀਆਂ ਹੋਰਨਾਂ ਸਥਾਨਕ ਗੁਰਦੁਆਰਾ ਕਮੇਟੀਆਂ ਵਿੱਚ ਸਹਿਮਤੀ ਨਹੀਂ ਬਣ ਸਕੀ। ਉੱਧਰ, ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਦੇ ਗ਼ੈਰ-ਦਫ਼ਤਰੀ ਮੈਂਬਰਾਂ ਨੇ ਦੱਸਿਆ ਕਿ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਦੀਆਂ ਕੁਝ ਸਿੱਖ ਜਥੇਬੰਦੀਆਂ ਵਲੋਂ ਪਾਕਿ ਵਿੱਚ ਬਿਰਧ ਅਤੇ ਖੰਡਿਤ ਸਰੂਪਾਂ ਦੀ ਦੱਸੀ ਜਾ ਰਹੀ ਗਿਣਤੀ ਨੂੰ ਲੈ ਕੇ ਵੀ ਸ਼ੰਕਾ ਜਤਾਈ ਹੈ।

ਉਨ੍ਹਾਂ ਕਿਹਾ ਕਿ ਸਿੰਧੀ ਸਿੱਖ ਸੰਗਤ ਦੇ ਆਗੂ ਨੇ ਦਾਅਵਾ ਕੀਤਾ ਸੀ ਕਿ ਪਾਕਿ ਵਿੱਚ 200 ਤੋਂ ਵਧੇਰੇ ਸ੍ਰੀ ਗ੍ਰੰਥ ਗੁਰੂ ਗ੍ਰੰਥ ਸਾਹਿਬ ਦੇ ਬਿਰਧ ਸਰੂਪ ਮੌਜੂਦ ਹਨ, ਜੋ ਸਿੱਖ ਮਰਿਆਦਾ ਮੁਤਾਬਿਕ ਸਸਕਾਰ ਕੀਤੇ ਜਾਣ ਲਈ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਨੂੰ ਸੌਂਪੇ ਜਾਣਗੇ।ਵਿਦੇਸ਼ੀ ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਉਕਤ ਪਾਕਿ ਸਿੱਖ ਆਗੂ ਤੋਂ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਅਸਲ ਵਿੱਚ ਸ੍ਰੀ ਗ੍ਰੰਥ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਗਿਣਤੀ 200 ਤੋਂ ਵੱਧ ਹੈ, ਜਾਂ ਸਰੂਪਾਂ ਦੀ ਦੱਸੀ ਜਾ ਰਹੀ ਗਿਣਤੀ ਵਿੱਚ ਧਾਰਮਿਕ ਗੁਟਕੇ ਅਤੇ ਪੋਥੀਆਂ ਵੀ ਸ਼ਾਮਲ ਹਨ। ਉੱਧਰ, ਪਾਕਿ ਸਿੱਖ ਆਗੂ ਬਿਸ਼ਨ ਸਿੰਘ ਨਾਲ ਇਸ ਬਾਰੇ ਗੱਲਬਾਤ ਕਰਨ 'ਤੇ ਕਿਹਾ ਕਿ ਪੁਰਾਤਨ ਅਤੇ ਹੱਥ-ਲਿਖਤ ਗ੍ਰੰਥ ਸਾਡਾ ਧਾਰਮਿਕ ਵਿਰਸਾ ਹਨ ਅਤੇ ਉਨ੍ਹਾਂ ਦੀ ਸੇਵਾ ਕਰਕੇ ਉਨ੍ਹਾਂ ਨੂੰ ਸੰਭਾਲਿਆ ਜਾਣਾ ਚਾਹੀਦਾ ਹੈ

# ਦਰਬਾਰ ਸਾਹਿਬ ਵਿੱਚ ਸੋਨੇ ਦੇ ਪੱਤਰੇ ਲਾਉਣ ਦੀ ਸੇਵਾ ਸ਼ੁਰੂ

ਅੰਮ੍ਰਿਤਸਰ/ਏ.ਟੀ.ਨਿਊਜ਼ :-ਸ੍ਰੀ ਦਰਬਾਰ ਸਾਹਿਬ ਵਿਖੇ ਚੱਲ ਰਹੀ ਸੋਨੇ ਦੇ ਪੱਤਰਿਆਂ ਅਤੇ ਮੀਨਾਕਾਰੀ ਦੀ ਸਾਂਭ-ਸੰਭਾਲ ਦੀ ਸੇਵਾ ਤਹਿਤ ਮੁੱਖ ਦਰਬਾਰ ਦੇ ਅੰਦਰੂਨੀ ਹਿੱਸੇ ਵਿੱਚ ਸੋਨੇ ਦੇ ਪੱਤਰੇ ਮੁੜ ਲਗਾਏ ਗਏ। ਸ਼੍ਰੋਮਣੀ ਕਮੇਟੀ ਵੱਲੋਂ ਇਹ ਸੇਵਾ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਨੂੰ ਸੌਂਪੀ ਗਈ ਸੀ, ਜਿਨ੍ਹਾਂ ਨੇ ਲੋੜ ਅਨੁਸਾਰ ਮੁਰੰਮਤ ਦਾ ਕਾਰਜ ਕੀਤਾ ਹੈ। ਅਰਦਾਸ ਉਪਰੰਤ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਅੰਤ੍ਰਿੰਗ ਕਮੇਟੀ ਮੈਂਬਰ ਪਰਮਜੀਤ ਸਿੰਘ



ਖਾਲਸਾ, ਭਾਈ ਰਾਜਿੰਦਰ ਸਿੰਘ ਮਹਿਤਾ, ਨਿਸ਼ਕਾਮ ਸੇਵਕ ਜਥੇ ਦੇ ਮੁਖੀ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਅਤੇ ਸਕੱਤਰ ਪ੍ਰਤਾਪ ਸਿੰਘ ਸੋਨੇ ਦੇ ਪੱਤਰੇ ਲੈ ਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਪਹੁੰਚੇ ਅਤੇ ਸ਼ਰਧਾ ਨਾਲ ਪੱਤਰੇ ਲਗਾਉਣ ਦੀ ਸੇਵਾ ਆਰੰਭ ਕਰਵਾਈ।ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਦਰਬਾਰ ਸਾਹਿਬ ਵਿਖੇ ਲੱਗੇ ਸੁਨਹਿਰੀ ਪੱਤਰੇ ਅਤੇ ਮੀਨਾਕਾਰੀ ਨੂੰ ਸੁਰੱਖਿਅਤ ਰੱਖਣ ਲਈ ਸਮੇਂ-ਸਮੇਂ ਕਾਰਜ ਕੀਤੇ ਜਾਂਦੇ ਹਨ ਅਤੇ ਇਸੇ ਤਹਿਤ ਹੀ ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸੇਵਾ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਨਮੀ ਕਾਰਨ ਸੁਨਹਿਰੀ ਪੱਤਰੇ ਪ੍ਰਭਾਵਿਤ ਹੋਏ ਹਨ ਜਿਨ੍ਹਾਂ ਨੂੰ ਪਹਿਲਾਂ ਦੀ ਤਰ੍ਹਾਂ ਹੂਬਹੂ ਤਿਆਰ ਕਰ ਕੇ ਮੁੜ ਲਗਾਇਆ ਜਾ ਰਿਹਾ ਹੈ।

# ਆਸਟ੍ਰੇਲੀਆ ਵਾਂਗੂ ਪੰਜਾਬ 'ਚ ਬਰਸਾਤੀ ਪਾਣੀ ਦੀ ਸੰਭਾਲ ਲਈ ਕੀਤੇ ਜਾਣ ਯੋਗ ਉਪਰਾਲੇ






ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਵਿੱਚ ਜਦੋਂ ਵੀ ਬਰਸਾਤ ਪੈਂਦੀ ਹੈ ਤਾਂ ਹਰ ਪਾਸੇ ਪਾਣੀ ਨਜ਼ਰ ਆਉਂਦਾ ਹੈ। ਭਾਰੀ ਮਾਤਰਾ ਵਿੱਚ ਬਰਸਾਤੀ ਪਾਣੀ ਬੇਅਰਥ ਚਲਾ ਜਾਂਦਾ ਹੈ।ਹੈਰਾਣੀ ਹੈ ਕਿ ਕਈ ਵਾਰ ਹਿਮਾਚਲ ਪ੍ਰਦੇਸ਼ ਦੇ ਪਹਾੜੀ ਇਲਾਕਿਆਂ ਵਿੱਚ ਪਈ ਬਰਸਾਤ ਕਾਰਨ ਵੀ ਦਰਿਆ ਸਤਿਲੁੱਜ ਅਤੇ ਬਿਆਸ ਦੇ ਨਾਲ ਨਾਲ ਹੋਰ ਬਰਸਾਤੀ ਨਦੀਆਂ ਵਿੱਚ ਭਾਰੀ ਮਾਤਰਾ ਵਿੱਚ ਪਾਣੀ ਆਉਣ ਕਾਰਨ ਪੰਜਾਬ ਵਿੱਚ ਹੜ੍ਹ ਵਰਗੇ ਹਾਲਾਤ ਬਣ ਜਾਂਦੇ ਹਨ।ਹਰ ਸਾਲ ਬਰਸਾਤੀ ਪਾਣੀ ਇਕ ਗੰਭੀਰ ਸਮੱਸਿਆ ਬਣ ਜਾਂਦਾ ਹੈ ਪਰ ਸਮੇਂ ਦੀਆਂ ਸਰਕਾਰਾਂ ਇਸ ਬਰਸਾਤੀ ਪਾਣੀ ਦੀ ਸੰਭਾਲ, ਇਸ ਨੂੰ ਧਰਤੀ ਹੇਠਾਂ ਭੇਜਣ ਅਤੇ ਇਸਦੀ ਯੋਗ ਵਰਤੋ ਕਰਨ ਲਈ ਯੋਗ ਪ੍ਰਬੰਧ ਕਰਨ ਵਿੱਚ ਪੂਰੀ ਤਰਾਂ ਨਾਕਾਮ ਰਹੀਆਂ ਹਨ।

ਪੰਜਾਬ ਵਿੱਚ ਬਰਸਾਤੀ ਪਾਣੀ ਦੀ ਸੰਭਾਲ ਲਈ ਪੰਜਾਬ ਸਰਕਾਰ ਨੂੰ ਆਸਟ੍ਰੇਲੀਆ ਵਿੱਚ ਬਰਸਾਤੀ ਪਾਣੀ ਦੀ ਸੰਭਾਲ ਲਈ ਕੀਤੇ ਜਾਂਦੇ ਪ੍ਰਬੰਧਾਂ ਤੋਂ ਸੇਧ ਲੈਣੀ ਚਾਹੀਦੀ ਹੈ। ਆਸਟ੍ਰੇਲੀਆ ਵਿੱਚ ਜਦੋਂ ਵੀ ਬਰਸਾਤ ਪੈਂਦੀ ਹੈ ਤਾਂ ਉਸ ਬਰਸਾਤੀ ਪਾਣੀ ਨੂੰ ਯੋਗ ਪ੍ਰਣਾਲੀ ਅਤੇ ਯੋਗ ਪ੍ਰਬੰਧਾਂ ਰਾਹੀਂ ਸੰਭਾਲ ਲਿਆ ਜਾਂਦਾ ਹੈ ਅਤੇ ਬਾਅਦ ਵਿੱਚ ਉਸ ਬਰਸਾਤੀ ਪਾਣੀ ਦੀ ਖੇਤੀ ਲਈ ਵਰਤੋ ਕੀਤੀ ਜਾਂਦੀ ਹੈ। ਆਸਟ੍ਰੇਲੀਆ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਅਤੇ ਸੰਭਾਲ ਲਈ ਪ੍ਰਬੰਧ ਏਨੇ ਵਧੀਆ ਹਨ ਕਿ ਬਰਸਾਤ ਪੈਣ ਮੌਕੇ ਕਦੇ ਵੀ ਸੜਕਾਂ 'ਤੇ ਪਾਣੀ ਨਹੀਂ ਖੜਦਾ ਅਤੇ ਇਸ ਬਰਸਾਤੀ ਪਾਣੀ ਦੀ ਨਾਲ ਦੀ ਨਾਲ ਨਿਕਾਸੀ ਹੁੰਦੀ ਰਹਿੰਦੀ ਹੈ ਅਤੇ ਇਹ ਬਰਸਾਤੀ ਪਾਣੀ ਪਹਿਲਾਂ ਤੋਂ ਪਾਣੀ ਇੱਕਠਾ ਕਰਕੇ ਸੰਭਾਲਣ ਲਈ ਬਣਾਏ ਟੈਂਕਰਾਂ ਵਿੱਚ ਇੱਕਠਾ ਹੁੰਦਾ ਰਹਿੰਦਾ ਹੈ। ਇਸੇ ਤਰਾਂ ਦਾ ਪ੍ਰਬੰਧ ਪੰਜਾਬ ਵਿੱਚ ਵੀ ਪੰਜਾਬ ਸਰਕਾਰ ਵੱਲੋਂ ਕੀਤਾ ਜਾ ਸਕਦਾ ਹੈ। ਪੰਜਾਬ ਦੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਵਿੱਚ ਵੀ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ 'ਤੇ ਬਰਸਾਤੀ ਪਾਣੀ ਦੀ ਸੰਭਾਲ ਲਈ ਉਪਰਾਲੇ ਕੀਤੇ ਜਾਂਦੇ ਹਨ। ਹਿਮਾਚਲ ਪ੍ਰਦੇਸ਼ ਦੇ ਕਈ ਇਲਾਕਿਆਂ ਵਿੱਚ ਰਹਿੰਦੇ ਲੋਕਾਂ ਨੇ ਆਪਣੇ ਘਰਾਂ ਦੀਆਂ ਛੱਤਾਂ ਤੋਂ ਪਾਈਪ ਲਗਾ ਕੇ ਹੇਠਾਂ ਟੈਂਕੀਆਂ ਜਾਂ ਹੋਦੀਆਂ ਵਿੱਚ ਬਰਸਾਤੀ ਪਾਣੀ ਇਕੱਠਾ ਕਰਨ ਦਾ ਪ੍ਰਬੰਧ ਕੀਤਾ ਹੋਇਆ ਹੈ।ਹਿਮਾਚਲ ਵਿੱਚ ਜਦੋਂ ਵੀ ਬਰਸਾਤ ਪੈਂਦੀ ਹੈ ਤਾਂ ਲੋਕਾਂ ਦੇ ਮਕਾਨਾਂ ਦੀਆਂ ਛੱਤਾਂ ਤੋਂ ਪਾਣੀ ਪਾਈਪਾਂ ਰਾਹੀਂ ਟੈਂਕੀਆਂ ਅਤੇ ਹੋਦੀਆਂ ਵਿੱਚ ਚਲਾ ਜਾਂਦਾ ਹੈ। ਫਿਰ ਇਸ ਬਰਸਾਤੀ ਪਾਣੀ ਦੀ ਵਰਤੋ ਇਥੋਂ ਦੇ ਲੋਕਾਂ ਵਲੋਂ ਖੇਤੀ, ਕਾਰਾਂ ਤੇ ਹੋਰ ਵਾਹਨ ਧੋਣ ਅਤੇ ਹੋਰ ਕੰਮਾਂ ਲਈ ਕੀਤੀ ਜਾਂਦੀ ਹੈ।ਪੰਜਾਬ ਵਿੱਚ ਵੀ ਅਜਿਹਾ ਸਿਸਟਮ ਅਪਨਾਇਆ ਜਾ ਸਕਦਾ ਹੈ। ਪੰਜਾਬ ਦੇ ਵੱਖ ਵੱਖ ਪਿੰਡਾਂ ਤੇ ਕਸਬਿਆਂ ਵਿੱਚ ਪਹਿਲਾਂ ਕਈ ਕਈ ਛੱਪੜ ਹੁੰਦੇ ਸਨ, ਜਿਹਨਾਂ ਵਿੱਚ ਬਰਸਾਤੀ ਪਾਣੀ ਇਕੱਠਾ ਹੁੰਦਾ ਰਹਿੰਦਾ ਸੀ ਅਤੇ ਫਿਰ ਇਹ ਬਰਸਾਤੀ ਪਾਣੀ ਸਾਰਾ ਸਾਲ ਖੇਤੀ ਲਈ ਅਤੇ ਪਸ਼ੂਆਂ ਲਈ ਵਰਤਿਆ ਜਾਂਦਾ ਸੀ। ਛੱਪੜਾਂ ਵਿੱਚ ਇਕਠਾ ਹੋਇਆ ਪਾਣੀ ਹੋਲੀ ਹੋਲੀ ਧਰਤੀ ਹੇਠਾਂ ਸਿੰਮਦਾ ਰਹਿੰਦਾ ਸੀ, ਜਿਸ ਕਰਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਉਚਾ ਰਹਿੰਦਾ ਸੀ ਪਰ ਹੋਲੀ ਹੋਲੀ ਪੰਜਾਬ ਵਿੱਚੋਂ ਛੱਪੜ ਅਲੋਪ ਹੋ ਗਏ ਅਤੇ ਬਰਸਾਤੀ ਪਾਣੀ ਪਿੰਡਾਂ ਵਿੱਚ ਵੀ ਇਕ ਵੱਡੀ ਸਮੱਸਿਆ ਬਣਨ ਲੱਗ ਪਿਆ।

ਮੌਜੂਦਾ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਬਰਸਾਤੀ ਪਾਣੀ ਦੀ ਸੰਭਾਲ ਅਤੇ ਬਾਅਦ ਵਿੱਚ ਇਸਦੀ ਯੋਗ ਵਰਤੋ ਲਈ ਲੋੜੀਂਦੇ ਉਪਰਾਲੇ ਕੀਤੇ ਜਾਣ। ਬਰਸਾਤੀ ਪਾਣੀ ਦੀ ਸੰਭਾਲ ਲਈ ਵੱਖ ਵੱਖ ਪਿੰਡਾਂ ਵਿੱਚ ਛੱਪੜਾਂ ਨੂੰ ਮੁੜ ਬਣਾਉਣਾ ਚਾਹੀਦਾ ਹੈ ਅਤੇ ਮਕਾਨਾਂ ਵਿੱਚ ਹਿਮਾਚਲ ਪ੍ਰਦੇਸ਼ ਵਾਂਗੂ ਬਰਸਾਤੀ ਪਾਣੀ ਦੀ ਸੰਭਾਲ ਲਈ ਯੋਗ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ ਅਤੇ ਪੰਜਾਬ ਵਿੱਚ ਬਰਸਾਤੀ ਪਾਣੀ ਦੀ ਸੰਭਾਲ ਲਈ ਆਸਟ੍ਰੇਲੀਆ ਵਾਂਗੂ ਯੋਗ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ।

## 2023 ਦੇ ਵਿਸ਼ਵ ਦੇ ਮਹਾਨ ਸਥਾਨਾਂ ਦੀ ਸੂਚੀ ਜਾਰੀ

ਟਾਈਮ ਮੈਗਜ਼ੀਨ ਨੇ 2023 ਦੇ ਵਿਸ਼ਵ ਦੇ ਸਭ ਤੋਂ ਮਹਾਨ ਸਥਾਨਾਂ ਦੀ ਸੂਚੀ ਜਾਰੀ ਕੀਤੀ ਹੈ। ਫਲੋਰੀਡਾ ਦੇ ਟੈਂਪਾ, ਓਰੇਗਨ ਦੀ ਵਿਲੇਮੇਟ ਵੈਲੀ, ਪੋਰਟੋ ਰੀਕੋ ਦੀ ਰੀਓ ਗ੍ਰਾਂਡੇ, ਐਰੀਜ਼ੋਨਾ ਦੇ ਟਕਸਨ, ਕੈਲੀਫੋਰਨੀਆ ਦੇ ਯੋਸੇਮਾਈਟ ਨੈਸ਼ਨਲ ਪਾਰਕ, ਮੋਂਟਾਨਾ ਦੇ ਬੋਜ਼ਮੈਨ, ਵਾਸ਼ਿੰਗਟਨ ਡੀਸੀ, ਚਰਚਿਤੋ ਮਾਨੋਬਾਏਸ, ਵੈਨਕੋਸਬਿਊਡਨ ਚਰਚ ਅਤੇ ਵੈਨਕੋਸਯੂਡਨ ਇਸ ਸੂਚੀ ਵਿੱਚ ਸ਼ਾਮਲ ਹਨ। ਭਾਰਤ ਦੇ ਲੱਦਾਖ ਅਤੇ ਮਯੂਰਭੰਜ ਨੂੰ ਇਸ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ।

# ਭਾਜਪਾ ਵਿਰੁੱਧ ਵਿਰੋਧੀ ਸਿਆਸੀ ਪਾਰਟੀਆਂ ਦਾ ਸਾਂਝਾ ਮੋਰਚਾ ਬਣਾਉਣ ਦੀ ਕਵਾਇਦ ਨੂੰ ਅਜੇ ਨਹੀਂ ਪਿਆ ਬੂਰ



ਭਾਰਤ ਵਿੱਚ ਸਭ ਤੋਂ ਮਜ਼ਬੂਤ ਮੰਨੀ ਜਾਂਦੀ ਅਤੇ ਕੇਂਦਰ ਵਿੱਚ ਸਰਕਾਰ ਚਲਾ ਰਹੀ ਭਾਜਪਾ ਵਿਰੁੱਧ ਵੱਖ ਵੱਖ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਸਾਂਝਾ ਸਿਆਸੀ ਮੋਰਚਾ ਜਾਂ ਗਠਜੋੜ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ ਭਾਵੇਂ ਕਿ ਸਾਂਝਾਂ ਸਿਆਸੀ ਮੋਰਚਾ ਬਣਾਉਣ ਦੀ ਕਵਾਇਦ ਲੰਬੇ ਸਮੇਂ ਤੋਂ ਜਾਰੀ ਹੈ ਪਰ ਅਜੇ ਤਕ ਇਹਨਾਂ ਯਤਨਾਂ ਨੂੰ ਬੂਰ ਨਹੀਂ ਪਿਆ।

ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਤੇਲਿੰਗਾਨਾ ਦੇ ਮੁੱਖ ਮੰਤਰੀ ਸਮੇਤ ਅਨੇਕਾਂ ਹੋਰ ਆਗੂ ਭਾਜਪਾ ਵਿਰੁੱਧ ਸਾਂਝਾ ਸਿਆਸੀ ਮੋਰਚਾ/ਗਠਜੋੜ ਬਣਾਉਣ ਦੇ ਯਤਨ ਕਰ ਰਹੇ ਹਨ ਪਰ ਇਹਨਾਂ ਵਿਰੋਧੀ ਸਿਆਸੀ ਆਗੂਆਂ ਵਿੱਚ ਆਪਣੇ ਆਪ ਨੂੰ ਸਭ ਤੋਂ ਤਾਕਤਵਰ ਅਤੇ ਸੰਭਾਵੀ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਬਣਨ ਦੀ ਲਾਲਸਾ ਕਾਰਨ ਇਹ ਯਤਨ ਅਜੇ ਤੱਕ ਸਫਲ ਨਹੀਂ ਹੋਏ।

ਇਸ ਤੋਂ ਇਲਾਵਾ ਨਿਤੀਸ਼ ਕੁਮਾਰ ਜਿਥੇ ਭਾਜਪਾ ਵਿਰੁੱਧ ਸਾਂਝਾ ਸਿਆਸੀ ਗਠਜੋੜ ਬਣਾਉਣ ਲਈ ਕਾਂਗਰਸ ਨਾਲ ਮਿਲ ਕੇ ਚੱਲਣ ਦਾ ਯਤਨ ਕਰ ਰਹੇ ਹਨ, ਉਥੇ ਮਮਤਾ ਬੈਨਰਜੀ ਵੱਲੋਂ ਕਾਂਗਰਸ ਤੋਂ ਬਿਨਾਂ ਸਾਂਝਾਂ ਸਿਆਸੀ ਮੋਰਚਾ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ।ਇਸ ਤਰਾਂ ਕਾਂਗਰਸ ਪਾਰਟੀ ਨੂੰ ਭਾਜਪਾ ਵਿਰੋਧੀ ਗਠਜੋੜ ਵਿੱਚ ਸ਼ਾਮਲ ਕਰਨ ਜਾਂ ਨਾ ਕਰਨ ਸਬੰਧੀ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਵਿੱਚ ਕੁੱਝ ਮਤਭੇਦ ਹਨ, ਜਿਹਨਾਂ ਕਾਰਨ ਵਿਰੋਧੀ ਸਿਆਸੀ ਪਾਰਟੀਆਂ ਅਜੇ ਤਕ ਭਾਜਪਾ ਵਿਰੁੱਧ ਸਾਂਝਾਂ ਸਿਆਸੀ ਮੋਰਚਾ ਬਣਾਉਣ ਵਿੱਚ ਸਫਲ ਨਹੀਂ ਹੋਈਆਂ।

ਭਾਰਤ ਦੀ ਸਿਆਸਤ ਦਾ ਇਹ ਪਹਿਲੂ ਵੀ ਅਹਿਮ ਮੰਨਿਆ ਜਾ ਸਕਦਾ ਹੈ ਕਿ ਜਦੋਂ ਵੀ ਕੇਂਦਰ ਵਿੱਚ ਰਾਜ ਕਰ ਰਹੀ ਸਿਆਸੀ ਪਾਰਟੀ ਵਿਰੁੱਧ ਕੋਈ ਸਾਂਝਾ ਸਿਆਸੀ ਗਠਜੋੜ ਬੰਨਦਾ ਹੈ ਤਾਂ ਉਸ ਗਠਜੋੜ ਵਿੱਚ ਭਾਜਪਾ ਜਾਂ ਕਾਂਗਰਸ ਵਿਚੋਂ ਇਕ ਸਿਆਸੀ ਪਾਰਟੀ ਜ਼ਰੂਰ ਸ਼ਾਮਲ ਹੁੰਦੀ ਰਹੀ ਹੈ।1989 ਵਿੱਚ ਕਾਂਗਰਸ ਵਿਚ ਵਿਰੋਧੀ ਸਿਆਸੀ ਪਾਰਟੀਆਂ ਦੇ ਬਣਾਏ ਗਏ ਸਾਂਝੇ ਸਿਆਸੀ ਗਠਜੋੜ ਵਿੱਚ ਭਾਜਪਾ ਮੁੱਖ ਭੂਮਿਕਾ ਵਿੱਚ ਸੀ।

ਇਥੇ ਇਹ ਜ਼ਿਕਰਯੋਗ ਹੈ ਕਿ ਪੂਰਬੀ ਖੇਤਰ ਦੇ ਤਿੰਨ ਰਾਜਾਂ ਤ੍ਰਿਪੁਰਾ, ਮੇਘਾਲਿਆ ਅਤੇ ਨਾਗਾਲੈਂਡ ਵਿੱਚ ਲੋਕ ਸਭਾ ਦੀਆਂ ਸਿਰਫ 5 ਸੀਟਾਂ ਹਨ ਪਰ ਇਹਨਾਂ ਰਾਜਾਂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਵੱਡਾ ਸਿਆਸੀ ਮਹੱਤਵ ਰਖਦੇ ਹਨ। ਇਸਦਾ ਕਾਰਨ ਇਹ ਹੈ ਕਿ ਇਹ ਤਿੰਨੇ ਰਾਜ ਆਦਿਵਾਸੀਆਂ ਦੇ ਗੜ੍ਹ ਹਨ। ਤ੍ਰਿਪੁਰਾ ਨੂੰ ਛੱਡ ਕੇ ਬਾਕੀ ਦੋਵਾਂ ਰਾਜਾਂ ਵਿੱਚ ਇਸਾਈ ਬਹੁਮਤ ਵਿੱਚ ਹਨ। ਇਹ ਪੂਰਬੀ ਖੇਤਰ ਜ਼ਿਆਦਾਤਰ ਕਾਂਗਰਸ ਦਾ ਸਮਰਥਕ ਰਿਹਾ ਹੈ ਪਰ ਇਸ ਵਾਰ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਹਨਾਂ ਤਿੰਨੇ ਪੂਰਬੀ ਰਾਜਾਂ ਵਿੱਚ ਭਾਜਪਾ ਵੀ ਵੱਡੀ ਪਾਰਟੀ ਬਣ ਕੇ ਉਭਰੀ ਹੈ, ਜਿਸ ਕਾਰਨ ਰਾਸ਼ਟਰੀ ਪੱਧਰ 'ਤੇ ਭਾਜਪਾ ਦੀ ਸਥਿਤੀ ਹੋਰ ਮਜਬੂਤ ਹੋ ਗਈ ਹੈ।

ਉਤਰ ਪੂਰਬ ਤੋਂ ਇਹ ਸਿਆਸੀ ਸੰਦੇਸ਼ ਮਿਲ ਰਿਹਾ ਹੈ ਕਿ ਉਥੇ ਹੁਣ ਕਾਂਗਰਸ ਵਿੱਚ ਦਮ ਖਮ ਨਹੀਂ ਰਿਹਾ ਸਗੋਂ ਭਾਜਪਾ ਮਜਬੂਤ ਹੋ ਰਹੀ ਹੈ। ਅਸਲ ਵਿੱਚ ਇਕੱਲੀ ਕਾਂਗਰਸ ਵੱਲੋਂ ਭਾਜਪਾ ਦਾ ਮੁਕਾਬਲਾ ਕਰਨਾ ਸੰਭਵ ਨਹੀਂ, ਕਿਉਂਕਿ ਕਾਂਗਰਸ ਵਿੱਚ ਅਜੇ ਏਨਾ ਦਮਖਮ ਨਹੀਂ ਆਇਆ ਕਿ ਉਹ ਰਾਸ਼ਟਰੀ ਪੱਧਰ 'ਤੇ ਭਾਜਪਾ ਦਾ ਇਕਲਿਆਂ ਟਾਕਰਾ ਕਰ ਸਕੇ। ਇਸੇ ਕਾਰਨ ਕਾਂਗਰਸ ਵੱਲੋਂ ਵੀ ਭਾਜਪਾ ਵਿਰੋਧੀ ਹੋਰਨਾਂ ਸਿਆਸੀ ਪਾਰੀਆਂ ਨਾਲ ਸਿਆਸੀ ਗਠਜੋੜ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ। (ਬਾਕੀ ਸਫ਼ਾ 31 'ਤੇ)

# ਪੰਜਾਬ 'ਚ ਪੌਲੀਟੈਕਨਿਕ ਬਣਨ ਤੋਂ ਪਹਿਲਾਂ ਹੀ 'ਵਾਧੂ ਕੁਰਸੀਆਂ' ਖ਼ਰੀਦਣ ਲਈ ਕਰੋੜਾਂ ਖਰਚੇ ਗਏ

ਕੰਪਟਰੋਲਰ ਅਤੇ ਆਡੀਟਰ ਜਨਰਲ (ਕੈਗ) ਨੇ ਪਿਛਲੀ ਅਕਾਲੀ-ਭਾਜਪਾ ਸਰਕਾਰ 'ਤੇ 'ਤੁਰੰਤ ਲੋੜ ਤੋਂ ਵੱਧ' ਫਰਨੀਚਰ ਖਰੀਦਣ ਅਤੇ ਉਸ ਤੋਂ ਬਾਅਦ ਕੇਂਦਰ ਨੂੰ ਪੈਸਾ ਵਾਪਸ ਨਾ ਕਰਨ ਲਈ ਪਿਛਲੀ ਕਾਂਗਰਸ ਸਰਕਾਰ 'ਤੇ ਸਵਾਲ ਖੜ੍ਹੇ ਕੀਤੇ ਹਨ। ਪੰਜਾਬ ਵਿੱਚ ਤਕਨੀਕੀ ਸਿੱਖਿਆ ਵਿਭਾਗ ਨੇ 2.31 ਕਰੋੜ ਰੁਪਏ ਵਿੱਚ 3,780 ਦੋ ਸੀਟਾਂ ਵਾਲੇ ਡੈਸਕ ਅਤੇ ਕੁਰਸੀਆਂ ਦੀ ਖਰੀਦ ਕੀਤੀ ਜਦੋਂ ਕਿ ਅਸਲ ਵਿੱਚ ਇਸ ਨੂੰ ਸਿਰਫ 1,512 ਫਰਨੀਚਰ ਦੀ ਲੋੜ ਸੀ ਅਤੇ ਜਦੋਂ ਪੌਲੀਟੈਕਨਿਕ ਇਮਾਰਤਾਂ, ਜਿਨ੍ਹਾਂ ਲਈ ਇਹ ਖਰੀਦੇ ਜਾ ਰਹੇ ਸਨ, ਅਜੇ ਵੀ ਉਸਾਰੀ ਅਧੀਨ ਸਨ। ਕੰਪਟਰੋਲਰ ਅਤੇ ਆਡੀਟਰ ਜਨਰਲ (ਕੈਗ) ਨੇ ਹੁਣ ਪਿਛਲੀ ਅਕਾਲੀ-ਭਾਜਪਾ ਸਰਕਾਰ 'ਤੇ 'ਤੁਰੰਤ ਲੋੜ ਤੋਂ ਵੱਧ' ਫਰਨੀਚਰ ਖਰੀਦਣ ਅਤੇ ਕੇਂਦਰ ਨੂੰ ਪੈਸਾ ਵਾਪਸ ਨਾ ਕਰਨ ਲਈ ਉਸ ਤੋਂ ਬਾਅਦ ਆਈ ਕਾਂਗਰਸ ਸਰਕਾਰ 'ਤੇ ਸਵਾਲ ਖੜ੍ਹੇ ਕੀਤੇ ਹਨ।

ਦੋ ਸੀਟਾਂ ਵਾਲੇ ਮੇਜ਼ਾਂ ਅਤੇ ਕੁਰਸੀਆਂ ਦੀ ਖਰੀਦ 'ਤੇ ਇਤਰਾਜ਼ ਜਤਾਉਂਦੇ ਹੋਏ, ਕੈਗ ਨੇ ਕਿਹਾ ਕਿ ਇਹ ਪੰਜਾਬ ਵਿੱਤੀ ਨਿਯਮਾਂ ਦੀ ਉਲੰਘਣਾ ਕਰਦੇ ਹੋਏ, ਪੌਲੀਟੈਕਨਿਕ ਇਮਾਰਤਾਂ ਦੇ ਸਿਵਲ ਕੰਮ ਨੂੰ ਪੂਰਾ ਕਰਨ ਤੋਂ ਪਹਿਲਾਂ ਹੀ, ਫੌਰੀ ਲੋੜ ਤੋਂ ਵੱਧ ਸਨ। ਇਸ ਨਾਲ 1.39 ਕਰੋੜ ਰੁਪਏ ਦਾ ਬੇਲੋੜਾ ਖਰਚਾ ਹੋਇਆ। ਕੈਗ ਦੀ ਰਿਪੋਰਟ ਦੇ ਅਨੁਸਾਰ, ਖਰੀਦ ਕੇਂਦਰ ਦੀ ਦੇਸ਼ ਵਿਆਪੀ ਯੋਜਨਾ, 'ਸਬ-ਮਿਸ਼ਨ ਆਨ ਪੌਲੀਟੈਕਨਿਕ' ਦੇ ਤਹਿਤ ਕੀਤੀ ਗਈ ਸੀ। 2009 ਵਿੱਚ, ਪੰਜਾਬ ਵਿੱਚ ਸੱਤ ਜ਼ਿਲ੍ਹਿਆਂ ਬਰਨਾਲਾ, ਫਰੀਦਕੋਟ, ਫਤਹਿਗੜ੍ਹ ਸਾਹਿਬ, ਕਪੂਰਥਲਾ, ਮਾਨਸਾ, ਮੁਕਤਸਰ ਅਤੇ ਨਵਾਂਸ਼ਹਿਰ ਦੀ ਇਸ ਸਕੀਮ ਤਹਿਤ ਨਵੀਂ ਪੌਲੀਟੈਕਨਿਕ ਸਥਾਪਤ ਕਰਨ ਲਈ ਪਛਾਣ ਕੀਤੀ ਗਈ ਸੀ। ਇਸਦੇ ਅਨੁਸਾਰ, ਭਾਰਤ ਸਰਕਾਰ ਨੇ ਜੁਲਾਈ 2009 ਤੋਂ ਜੂਨ 2016 ਦਰਮਿਆਨ 70 ਕਰੋੜ ਰੁਪਏ (ਸਿਵਲ ਕੰਮਾਂ ਲਈ 56 ਕਰੋੜ ਰੁਪਏ ਅਤੇ ਐਮਐਂਡਈ ਲਈ 14 ਕਰੋੜ ਰੁਪਏ) ਦੀ ਕੇਂਦਰੀ ਸਹਾਇਤਾ ਜਾਰੀ ਕੀਤੀ, ਜਿਸ ਨਾਲ ਇਸ ਉਦੇਸ਼ ਲਈ 16.10 ਕਰੋੜ ਰੁਪਏ ਦਾ ਬਕਾਇਆ ਬਚਿਆ ਹੈ।

ਮੇਜ਼/ਕੁਰਸੀਆਂ ਮਾਰਚ-ਅਪ੍ਰੈਲ 2014 ਵਿੱਚ ਪ੍ਰਾਪਤ ਹੋਈਆਂ ਸਨ ਅਤੇ ਸੱਤ ਪੌਲੀਟੈਕਨਿਕਾਂ ਲਈ 540-540 ਚਿੰਨ੍ਹਿਤ ਕੀਤੇ ਗਏ ਸਨ। ਹਾਲਾਂਕਿ, ਕੈਗ ਨੇ ਦੇਖਿਆ ਹੈ ਕਿ ਪੌਲੀਟੈਕਨਿਕਾਂ ਵਿੱਚ ਅੱਠ ਸਾਲਾਂ ਤੋਂ ਵੱਧ ਸਮੇਂ ਤੋਂ 2,268 ਡੈਸਕ ਅਤੇ ਕੁਰਸੀਆਂ ਬੇਕਾਰ ਪਈਆਂ ਸਨ ਜਾਂ ਅਣਇੱਛਤ ਉਦੇਸ਼ਾਂ ਲਈ ਵਰਤੀਆਂ ਗਈਆਂ ਸਨ।

ਕੈਗ ਦੀ ਰਿਪੋਰਟ ਅਨੁਸਾਰ ਮਾਰਚ 2007 ਤੋਂ 2017 ਤੱਕ ਪੰਜਾਬ ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ ਸੱਤਾ ਵਿੱਚ ਰਹੀ। ਮਾਰਚ 2017 ਵਿੱਚ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਸੱਤਾ ਸੰਭਾਲੀ।2009 ਵਿੱਚ, ਰਾਜ ਦੇ ਲੋਕ ਨਿਰਮਾਣ ਵਿਭਾਗ ਦੇ ਮੁੱਖ ਇੰਜਨੀਅਰ (ਇਮਾਰਤਾਂ) ਨੇ ਇੱਕ ਚਾਰ ਮੰਜ਼ਿਲਾ ਮੁੱਖ ਇਮਾਰਤ ਅਤੇ ਵਰਕਸ਼ਾਪ ਦੀ ਉਸਾਰੀ ਲਈ ਸਾਰੀਆਂ ਸੱਤ ਪੌਲੀਟੈਕਨਿਕਾਂ ਲਈ 130.41 ਕਰੋੜ ਰੁਪਏ (ਰੁਪਏ 18.63 ਕਰੋੜ ਪ੍ਰਤੀ ਪੌਲੀਟੈਕਨਿਕ) ਵਿੱਚ ਸਿਵਲ ਕੰਮਾਂ ਦੀ ਅਨੁਮਾਨਿਤ ਲਾਗਤ ਦਾ ਕੰਮ ਕੀਤਾ, ਮੀਟਿੰਗ ਵਿੱਚ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (193-5) ਦੇ ਨਿਯਮ। ਹਾਲਾਂਕਿ, ਜਨਵਰੀ-ਫਰਵਰੀ 2010 ਵਿੱਚ, ਵਿਭਾਗ ਨੇ 56 ਕਰੋੜ ਰੁਪਏ (ਅਰਥਾਤ 8 ਕਰੋੜ ਰੁਪਏ ਪ੍ਰਤੀ ਪੌਲੀਟੈਕਨਿਕ) ਦੇ ਉਪਲਬਧ ਫੰਡਾਂ ਨਾਲ ਸਿੰਗਲ-ਮੰਜ਼ਲਾ ਇਮਾਰਤਾਂ (ਵਾਧੂ ਤਿੰਨ ਮੰਜ਼ਿਲਾਂ ਲਈ ਨੀਂਹ ਦੇ ਨਾਲ) ਅਤੇ ਸੱਤ ਪੌਲੀਟੈਕਨਿਕਾਂ ਲਈ ਵਰਕਸ਼ਾਪ ਦਾ ਨਿਰਮਾਣ ਕੰਮ ਸ਼ੁਰੂ ਕੀਤਾ। ਇਹ ਕੰਮ 2013-14 ਤੱਕ 59.43 ਕਰੋੜ ਰੁਪਏ ਵਿੱਚ ਪੂਰਾ ਕੀਤਾ ਗਿਆ ਸੀ।

ਇਸ ਦੌਰਾਨ, ਨਵੰਬਰ 2011 ਵਿੱਚ, ਵਿਭਾਗ ਨੇ ਪ੍ਰਤੀ ਕੋਰਸ, ਪ੍ਰਤੀ ਪੌਲੀਟੈਕਨਿਕ 60 ਵਿਦਿਆਰਥੀਆਂ ਦੀ ਸਾਲਾਨਾ ਦਾਖਲੇ ਵਾਲੇ ਪੰਜ ਕੋਰਸਾਂ ਨੂੰ ਸੂਚਿਤ ਕੀਤਾ।ਹਾਲਾਂਕਿ, ਨਵੰਬਰ 2012 ਵਿੱਚ, ਏਆਈਸੀਟੀਈ ਨੇ, ਉਪਲਬਧ ਬੁਨਿਆਦੀ ਢਾਂਚੇ ਨੂੰ ਧਿਆਨ ਵਿੱਚ ਰੱਖਦੇ ਹੋਏ, 2012-13 ਸੈਸ਼ਨ ਤੋਂ ਪ੍ਰਤੀ ਪੌਲੀਟੈਕਨਿਕ ਪ੍ਰਤੀ ਕੋਰਸ 60 ਵਿਦਿਆਰਥੀਆਂ ਦੇ ਸਾਲਾਨਾ ਦਾਖਲੇ ਦੇ ਨਾਲ ਸਿਰਫ ਦੋ ਕੋਰਸਾਂ ਨੂੰ ਮਨਜ਼ੂਰੀ ਦਿੱਤੀ, ਸ਼ੁਰੂ ਵਿੱਚ ਦੋ ਸਾਲਾਂ ਲਈ ਸਲਾਹਕਾਰ ਸੰਸਥਾਵਾਂ (ਦੂਜੀ ਸ਼ਿਫਟ) ਵਿੱਚ, ਅਤੇ ਉਸ ਤੋਂ ਬਾਅਦ ਨਵੇਂ ਬਣੇ ਪੌਲੀਟੈਕਨਿਕਾਂ ਵਿੱਚ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਮਾਂ ਵੱਧ ਜਾਣ ਕਾਰਨ ਅਕਤੂਬਰ 2015 ਤੱਕ ਬਾਕੀ ਮੰਜ਼ਿਲਾਂ ਨੂੰ ਬਣਾਉਣ ਲਈ ਫੰਡਾਂ ਦੀ ਲੋੜ ਵਧ ਕੇ 115.29 ਕਰੋੜ ਰੁਪਏ ਹੋ ਗਈ। ਇਹ ਸਭ ਕੁਝ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਹੋਇਆ। ਹਾਲਾਂਕਿ, 2022 ਵਿੱਚ ਵੀ, ਪੰਜਾਬ ਸਰਕਾਰ ਤੋਂ ਵਾਧੂ ਫੰਡਾਂ ਦੀ ਘਾਟ ਕਾਰਨ ਪੌਲੀਟੈਕਨਿਕ ਅਧੂਰੀ ਰਹੀ। ਸੰਸਥਾਨਾਂ ਨੇ ਪ੍ਰਤੀ ਕੋਰਸ 15-60 ਵਿਦਿਆਰਥੀਆਂ ਦੇ ਸਾਲਾਨਾ ਪ੍ਰਵਾਨਿਤ ਦਾਖਲੇ ਦੇ ਨਾਲ ਅੰਸ਼ਕ ਤੌਰ 'ਤੇ ਬਣੀਆਂ ਇਮਾਰਤਾਂ ਤੋਂ ਦੋ (ਬਾਕੀ ਸਫ਼ਾ 31 'ਤੇ)

# ਸਰਕਾਰ ਬਦਲਣ ਨਾਲ ਬਦਲ ਜਾਂਦੇ ਨੇ ਮੁੱਖ ਵਿਭਾਗਾਂ ਦੇ ਚਿਹਰੇ

ਚੰਡੀਗੜ੍ਹ/ਏ.ਟੀ.ਨਿਊਜ਼ :-ਪੰਜਾਬ ਵਿੱਚ ਜਦੋਂ ਵੀ ਸਰਕਾਰ ਬਦਲਦੀ ਹੈ, ਤਾਂ ਉਸ ਸਰਕਾਰ ਦੇ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਵੱਖ-ਵੱਖ ਸਰਕਾਰੀ ਵਿਭਾਗਾਂ, ਕਮਿਸ਼ਨਾਂ ਦੇ ਚਿਹਰੇ ਮੋਹਰੇ ਵੀ ਬਦਲ ਜਾਂਦੇ ਹਨ।

ਪੰਜਾਬ ਵਿੱਚ ਹਰ ਸਰਕਾਰ ਜਦੋਂ ਵੀ ਹੋਂਦ ਵਿੱਚ ਆਉਂਦੀ ਹੈ ਤਾਂ ਉਸ ਵੱਲੋਂ ਸਭ ਤੋਂ ਪਹਿਲਾਂ ਪੰਜਾਬ ਵਿੱਚ ਪ੍ਰਸ਼ਾਸਕੀ ਫੇਰ ਬਦਲ ਕੀਤਾ ਜਾਂਦਾ ਹੈ, ਜਿਸ ਅਧੀਨ ਵੱਡੀ ਪੱਧਰ 'ਤੇ ਆਈ ਏ ਐਸ ਅਤੇ ਆਈ ਪੀ ਐਸ ਅਫਸਰਾਂ ਦੇ ਤਬਾਦਲੇ ਕੀਤੇ ਜਾਂਦੇ ਹਨ। ਇਸ ਮੌਕੇ ਅਨੇਕਾਂ ਅਫਸਰ ਵੀ ਆਪਣੀ ਮਨਪਸੰਦ ਦੀ ਪੋਸਟ ਲੈਣ ਲਈ ਨਵੀਂ ਸਰਕਾਰ ਤਕ ਪਹੁੰਚ ਕਰਦੇ ਹਨ। ਇਸ ਤੋਂ ਇਲਾਵਾ ਹਰ ਸਰਕਾਰ ਵਿੱਚ ਅਧਿਕਾਰੀਆਂ ਦੇ ਤਬਾਦਲਿਆਂ ਦਾ ਸਿਲਸਿਲਾ ਅਕਸਰ ਚਲਦਾ ਰਹਿੰਦਾ ਹੈ। ਇਹੋ ਹਾਲ ਵੱਖ ਵੱਖ ਕਮਿਸ਼ਨਾਂ ਦੇ ਮੁਖੀਆਂ ਦਾ ਹੁੰਦਾ ਹੈ। ਹਰ ਸਰਕਾਰ ਬਦਲਣ ਵੇਲੇ ਸਰਕਾਰ ਵੱਲੋਂ ਵੱਖ ਵੱਖ ਕਮਿਸ਼ਨਾਂ ਦੇ ਮੁਖੀ ਜਾਂ ਚੇਅਰਪਰਸਨ ਵੀ ਬਦਲ ਦਿਤੇ ਜਾਂਦੇ ਹਨ ਪਰ ਕਈ ਵਾਰ ਸਰਕਾਰ ਲਈ ਉਸ ਵੇਲੇ ਸਥਿਤੀ ਅਜੀਬ ਹੋ ਜਾਂਦੀ ਹੈ ਜਦੋਂ ਸਰਕਾਰ ਕਿਸੇ ਕਮਿਸ਼ਨ ਦੇ ਮੁਖੀ ਜਾਂ ਚੇਅਰਪਰਸਨ ਨੂੰ ਅਹੁਦੇ ਤੋਂ ਹਟਾਉਣ ਦਾ ਐਲਾਨ ਦੇ ਬਾਅਦ ਉਸ ਕਮਿਸ਼ਨ ਦਾ ਮੁਖੀ ਮਾਣਯੋਗ ਅਦਾਲਤ ਵਿੱਚ ਜਾ ਪਹੁੰਚਦਾ ਹੈ।



ਪੰਜਾਬ ਵਿੱਚ ਇਸ ਸਮੇਂ ਮਹਿਲਾ ਕਮਿਸ਼ਨ ਪੰਜਾਬ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਮਾਮਲੇ ਵਿੱਚ ਵੀ ਅਜਿਹਾ ਹੋ ਰਿਹਾ ਹੈ। ਮਨੀਸ਼ਾ ਗੁਲਾਟੀ ਨੂੰ ਪਹਿਲਾਂ ਵੀ ਪੰਜਾਬ ਸਰਕਾਰ ਅਹੁਦੇ ਤੋਂ ਹਟਾਉਣ ਦਾ ਐਲਾਨ ਕਰ ਚੁੱਕੀ ਹੈ ਪਰ ਮਨੀਸ਼ਾ ਵੱਲੋਂ ਇਸ ਸਬੰਧੀ ਹਾਈਕੋਰਟ ਵਿੱਚ ਜਾਣ ਤੋਂ ਬਾਅਦ ਪੰਜਾਬ ਸਰਕਾਰ ਨੇ ਆਪਣਾ ਫੈਸਲਾ ਬਦਲ ਲਿਆ ਸੀ। ਉਸ ਤੋਂ ਬਾਅਦ ਪੰਜਾਬ ਸਰਕਾਰ ਵਲੋਂ ਫਿਰ ਆਪਣਾ ਫੈਸਲਾ ਬਦਲਦੇ ਹੋਏ ਮਨੀਸ਼ਾ ਗੁਲਾਟੀ ਨੂੰ ਉਸਦੇ ਅਹੁਦੇ ਤੋਂ ਹਟਾ ਦਿਤਾ ਗਿਆ, ਜਿਸ ਖਿਲਾਫ ਮਨੀਸ਼ਾ ਗੁਲਾਟੀ ਮੁੜ ਹਾਈਕੋਰਟ ਦੀ ਸ਼ਰਨ ਵਿਚ ਪਹੁੰਚੇ ਹੋਏ ਹਨ।

ਮਨੀਸ਼ਾ ਗੁਲਾਟੀ ਨੂੰ ਪਿਛਲੀ ਕਾਂਗਰਸ ਸਰਕਾਰ ਨੇ ਮਹਿਲਾ ਕਮਿਸ਼ਨ ਪੰਜਾਬ ਦਾ ਚੇਅਰਪਰਸਨ ਨਿਯੁਕਤ ਕੀਤਾ ਸੀ। ਉਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਦੇ ਭਾਜਪਾ ਤੋਂ ਜਾਣ ਤੋਂ ਬਾਅਦ ਮਨੀਸ਼ਾ ਗੁਲਾਟੀ ਵੀ ਭਾਜਪਾ ਵਿੱਚ ਚਲੇ ਗਏ ਸਨ ਪਰ ਉਹਨਾਂ ਨੇ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਅਹੁਦੇ ਤੋਂ ਅਸਤੀਫਾ ਨਹੀਂ ਸੀ ਦਿਤਾ। ਜਿਸ ਕਰਕੇ ਹੁਣ ਸਰਕਾਰ ਨੇ ਮਨੀਸ਼ਾ ਗੁਲਾਟੀ ਨੂੰ ਹਟਾਉਣ ਦਾ ਫੈਸਲਾ ਕਰ ਦਿਤਾ, ਜਿਸ ਦੇ ਵਿਰੁੱਧ ਹੁਣ ਮਨੀਸ਼ਾ ਗੁਲਾਟੀ ਹਾਈਕੋਰਟ ਦੀ ਸ਼ਰਨ ਵਿਚ ਹਨ।

ਇਸੇ ਤਰਾਂ ਦੇ ਹੋਰ ਵੀ ਕਈ ਮਾਮਲੇ ਅਕਸਰ ਸੁਰਖੀਆਂ ਵਿੱਚ ਆਉਂਦੇ ਹਨ। ਅਸਲ ਵਿੱਚ ਹਰ ਸਰਕਾਰ ਹਰ ਕਮਿਸ਼ਨ ਅਤੇ ਹੋਰ ਵਿਭਾਗਾਂ ਦੇ ਮੁਖੀ ਆਪਣੀ ਸਿਆਸੀ ਪਾਰਟੀ ਦੇ ਉਹਨਾਂ ਆਗੂਆਂ ਨੂੰ ਲਗਾਉਣਾ ਚਾਹੁੰਦੀ ਹੈ, ਜਿਹੜੇ ਆਗੂਆਂ ਨੇ ਚੋਣਾਂ ਦੌਰਾਨ ਸੱਤਾਧਾਰੀ ਪਾਰਟੀ ਦੀ ਜਿੱਤ ਵਿੱਚ ਵੱਡਾ ਯੋਗਦਾਨ ਪਾਇਆ ਹੁੰਦਾ ਹੈ। ਇਸ ਤਰਾਂ ਸਰਕਾਰ ਵਲੋਂ ਜਿਹੜੇ ਵਿਧਾਇਕ ਮੰਤਰੀ ਨਹੀਂ ਬਣਾਏ ਜਾ ਸਕਦੇ, ਉਹਨਾਂ ਨੂੰ ਵੱਖ ਵੱਖ ਤਰਾਂ ਦੀਆਂ ਚੇਅਰਮੈਨੀਆਂ ਨਾਲ ਖੁਸ਼ ਕਰਨ ਦਾ ਯਤਨ ਕੀਤਾ ਜਾਂਦਾ ਹੈ। ਇਸੇ ਤਰਾਂ ਹਰ ਨਵੀਂ ਪੰਜਾਬ ਸਰਕਾਰ ਵਲੋਂ ਮਹਿਲਾ ਕਮਿਸ਼ਨ ਪੰਜਾਬ ਦੇ ਚੇਅਰਪਰਸਨ ਦੀ ਨਿਯੁਕਤੀ ਵੀ ਸੱਤਾਧਾਰੀ ਪਾਰਟੀ ਦੇ ਕਿਸੇ ਮਹਿਲਾ ਆਗੂ ਦੀ ਕੀਤੀ ਜਾਂਦੀ ਹੈ।

## ਕੋਟਕਪੂਰਾ ਗੋਲੀਕਾਂਡ

# ਪੰਜਾਬ-ਹਰਿਆਣਾ ਹਾਈਕੋਰਟ ਵੱਲੋਂ ਸੁਖਬੀਰ ਬਾਦਲ ਨੂੰ ਵੱਡੀ ਰਾਹਤ



ਚੰਡੀਗੜ੍ਹ : ਕੋਟਕਪੂਰਾ ਗੋਲ਼ੀ ਕਾਂਡ ਮਾਮਲੇ ਨਾਲ ਜੁੜੀ ਵੱਡੀ ਖ਼ਬਰ ਸਾਹਮਣੇ ਆਈ ਹੈ। ਜਾਣਕਾਰੀ ਮੁਤਾਬਕ ਪੰਜਾਬ ਹਰਿਆਣਾ ਹਾਈਕੋਰਟ ਨੇ ਕੋਟਕਪੂਰਾ ਗੋਲ਼ੀਕਾਂਡ 'ਚ ਨਾਮਜ਼ਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਅਗਾਊਂ ਜ਼ਮਾਨਤ ਦੇ ਦਿੱਤੀ ਹੈ। ਇਸ ਦੇ ਨਾਲ ਹੀ ਮਾਣਯੋਗ ਅਦਾਲਤ ਨੇ ਸੁਖਬੀਰ ਬਾਦਲ ਨੂੰ 15 ਦਿਨ ਅੰਦਰ ਫਰੀਦਕੋਟ ਜ਼ਿਲ੍ਹਾ ਅਦਾਲਤ 'ਚ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਹਨ। ਦਰਅਸਲ ਸੁਖਬੀਰ ਸਿੰਘ ਬਾਦਲ ਵੱਲੋਂ ਫਰੀਦਕੋਟ ਅਦਾਲਤ 'ਚ ਇਸ ਮਾਮਲੇ ਨੂੰ ਲੈ ਅਗਾਊਂ ਜ਼ਮਾਨਤ ਅਰਜ਼ੀ ਦਾਇਰ ਕੀਤੀ ਗਈ ਸੀ ਪਰ 16 ਮਾਰਚ ਨੂੰ ਮਾਣਯੋਗ ਅਦਾਲਤ ਵੱਲੋਂ ਇਸ ਮਾਮਲੇ 'ਚ ਸੁਣਵਾਈ ਕਰਦਿਆਂ ਸੁਖਬੀਰ ਬਾਦਲ ਦੀ ਅਗਾਊਂ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਗਈ ਸੀ। ਜਿਸ ਦੇ ਚੱਲਦਿਆਂ ਸੁਖਬੀਰ ਬਾਦਲ ਨੇ ਹਾਈਕੋਰਟ ਦਾ ਰੁਖ ਕੀਤਾ ਸੀ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ 24 ਫਰਵਰੀ ਨੂੰ ਏ. ਡੀ. ਜੀ. ਪੀ. ਐੱਲ. ਕੇ. ਯਾਦਵ ਦੀ ਅਗਵਾਈ ਵਾਲੀ ਸਿਟ ਨੇ 7 ਹਜ਼ਾਰ ਪੰਨਿਆ ਦਾ ਚਲਾਨ ਫਰੀਦਕੋਟ ਅਦਾਲਤ 'ਚ ਪੇਸ਼ ਕੀਤਾ ਸੀ, ਜਿਸ 'ਚ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ ਤੇ ਸੁਮੇਧ ਸੈਣੀ ਸਮੇਤ ਕਈ ਪੁਲਿਸ ਅਧਿਕਾਰੀਆਂ ਨੂੰ ਨਾਮਜ਼ਦ ਕੀਤਾ ਗਿਆ ਸੀ ਅਤੇ ਸੁਖਬੀਰ ਬਾਦਲ ਤੇ ਸੁਮੇਧ ਸੈਣੀ ਨੂੰ (ਬਾਕੀ ਸਫ਼ਾ 30 'ਤੇ)

# ਭਗਵੰਤ ਮਾਨ ਵੱਲੋਂ ਸਵਾ ਦੋ ਮਹੀਨੇ 'ਚ ਦੂਜੀ ਵਾਰ ਆਪਣੇ ਮੰਤਰੀਆਂ ਦੇ ਵਿਭਾਗਾਂ ਵਿੱਚ ਫੇਰਬਦਲ

ਚੰਡੀਗੜ੍ਹ : ਸਵਾ ਦੋ ਮਹੀਨੇ ਵਿੱਚ ਆਪਣੇ ਮੰਤਰੀ ਮੰਡਲ ਦੇ ਮੰਤਰੀਆਂ ਦੇ ਵਿਭਾਗਾਂ ਵਿੱਚ ਦੂਜੀ ਵਾਰ ਫੇਰ ਬਦਲ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ 14 ਤੋਂ 5 ਮੰਤਰੀਆਂ ਦੇ ਵਿਭਾਗਾਂ ਨੂੰ ਬਦਲ ਦਿਤਾ। ਜਿਹੜੇ ਪੰਜ ਮੰਤਰੀਆਂ ਦੇ ਵਿਭਾਗ ਬਦਲੇ ਗਏ ਹਨ, ਉਹਨਾਂ ਵਿੱਚ ਅਮਨ ਅਰੋੜਾ, ਗੁਰਮੀਤ ਸਿੰਘ ਮੀਤ ਹੇਅਰ, ਲਾਲਜੀਤ ਸਿੰਘ ਭੁੱਲਰ, ਚੇਤਨ ਸਿੰਘ ਜੌੜਾਮਾਜਰਾ ਅਤੇ ਅਨਮੋਲ ਗਗਨ ਮਾਨ ਸ਼ਾਮਲ ਹਨ। ਇਸ ਫੇਰਬਦਲ ਵਿੱਚ ਅਮਨ ਅਰੋੜਾ ਤੋਂ ਦੋ ਵੱਡੇ ਮਹਿਕਮੇ ਵਾਪਸ ਲੈ ਲਏ ਗਏ।



ਅਮਨ ਅਰੋੜਾ ਨੇ ਕੁਝ ਦਿਨ ਪਹਿਲਾਂ ਹੀ ਗੈਂਗਸਟਰਾਂ ਦੇ ਹੱਥੋਂ ਮਾਰੇ ਗਏ ਪੰਜਾਬੀ ਸਿੰਗਰ ਸਿੱਧੂ ਮੂਸੇਵਾਲਾ ਬਾਰੇ ਬਿਆਨਬਾਜ਼ੀ ਕੀਤੀ ਸੀ। ਮੁੱਖ ਮੰਤਰੀ ਨੇ ਉਹਨਾਂ ਤੋਂ ਲੋਕਲ ਬਾਡੀਜ ਅਤੇ ਇਨਫਾਰਮੇਸ਼ਨ ਐਂਡ ਪਬਲਿਕ ਰਿਲੇਸ਼ਨ ਮਹਿਕਮਾ ਵਾਪਸ ਲੈ ਕੇ ਗਵਰਨੇਸ ਰਿਫਾਰਮਸ ਡਿਪਾਰਟਮੈਂਟ ਮਹਿਕਮਾ ਦੇ ਦਿਤਾ, ਇਹ ਮਹਿਕਮਾ ਪਹਿਲਾਂ ਮੀਤ ਹੇਅਰ ਦੇ ਕੋਲ ਸੀ।

ਅਮਨ ਅਰੋੜਾ ਦੇ ਕੋਲ ਹੁਣ ਕੁੱਲ ਚਾਰ ਵਿਭਾਗਾਂ ਦੀ ਜਿੰਮੇਵਾਰੀ ਹੋਵੇਗੀ। ਅਰੋੜਾ ਤੋਂ ਵਾਪਸ ਲਿਆ ਗਿਆ ਇਨਫਾਰਮੇਸ਼ਨ ਐਂਡ ਪਬਲਿਕ ਰਿਲੇਸ਼ਨ ਮਹਿਕਮਾ ਚੇਤਨ ਸਿੰਘ ਜੌੜਾਮਾਜਰਾ ਨੂੰ ਦੇ ਦਿਤਾ ਗਿਆ ਹੈ, ਉਥੇ ਜੌੜਾਮਾਜਰਾ ਤੋਂ ਫੂਡ ਪ੍ਰੋਸੈਸਿੰਗ ਮਹਿਕਮਾ ਲੈ ਕੇ ਲਾਲਜੀਤ ਸਿੰਘ ਭੁੱਲਰ ਨੂੰ ਦੇ ਦਿਤਾ ਗਿਆ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਮੀਤ ਹੇਅਰ ਨੂੰ 4 ਵਿਭਾਗਾਂ ਦੀ ਜਿੰਮੇਵਾਰੀ ਦਿਤੀ ਹੈ। ਮੀਤ ਹੇਅਰ ਕੋਲ ਸਾਇੰਸ,ਟੈਕਨਾਲੌਜੀ ਐਂਡ ਇਨਵਾਇਰਮੈਂਟ, ਖੇਡਾਂ ਤੇ ਯੁਵਾ ਸੇਵਾਵਾਂ, ਵਾਟਰ ਰਿਸੋਰਸਜ਼, ਮਾਇਨਿੰਗ ਵਿਭਾਗ ਹਨ।

ਲਾਲਜੀਤ ਸਿੰਘ ਭੁੱਲਰ ਨੂੰ ਤਿੰਨ ਵਿਭਾਗਾਂ ਦੀ ਜਿੰਮੇਵਾਰੀ ਦਿਤੀ ਗਈ ਹੈ। ਲਾਲਜੀਤ ਸਿੰਘ ਭੁੱਲਰ ਕੋਲ ਟਰਾਂਸਪੋਰਟ, ਪਸ਼ੂਪਾਲਣ ਅਤੇ ਫੂਡ ਪ੍ਰੋਸੈਸਿੰਗ ਵਿਭਾਗ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਹੋਮ, ਵਿਜੀਲੈਂਸ, ਇੰਡਸਟਰੀ, ਜੇਲ ਅਤੇ ਅਰਬਨ ਐਂਡ ਹਾਊਸਿੰਗ ਸਮੇਤ ਕੁੱਲ 10 ਵਿਭਾਗ ਆਪਣੇ ਕੋਲ ਰੱਖੇ ਹਨ।

ਕੈਬਿਨੇਟ ਮੰਤਰੀ ਜੌੜਾਮਾਜਰਾ ਕੋਲ ਡਿਫੈਂਸ ਸਰਵਿਸ ਵੈਲਫੇਅਰ, ਸੂਚਨਾ ਅਤੇ ਪਬਲਿਕ ਰਿਲੇਸ਼ਨ, ਫਰੀਡਮ ਫਾਇਟਰਜ਼, ਬਾਗਬਜਾਨੀ ਰਿਲੇਸ਼ਨ ਵਿਭਾਗ ਹਨ। ਇਸੇ ਤਰਾਂ ਮੁੱਖ ਮੰਤਰੀ ਵੱਲੋਂ ਕੈਬਿਨੇਟ ਮੰਤਰੀ ਅਨਮੋਲ ਗਗਨ ਮਾਨ ਨੂੰ ਟੂਰਿਜਮ ਐਂਡ ਕਲਚਰਲ ਅਫੇਅਰਜ਼, ਲੇਬਰ, ਇਨਵੈਸਟਮੈਂਟ ਪ੍ਰਮੋਸ਼ਨ, ਹਾਸਿਪਟੈਲਿਟੀ ਵਿਭਾਗ ਦਿਤੇ ਗਏ ਹਨ।

ਮੁੱਖ ਮੰਤਰੀ ਨੇ ਆਪਣੇ 9 ਹੋਰ ਮੰਤਰੀਆਂ ਦੇ ਵਿਭਾਗਾਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ। ਜਿਹੜੇ ਮੰਤਰੀਆਂ ਦੇ ਵਿਭਾਗਾਂ ਵਿੱਚ ਤਬਦੀਲੀ ਨਹੀਂ ਕੀਤੀ ਗਈ, ਉਹਨਾਂ ਵਿੱਚ ਹਰਪਾਲ ਸਿੰਘ ਚੀਮਾ, ਡਾ. ਬਲਜੀਤ ਕੌਰ, ਹਰਭਜਨ ਸਿੰਘ ਈਟੀਓ, ਲਾਲਚੰਦ ਕਟਾਰੂਚੱਕ, ਕੁਲਦੀਪ ਸਿੰਘ ਧਾਲੀਵਾਲ, ਬ੍ਰਹਮਸ਼ੰਕਰ ਜਿੰਪਾ, ਹਰਜੋਤ ਬੈਂਸ, ਇੰਦਰਬੀਰ ਸਿੰਘ ਨਿਜ਼ਰ ਅਤੇ ਡਾ. ਬਲਵੀਰ ਸਿੰਘ ਸ਼ਾਮਲ ਹਨ।

ਸਵਾ 2 ਮਹੀਨਿਆਂ ਵਿੱਚ ਦੂਜੀ ਵਾਰ ਫੇਰਬਦਲ

ਪੰਜਾਬ ਵਿੱਚ ਸਵਾ 2 ਮਹੀਨਿਆਂ ਵਿੱਚ ਦੂਜੀ ਵਾਰ ਮੰਤਰੀਆਂ ਦੇ ਵਿਭਾਗਾਂ ਵਿੱਚ ਫੇਰਬਦਲ ਕੀਤਾ ਗਿਆ ਹੈ। ਪਹਿਲਾਂ 7 ਜਨਵਰੀ 2023 ਨੂੰ ਉਸ ਸਮੇਂ ਦੇ ਕੈਬਿਨੇਟ ਮੰਤਰੀ ਫੌਜਾ ਸਿੰਘ ਸਰਾਰੀ ਅਸਤੀਫੇ ਤੋਂ ਬਾਅਦ ਮੰਤਰੀਆਂ ਦੇ ਵਿਭਾਗਾਂ ਵਿੱਚ ਫੇਰਬਦਲ ਕੀਤਾ ਗਿਆ।

ਸਰਾਰੀ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਣ ਤੋਂ ਬਾਅਦ ਉਹਨਾਂ ਨੂੰ ਆਪਣਾ ਅਹੁਦਾ ਛੱਡਣਾ ਪਿਆ ਸੀ। ਸਰਾਰੀ ਦੇ ਅਸਤੀਫੇ ਤੋਂ ਬਾਅਦ, 7 ਜਨਵਰੀ ਨੂੰ ਹੀ ਡਾ. ਬਲਵੀਰ ਸਿੰਘ ਨੂੰ ਨਵੇਂ ਕੈਬਿਨੇਟ ਮੰਤਰੀ ਦੇ ਰੂਪ ਵਿੱਚ ਸਹੁੰ ਚੁਕਾਈ ਗਈ ਸੀ। ਡਾ. ਬਲਬੀਰ ਸਿੰਘ ਪਟਿਆਲਾ ਰੂਰਲ ਸੀਟ ਤੋਂ ਆਪ ਦੇ ਵਿਧਾਇਕ ਹਨ।

ਡਾ. ਬਲਵੀਰ ਸਿੰਘ ਦੇ ਸਿਹਤ ਮੰਤਰੀ ਬਣਨ ਦੇ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਈ ਮੰਤਰੀਆਂ ਦੇ ਵਿਭਾਗ ਬਦਲਦੇ ਹੋਏ ਜੇਲ੍ਹ ਵਿਭਾਗ ਖੁਦ ਰੱਖ ਲਿਆ ਸੀ। ਉਸ ਸਮੇਂ ਡਾ. ਬਲਵੀਰ ਸਿੰਘ ਨੂੰ ਸਿਹਤ, ਚੇਤਨ ਸਿੰਘ ਜੌੜਾ ਮਾਜਰਾ ਨੂੰ ਫੂਡ ਪ੍ਰੋਸੈਸਿੰਗ ਅਤੇ ਬਾਗਵਾਨੀ, ਹਰਜੋਤ ਸਿੰਘ ਬੈਂਸ ਨੂੰ ਸਿੱਖਿਆ, ਮੀਤ ਹੇਅਰ ਨੂੰ ਮਾਇਨਿੰਗ ਵਿਭਾਗ ਦੀ ਜਿੰਮੇਵਾਰੀ ਦਿਤੀ ਗਈ ਸੀ।

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜ਼ਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਕੈਨੇਡਾ 'ਚ ਏਜੰਟਾਂ ਦੀ ਧੋਖਾਧੜੀ ਦਾ ਸ਼ਿਕਾਰ ਹੋਏ ਵਿਦਿਆਰਥੀਆਂ ਦੀ ਕੌਣ ਸੁਣੂੰ ਪੁਕਾਰ

## ਕੈਨੇਡਾ ਵਿੱਚ ਏਜੰਟ ਦੀ ਧੋਖਾਧੜੀ ਦਾ ਖ਼ਮਿਆਜ਼ਾ ਭੁਗਤ ਰਹੇ ਹਨ 700 ਵਿਦਿਆਰਥੀ



ਨਵੀਂ ਦਿੱਲੀ/ਏ.ਟੀ.ਨਿਊਜ਼ :-ਕੈਨੇਡਾ ਜਾ ਕੇ ਸਟੱਡੀ ਕਰਨਾ ਹਰ ਪੰਜਾਬੀ ਵਿਦਿਆਰਥੀ ਦਾ ਸੁਪਨਾ ਹੁੰਦਾ ਹੈ। ਇਸ ਲਈ ਵਿਦਿਆਰਥੀਆਂ ਵੱਲੋਂ ਦਸਵੀਂ ਕਰਨ ਤੋਂ ਬਾਅਦ ਹਰ ਹੀਲੇ ਕੈਨੇਡਾ ਜਾਣ ਦੇ ਯਤਨ ਕੀਤੇ ਜਾਂਦੇ ਹਨ। ਇਸ ਲਈ ਆਈਲੈਟਸ ਕਰਕੇ ਕੈਨੇਡਾ ਜਾਣ ਦਾ ਰੁਝਾਨ ਵੱਧ ਰਿਹਾ ਹੈ ਪਰ ਕੈਨੇਡਾ ਜਾ ਕੇ ਸਟੱਡੀ ਕਰਨ ਦੇ ਚਾਅ ਵਿੱਚ ਕਈ ਵਾਰ ਵਿਦਿਆਰਥੀ ਟ੍ਰੈਵਲ ਏਜੰਟਾਂ ਦੇ ਜਾਲ ਵਿੱਚ ਫਸ ਜਾਂਦੇ ਹਨ। ਪੈਸੇ ਕਮਾਉਣ ਦੇ ਲਾਲਚ ਵਿੱਚ ਕਈ ਟ੍ਰੇਵਲ ਏਜੰਟ ਅਕਸਰ ਗਲਤ ਤਰੀਕਿਆਂ ਨਾਲ ਜਾਂ ਜਾਅਲੀ ਦਸਤਾਵੇਜ਼ਾਂ ਨਾਲ ਵੀ ਵਿਦਿਆਰਥੀਆਂ ਨੂੰ ਕੈਨੇਡਾ ਭੇਜ ਦਿੰਦੇ ਹਨ, ਜਿਸ ਕਰਕੇ ਕੈਨੇਡਾ ਜਾ ਕੇ ਇਹਨਾਂ ਵਿਦਿਆਰਥੀਆਂ ਨੂੰ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹੁਣ ਤਾਜ਼ਾ ਮਾਮਲਾ ਪੰਜਾਬ ਤੋਂ ਕੈਨੇਡਾ ਗਏ 700 ਵਿਦਿਆਰਥੀਆਂ ਦਾ ਹੈ। ਪੰਜਾਬ ਤੋਂ ਇਕ ਏਜੰਟ ਰਾਹੀਂ ਕੈਨੇਡਾ ਸਟੱਡੀ ਕਰਨ ਗਏ 700 ਵਿਦਿਆਰਥੀਆਂ 'ਤੇ ਦੇਸ਼ ਨਿਕਾਲੇ ਦੀ ਤਲਵਾਰ ਲਟਕ ਗਈ ਹੈ।

**ਇਕ ਟ੍ਰੈਵਲ ਏਜੰਟ ਦੀ ਠੱਗੀ ਦਾ ਸ਼ਿਕਾਰ ਹੋਏ 700 ਵਿਦਿਆਰਥੀ :** ਕੈਨੇਡਾ ਵਿੱਚੋਂ ਡਿਪੋਰਟ ਕੀਤੇ ਜਾ ਰਹੇ 700 ਵਿਦਿਆਰਥੀ ਅਸਲ ਵਿੱਚ ਪੰਜਾਬ ਦੇ ਇਕ ਹੀ ਏਜੰਟ ਦੀ ਠੱਗੀ ਦਾ ਸ਼ਿਕਾਰ ਹੋਏ ਹਨ। ਮੀਡੀਆ ਰਿਪੋਰਟਾਂ ਅਨੁਸਾਰ ਆਪਣੇ ਆਪ ਨੂੰ ਪੰਜਾਬ ਵਿੱਚ ਐਜੂਕੇਸ਼ਨ ਮਾਈਗ੍ਰੇਸ਼ਨ ਸੇਵਾਵਾਂ ਚਲਾਉਂਦੇ ਹੋਣ ਦਾ ਦਾਅਵਾ ਕਰਨ ਵਾਲੇ ਬ੍ਰਿਜੇਸ਼ ਮਿਸ਼ਰਾ ਨੇ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਤੋਂ ਪ੍ਰਤੀ ਵਿਦਿਆਰਥੀ 16 ਲੱਖ ਤੋਂ 20 ਲੱਖ ਰੁਪਏ ਲਏ। 2013 ਵਿੱਚ, ਉਸਨੂੰ ਵਿਦਿਆਰਥੀਆਂ ਨੂੰ ਵਿਦੇਸ਼ ਭੇਜਣ ਲਈ ਜਾਅਲੀ ਦਸਤਾਵੇਜ਼ ਬਣਾਉਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਇਕ ਮੀਡੀਆ ਰਿਪੋਰਟ ਅਨੁਸਾਰ, ਉਹ ਉਦੋਂ ਈਜ਼ੀ ਵੇਅ ਇਮੀਗ੍ਰੇਸ਼ਨ ਕੰਸਲਟੈਂਸੀ ਨਾਮ ਦੀ ਇਮੀਗ੍ਰੇਸ਼ਨ ਕੰਪਨੀ ਚਲਾ ਰਿਹਾ ਸੀ। ਜਾਣਕਾਰੀ ਅਨੁਸਾਰ ਕੈਨੇਡੀਅਨ ਬਾਰਡਰ ਸਿਕਿਓਰਟੀ ਏਜੰਸੀ (ਸੀ ਬੀ ਐਸ ਏ) ਨੇ ਇਸ ਏਜੰਟ ਰਾਹੀਂ ਕੈਨੇਡਾ ਗਏ 700 ਵਿਦਿਆਰਥੀਆਂ ਨੂੰ ਡਿਪੋਰਟ ਕਰਨ ਦੇ ਨੋਟਿਸ ਜਾਰੀ ਕੀਤੇ ਹਨ। ਇਸ ਏਜੰਸੀ ਅਨੁਸਾਰ ਕੈਨੇਡਾ ਦੇ ਵਿਦਿਅਕ ਅਦਾਰਿਆਂ ਵਿੱਚ ਦਾਖਲੇ ਸਬੰਧੀ ਇਹਨਾਂ ਵਿਦਿਆਰਥੀਆਂ ਦੇ ਆਫਰ ਲੈਟਰ ਫਰਜੀ ਪਾਏ ਗਏ ਸਨ।

ਕੁਝ ਪੀੜ੍ਹਤ ਵਿਦਿਆਰਥੀਆਂ ਵੱਲੋਂ ਮੀਡੀਆ ਨੂੰ ਦਿੱਤੀ ਗਈ ਜਾਣਕਾਰੀ ਅਨੁਸਾਰ ਜਦੋਂ ਇਹ ਵਿਦਿਆਰਥੀ ਟੋਰਾਂਟੋ ਵਿੱਚ ਉਤਰੇ ਅਤੇ ਕਾਲਜ ਜਾ ਰਹੇ ਸਨ ਤਾਂ ਏਜੰਟ ਵੱਲੋਂ ਫੋਨ ਕਰਕੇ ਉਹਨਾਂ ਨੂੰ ਦੱਸਿਆ ਗਿਆ ਕਿ ਉਹਨਾਂ ਨੂੰ ਦਿੱਤੇ ਗਏ ਕੋਰਸਾਂ ਦੀਆਂ ਸਾਰੀਆਂ ਸੀਟਾਂ ਭਰ ਗਈਆਂ ਹਨ ਅਤੇ ਉਹਨਾਂ ਨੂੰ ਹੁਣ ਅਗਲੇ ਕੋਰਸ ਸ਼ੁਰੂ ਹੋਣ ਤੱਕ ਉਡੀਕ ਕਰਨੀ ਪਵੇਗੀ। 6 ਮਹੀਨਿਆਂ ਬਾਅਦ ਸਮੈਸਟਰ ਜਾਂ ਫਿਰ ਉਹ ਕਿਸੇ ਹੋਰ ਕਾਲਜ ਅਤੇ ਸੁਰੱਖਿਅਤ ਸਮੇਂ ਵਿੱਚ ਦਾਖਲਾ ਲੈ ਸਕਦੇ ਸਨ। ਹਾਲਾਂਕਿ ਉਸ ਏਜੰਟ ਨੇ ਕਾਲਜ ਦੀ ਫੀਸ ਵਾਪਸ ਕਰ ਦਿੱਤੀ, ਜਿਸ ਨਾਲ ਵਿਦਿਆਰਥੀਆਂ ਨੂੰ ਉਸਦੀ ਸੱਚਾਈ 'ਤੇ ਵਿਸ਼ਵਾਸ ਹੋ ਗਿਆ।

ਟ੍ਰੈਵਲ ਏਜੰਟ ਦੀ ਸਲਾਹ ਮੁਤਾਬਕ ਵਿਦਿਆਰਥੀਆਂ ਨੇ ਬਿਨਾਂ ਸੋਚੇ ਸਮਝੇ ਇੱਕ ਹੋਰ ਕਾਲਜ ਨਾਲ ਸੰਪਰਕ ਕੀਤਾ, ਜਿਸ ਦੇ ਬਾਰੇ ਉਹਨਾਂ ਨੂੰ ਘੱਟ ਜਾਣਕਾਰੀ ਸੀ ਅਤੇ ਉਹਨਾਂ ਨੇ ਉਪਲਬਧ 2-ਸਾਲ ਦੇ ਡਿਪਲੋਮਾ ਕੋਰਸਾਂ ਵਿੱਚ ਦਾਖਲਾ ਲੈ ਲਿਆ। ਕਲਾਸਾਂ ਸ਼ੁਰੂ ਹੋ ਗਈਆਂ ਅਤੇ ਕੋਰਸ ਪੂਰਾ ਹੋਣ ਤੋਂ ਬਾਅਦ ਵਿਦਿਆਰਥੀਆਂ ਨੂੰ ਵਰਕ ਪਰਮਿਟ ਮਿਲ ਗਏ। ਕੈਨੇਡਾ ਵਿੱਚ ਸਥਾਈ ਨਿਵਾਸੀ ਸਥਿਤੀ ਦੇ ਯੋਗ ਬਣਨ 'ਤੇ, ਵਿਦਿਆਰਥੀਆਂ ਨੇ ਨਿਯਮ ਅਨੁਸਾਰ ਇਮੀਗ੍ਰੇਸ਼ਨ ਵਿਭਾਗ ਨੂੰ ਸੰਬੰਧਿਤ ਦਸਤਾਵੇਜ਼ ਜਮ੍ਹਾ ਕਰਵਾਏ।

ਸਾਰੀ ਮੁਸੀਬਤ ਉਦੋਂ ਸ਼ੁਰੂ ਹੋਈ ਜਦੋਂ ਸੀ.ਬੀ.ਐਸ.ਏ. ਨੇ ਉਹਨਾਂ ਦਸਤਾਵੇਜ਼ਾਂ ਦੀ ਜਾਂਚ ਕੀਤੀ, ਜਿਸ ਦੇ ਆਧਾਰ 'ਤੇ ਵਿਦਿਆਰਥੀਆਂ ਨੂੰ ਵੀਜ਼ਾ ਦਿੱਤਾ ਗਿਆ ਸੀ ਅਤੇ ਪਾਇਆ ਗਿਆ ਕਿ ਦਾਖਲਾ ਪੇਸ਼ਕਸ਼ ਪੱਤਰ ਜਾਅਲੀ ਸਨ। ਸੁਣਵਾਈ ਦਾ ਮੌਕਾ ਦੇਣ ਤੋਂ ਬਾਅਦ ਸਾਰੇ ਵਿਦਿਆਰਥੀਆਂ ਨੂੰ ਦੇਸ਼ ਨਿਕਾਲੇ ਦੇ ਨੋਟਿਸ ਜਾਰੀ ਕੀਤੇ ਗਏ ਸਨ।

ਪੀੜ੍ਹਤ ਵਿਦਿਆਰਥੀਆਂ ਨੇ ਦਸਿਆ ਕਿ ਏਜੰਟ ਨੇ ਬੜੀ ਹੁਸ਼ਿਆਰੀ ਨਾਲ ਵਿਦਿਆਰਥੀਆਂ ਦੀਆਂ ਵੀਜ਼ਾ ਅਰਜ਼ੀਆਂ ਦੀਆਂ ਫਾਈਲਾਂ 'ਤੇ ਖ਼ੁਦ ਦਸਤਖ਼ਤ ਨਹੀਂ ਕੀਤੇ ਪਰ ਹਰੇਕ ਵਿਦਿਆਰਥੀ ਨੂੰ ਇਹ ਦਰਸਾਉਣ ਲਈ ਸਾਈਨ ਕਰਵਾ ਦਿੱਤਾ ਕਿ ਵਿਦਿਆਰਥੀ ਕਿਸੇ ਏਜੰਟ ਦੀਆਂ ਸੇਵਾਵਾਂ ਲਏ ਬਿਨਾਂ ਸਵੈ-ਬਿਨੈਕਾਰ ਸੀ। ਟ੍ਰੈਵਲ ਏਜੰਟ ਨੇ ਜਾਣਬੁੱਝ ਕੇ ਅਜਿਹਾ ਕੀਤਾ ਕਿਉਂਕਿ ਉਸ ਨੇ ਦਸਤਾਵੇਜ਼ਾਂ ਨੂੰ ਜਾਅਲੀ ਬਣਾਇਆ ਸੀ। ਕੈਨੇਡੀਅਨ ਬਾਰਡਰ ਸਿਕਿਓਰਟੀ ਏਜੰਸੀ (ਸੀ ਬੀ ਐਸ ਏ) ਦੇ ਅਧਿਕਾਰੀ ਹੁਣ ਪੀੜ੍ਹਤ ਵਿਦਿਆਰਥੀਆਂ ਦੇ ਨਿਰਦੋਸ਼ ਹੋਣ ਦੇ ਦਾਅਵਿਆਂ ਨੂੰ ਸਵੀਕਾਰ ਨਹੀਂ ਕਰ ਰਹੇ ਕਿਉਂਕਿ ਇਹ ਸਾਬਤ ਕਰਨ ਲਈ ਕੋਈ ਸਬੂਤ ਨਹੀਂ ਸੀ ਕਿ ਏਜੰਟ ਨੇ ਸਾਰੇ ਦਸਤਾਵੇਜ਼ ਤਿਆਰ ਅਤੇ ਪ੍ਰਬੰਧ ਕੀਤੇ ਸਨ। ਵਿਦਿਆਰਥੀਆਂ ਲਈ ਇੱਕੋ ਇੱਕ ਉਪਾਅ ਬਚਿਆ ਹੈ ਕਿ ਉਹ ਦੇਸ਼ ਨਿਕਾਲੇ ਦੇ ਨੋਟਿਸਾਂ ਨੂੰ ਅਦਾਲਤ ਵਿੱਚ ਚੁਣੌਤੀ ਦੇਣ ਜਿੱਥੇ ਕਾਰਵਾਈ 3 ਤੋਂ 4 ਸਾਲਾਂ ਤੱਕ ਜਾਰੀ ਰਹਿ ਸਕਦੀ ਹੈ।

**ਸੁਖਬੀਰ ਬਾਦਲ ਵੱਲੋਂ ਕੈਨੇਡਾ ਤੋਂ 700 ਪੰਜਾਬੀ ਵਿਦਿਆਰਥੀਆਂ ਨੂੰ ਡਿਪੋਰਟ ਕਰਨ ਤੋਂ ਰੋਕਣ ਲਈ EAM ਦੇ ਦਖਲ ਦੀ ਮੰਗ :** ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕੇਂਦਰੀ ਵਿਦੇਸ਼ ਮੰਤਰੀ ਡਾ: ਐਸ ਜੈਸ਼ੰਕਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਉਹ 700 ਪੰਜਾਬੀ ਵਿਦਿਆਰਥੀਆਂ ਦੇ ਮਾਮਲੇ ਨੂੰ ਕੈਨੇਡਾ ਦੇ ਅਧਿਕਾਰੀਆਂ ਕੋਲ ਉਠਾਉਣ।

ਵਿਦੇਸ਼ ਮੰਤਰੀ ਜੈਸ਼ੰਕਰ ਨੂੰ ਲਿਖੇ ਪੱਤਰ ਵਿੱਚ ਸੁਖਬੀਰ ਨੇ ਲਿਖਿਆ ਕਿ ਤੁਹਾਨੂੰ ਇਹ ਜਾਣੂ ਕਰਵਾਉਣਾ ਹੈ ਕਿ ਪੰਜਾਬ ਦੇ 700 ਵਿਦਿਆਰਥੀਆਂ ਨੂੰ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐਸ.ਏ.) ਵੱਲੋਂ ਉਨਟਾਰੀਓ ਸਥਿਤ ਇੱਕ ਪਬਲਿਕ ਕਾਲਜ ਵਿੱਚ ਦਾਖਲ ਕੀਤੇ ਗਏ ਦਾਖਲਾ ਪੇਸ਼ਕਸ਼ ਪੱਤਰਾਂ ਤੋਂ ਬਾਅਦ ਦੇਸ਼ ਨਿਕਾਲੇ ਦੇ ਪੱਤਰ ਮਿਲੇ ਹਨ।

ਸੁਖਬੀਰ ਬਾਦਲ ਨੇ ਕਿਹਾ ਕਿ ਘੁਟਾਲਾ ਉਦੋਂ ਸਾਹਮਣੇ ਆਇਆ ਜਦੋਂ ਕੁਝ ਵਿਦਿਆਰਥੀਆਂ ਨੇ ਪਰਮਾਨੈਂਟ ਰੈਜ਼ੀਡੈਂਸੀ (ਪੀ ਆਰ) ਲਈ ਅਰਜ਼ੀ ਦਿੱਤੀ ਅਤੇ ਉਨ੍ਹਾਂ ਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਗਈ। ਇਸ ਤੱਥ ਨੇ ਕਿ ਵਿਦਿਆਰਥੀਆਂ ਨੂੰ ਕੰਪਨੀ ਦੁਆਰਾ ਸਵੈ-ਬਿਨੈਕਾਰ ਵਜੋਂ ਆਪਣੀਆਂ ਅਰਜ਼ੀਆਂ 'ਤੇ ਦਸਤਖਤ ਕਰਨ ਲਈ ਕਿਹਾ ਗਿਆ ਸੀ, ਨੇ ਜਾਅਲਸਾਜ਼ੀ ਦਾ ਸਾਰਾ ਦੋਸ਼ ਉਨ੍ਹਾਂ 'ਤੇ ਪਾ ਦਿੱਤਾ ਹੈ। ਸੁਖਬੀਰ ਨੇ ਪੱਤਰ ਵਿੱਚ ਕਿਹਾ ਕਿ ਇਹ ਵਿਦਿਆਰਥੀ ਆਪਣੇ ਨਾਲ ਕੀਤੀ ਗਈ ਧੋਖਾਧੜੀ ਦਾ ਨਤੀਜਾ ਭੁਗਤ ਰਹੇ ਹਨ। ਇਹ ਵੀ ਇੱਕ ਤੱਥ

(ਬਾਕੀ ਸ.ਫ਼ਾ 31 'ਤੇ)

## ਹੈਲਮੇਟ ਮੈਨ ਆਫ਼ ਇੰਡੀਆ

(ਇੱਕ ਹਾਦਸੇ ਵਿੱਚ ਇੱਕ ਦੋਸਤ ਨੂੰ ਗੁਆਉਣ ਤੋਂ ਬਾਅਦ ਰਾਘਵੇਂਦਰ ਕੁਮਾਰ ਨੇ ਆਪਣੀ ਨੌਕਰੀ ਛੱਡ ਦਿੱਤੀ, ਆਪਣੀ ਸਾਰੀ ਜਾਇਦਾਦ ਵੇਚ ਦਿੱਤੀ ਅਤੇ 56,000 ਹੈਲਮੇਟ ਵੰਡੇ)



ਨਵੀਂ ਦਿੱਲੀ/ਏ.ਟੀ.ਨਿਊਜ਼ :ਭਾਰਤ ਦੇ ਹੈਲਮੇਟ ਮੈਨ ਵਜੋਂ ਮਸ਼ਹੂਰ ਰਾਘਵੇਂਦਰ ਸਿੰਘ ਦਾ ਪਿਛਲੇ 9 ਸਾਲਾਂ ਵਿੱਚ 56,000 ਹੈਲਮੇਟ ਵੰਡਣ ਦਾ ਰਿਕਾਰਡ ਹੈ। ਉਸਦਾ ਕਹਿਣਾ ਹੈ ਕਿ ਮੈਨੂੰ ਹੈਲਮੇਟ ਵੰਡਣ ਦਾ ਪਾਗਲਪਨ ਹੈ, ਜਿਵੇਂ ਇੱਕ ਸ਼ਰਾਬੀ ਨੂੰ ਸ਼ਰਾਬ ਦੀ ਲਤ ਹੁੰਦੀ ਹੈ। ਗੱਲਬਾਤ ਦੌਰਾਨ ਰਾਘਵੇਂਦਰ ਨੇ ਕਿਹਾ ਕਿ ਉਹ 2014 ਤੋਂ ਹੈਲਮੇਟ ਵੰਡ ਰਿਹਾ ਹੈ ਕਿਉਂਕਿ ਉਸ ਦੀ ਜ਼ਿੰਦਗੀ ਬਦਲ ਗਈ ਸੀ। ਉਦੋਂ ਤੋਂ ਉਸ ਨੇ ਆਪਣੀ ਨੌਕਰੀ ਛੱਡ ਦਿੱਤੀ ਅਤੇ ਆਪਣੇ ਆਪ ਨੂੰ ਸਿਰਫ ਹੈਲਮੇਟ ਵੰਡਣ ਲਈ ਸਮਰਪਿਤ ਕਰ ਦਿੱਤਾ ਤਾਂ ਜੋ ਉਹ ਕਿਸੇ ਦੀ ਜਾਨ ਬਚਾ ਸਕੇ। ਰਾਘਵੇਂਦਰ ਨੇ ਆਪਣਾ ਸਭ ਕੁਝ ਵੇਚ ਦਿੱਤਾ ਤਾਂ ਜੋ ਉਹ ਲੋੜਵੰਦਾਂ ਨੂੰ ਹੈਲਮੇਟ ਮੁਹੱਈਆ ਕਰਵਾ ਸਕੇ।

**ਉਸ ਦੀ ਜ਼ਿੰਦਗੀ ਵਿੱਚ ਆਇਆ ਮੋੜ:** 2014 ਵਿੱਚ, ਰਾਘਵੇਂਦਰ ਨੇ ਇੱਕ ਸੜਕ ਹਾਦਸੇ ਵਿੱਚ ਆਪਣੇ ਕਰੀਬੀ ਦੋਸਤ ਅਤੇ ਰੂਮਮੇਟ ਕ੍ਰਿਸ਼ਨ ਕੁਮਾਰ ਠਾਕੁਰ ਨੂੰ ਗੁਆ ਦਿੱਤਾ। ਬਿਹਾਰ ਦੇ ਕੈਮੂਰ ਜ਼ਿਲ੍ਹੇ ਤੋਂ ਆਏ ਰਾਘਵੇਂਦਰ ਨੇ ਯੂਪੀ ਦੇ ਗ੍ਰੇਟਰ ਨੋਇਡਾ ਵਿੱਚ ਕ੍ਰਿਸ਼ਨ ਕੁਮਾਰ ਨਾਲ ਹੋਸਟਲ ਦਾ ਕਮਰਾ ਸਾਂਝਾ ਕੀਤਾ। ਜਦੋਂ ਰਾਘਵੇਂਦਰ ਲੋਇਡ ਲਾਅ ਕਾਲਜ ਵਿੱਚ ਕਾਨੂੰਨ ਦੀ ਪੜ੍ਹਾਈ ਕਰ ਰਿਹਾ ਸੀ, ਤਾਂ ਉਸਦਾ ਦੋਸਤ ਕ੍ਰਿਸ਼ਨ ਕੁਮਾਰ ਆਈਆਈਐਲਐਮ ਕਾਲਜ ਆਫ਼ ਇੰਜੀਨੀਅਰਿੰਗ ਵਿੱਚ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਿਹਾ ਸੀ। ਰਾਘਵੇਂਦਰ ਨੇ ਇਸ ਘਟਨਾ ਨੂੰ ਯਾਦ ਕਰਦੇ ਹੋਏ ਕਿਹਾ ਕਿ 28 ਮਾਰਚ 2014 ਨੂੰ ਉਸ ਦਾ ਹਾਦਸਾ ਹੋ ਗਿਆ ਸੀ, ਜਦੋਂ ਉਹ ਨੋਇਡਾ ਤੋਂ ਗ੍ਰੇਟਰ ਨੋਇਡਾ ਆ ਰਿਹਾ ਸੀ। ਕ੍ਰਿਸ਼ਨ ਨੇ ਹੈਲਮੇਟ ਨਹੀਂ ਪਾਇਆ ਹੋਇਆ ਸੀ। ਉਸ ਦੇ ਸਿਰ 'ਤੇ ਸੱਟ ਲੱਗੀ ਸੀ, ਪਰ ਉਸ ਦੇ ਸਰੀਰ ਦੇ ਹੋਰ ਕਿਸੇ ਹਿੱਸੇ 'ਤੇ ਕੋਈ ਸੱਟ ਨਹੀਂ ਸੀ। ਉਸ ਸਮੇਂ ਨਵੇਂ ਬਣੇ ਯਮੁਨਾ ਐਕਸਪ੍ਰੈਸ ਵੇਅ 'ਤੇ ਹਾਦਸੇ ਤੋਂ ਬਾਅਦ ਕੋਈ ਵੀ ਉਸ ਦੀ ਮਦਦ ਲਈ ਨਹੀਂ ਆਇਆ। ਇਕ ਘੰਟੇ ਬਾਅਦ ਹੀ ਇਕ ਵਿਅਕਤੀ ਨੇ ਉਸ ਨੂੰ ਦੇਖਿਆ ਅਤੇ ਉਸ ਨੂੰ ਹਸਪਤਾਲ ਲੈ ਗਿਆ। ਰਾਘਵੇਂਦਰ ਨੇ ਕਿਹਾ ਕਿ ਕ੍ਰਿਸ਼ਨ ਹਸਪਤਾਲ ਵਿੱਚ ਬੋਲਣ ਦੇ ਯੋਗ ਸੀ, ਪਰ ਇਕ ਵਾਰ ਜਦੋਂ ਉਸ ਨੂੰ ਵੈਂਟੀਲੇਟਰ 'ਤੇ ਰੱਖਿਆ ਗਿਆ ਤਾਂ ਉਹ ਕਦੇ ਵਾਪਸ ਨਹੀਂ ਆਇਆ ਅਤੇ 8-9 ਦਿਨਾਂ ਬਾਅਦ ਉਸਦੀ ਮੌਤ ਹੋ ਗਈ। ਉਸਨੇ ਕਿਹਾ ਕਿ ਉਹ ਆਪਣੇ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਸੀ। ਸਿਰਫ ਹੈਲਮੇਟ ਨਾ ਪਹਿਨਣ ਕਾਰਨ ਕ੍ਰਿਸ਼ਨ ਦੀ ਜਾਨ ਚਲੀ ਗਈ ਸੀ। ਜੇਕਰ ਅਜਿਹਾ ਨਾ ਹੋਇਆ ਹੁੰਦਾ ਤਾਂ ਮੈਂ ਭਾਰਤ ਦਾ ਹੈਲਮੇਟ ਮੈਨ ਨਾ ਬਣ ਸਕਦਾ।

(ਬਾਕੀ ਸ.ਫ਼ਾ 31 'ਤੇ)

## ਤਨਾਓ ਕਾਰਨ ਤੇਜ਼ੀ ਨਾਲ ਵਧ ਰਹੀਆਂ ਹਨ ਖ਼ੁਦਕੁਸ਼ੀ ਕਰਨ ਦੀਆਂ ਘਟਨਾਵਾਂ

### ਦਸ ਸਾਲ 'ਚ ਸਾਢੇ ਤਿੰਨ ਸੌ ਮੈਡੀਕਲ ਵਿਦਿਆਰਥੀ, ਡਾਕਟਰਾਂ, ਰੇਜੀ ਡਾਕਟਰਾਂ ਨੇ ਖ਼ਤਮ ਕਰ ਲਈ ਜ਼ਿੰਦਗੀ



ਚੰਡੀਗੜ੍ਹ/ਏ.ਟੀ.ਨਿਊਜ਼ :-ਨੌਜਵਾਨਾਂ ਵਿੱਚ ਤਣਾਅ, ਅਵਸਾਦ ਅਤੇ ਫਿਰ ਆਤਮਘਾਤ ਦੀ ਵੱਧਦੀ ਪ੍ਰਵਿਰਤੀ ਨੂੰ ਰੋਕਣ ਲਈ ਯਤਨ ਕੀਤੇ ਜਾ ਰਹੇ ਹਨ ਪਰ ਇਸਦੇ ਬਾਵਜੂਦ ਤਨਾਓ ਕਾਰਨ ਖ਼ੁਦਕਸ਼ੀ ਕਰਨ ਵਾਲਿਆਂ ਦੀ ਗਿਣਤੀ ਵੱਧਦੀ ਜਾ ਰਹੀ ਹੈ। ਅੰਕੜਿਆਂ ਅਨੁਸਾਰ ਸਾਲ 2010 ਤੋਂ 2020 ਤਕ ਦੇ ਦਸ ਸਾਲਾਂ ਦੌਰਾਨ ਸਾਢੇ ਤਿੰਨ ਸੌ ਮੈਡੀਕਲ ਵਿਦਿਆਰਥੀਆਂ, ਡਾਕਟਰਾਂ, ਰੇਜੀ ਡਾਕਟਰਾਂ ਨੇ ਆਪਣੀ ਜਿੰਦਗੀ ਖਤਮ ਕਰ ਲਈ। ਹੈਰਾਨੀ ਤਾਂ ਇਸ ਗਲ ਦੀ ਹੈ ਕਿ ਜਿਹੜੇ ਡਾਕਟਰਾਂ ਤੋਂ ਨੌਜਵਾਨ ਤਨਾਓ ਦਾ ਇਲਾਜ ਕਰਵਾਉਣ ਦੀ ਇੱਛਾ ਰਖਦੇ ਹਨ, ਉਹੀ ਡਾਕਟਰ ਖੁਦ ਵੀ ਤਨਾਓ ਦਾ ਸ਼ਿਕਾਰ ਹੋ ਕੇ ਖ਼ੁਦਕਸ਼ੀਆਂ ਕਰ ਰਹੇ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ।

ਖ਼ੁਦਕਸ਼ੀਆਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਰਕਾਰੀ ਅਤੇ ਗ਼ੈਰਸਰਕਾਰੀ ਪੱਧਰ 'ਤੇ ਅਨੇਕਾਂ ਉਪਰਾਲੇ ਕੀਤੇ ਜਾ ਰਹੇ ਹਨ। ਇਸ ਲਈ ਵੱਖ ਵੱਖ ਸਥਾਨਾਂ 'ਤੇ ਸਹਾਇਤਾ ਅਤੇ ਸਲਾਹ ਕੇਂਦਰ ਖੋਲੇ ਗਏ ਹਨ। ਇਸ ਦੇ ਬਾਵਜੂਦ ਖ਼ੁਦਕਸ਼ੀ ਕਰਨ ਦੀਆਂ ਘਟਨਾਵਾਂ ਦੇ ਕਾਬੂ ਪਾਉਣਾ ਇਕ ਚੁਣੌਤੀ ਬਣਿਆ ਹੋਇਆ ਹੈ।

**ਹੁਸ਼ਿਆਰ ਵਿਦਿਆਰਥੀਆਂ ਵਿੱਚ ਤਣਾਅ, ਅਵਸਾਦ ਅਤੇ ਖ਼ੁਦਕਸ਼ੀ ਕਰਨ ਦੀ ਪ੍ਰਵਿਰਤੀ ਚਿੰਤਾਜਨਕ:** ਤਾਜ਼ਾ ਅੰਕੜੇ ਦੱਸਦੇ ਹਨ ਕਿ ਸਾਲ 2010 ਤੋਂ 2020 ਤਕ ਦੇ ਦਸ ਸਾਲਾਂ ਦੌਰਾਨ ਸਾਢੇ ਤਿੰਨ ਸੌ ਮੈਡੀਕਲ ਵਿਦਿਆਰਥੀਆਂ, ਡਾਕਟਰਾਂ, ਰੇਜੀ ਡਾਕਟਰਾਂ ਨੇ ਆਪਣੀ ਜਿੰਦਗੀ ਖਤਮ ਕਰ ਲਈ। ਜਿਸ ਤੋਂ ਪਤਾ ਚਲ ਜਾਂਦਾ ਹੈ ਕਿ ਵਿਦਿਆਰਥੀਆਂ ਅਤੇ ਨੌਜਵਾਨਾਂ ਵਿੱਚ ਖ਼ੁਦਕੁਸ਼ੀ ਕਰਨ ਦਾ ਰੁਝਾਨ ਕਿਸ ਹੱਦ ਤਕ ਵੱਧ ਗਿਆ ਹੈ। ਇਸ ਤਰਾਂ ਦੀਆਂ ਘਟਨਾਵਾਂ 'ਤੇ ਕੇਂਦਰ ਸਰਕਾਰ, ਮੈਡੀਕਲ ਕਾਂਗਰਸ ਨੇ ਚਿੰਤਾ ਪ੍ਰਗਟ ਕੀਤੀ ਹੈ ਅਤੇ ਡਾਕਟਰਾਂ ਅਤੇ ਹਸਪਤਾਲ ਪ੍ਰਬੰਧਕਾਂ ਨੂੰ ਇਸ ਮਾਮਲੇ ਵਿੱਚ ਹਾਂ ਪੱਖੀ ਮਾਹੌਲ ਬਣਾਉਣ ਲਈ ਕਿਹਾ ਹੈ।

ਖ਼ੁਦਕਸ਼ੀ ਕਰਨ ਦੇ ਕਾਰਨਾਂ ਦੀ ਖੋਜ ਕਰਨ ਤੋਂ ਬਾਅਦ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਮੈਡੀਕਲ ਵਿਦਿਆਰਥੀਆਂ ਵਿੱਚ ਅੱਗੇ ਵੱਧਣ ਦੀ ਇੱਛਾ, ਪੜ੍ਹਾਈ ਦਾ ਬੋਝ ਅਤੇ ਹੋਰ ਕਈ ਕੰਮਾਂ ਦਾ ਬੋਝ ਹੋਣ ਕਾਰਨ ਉਹ ਤਨਾਓ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਜੇ ਉਹਨਾਂ ਨੂੰ ਸਹੀ ਸਮੇਂ 'ਤੇ ਸਹੀ ਸਲਾਹ ਨਾ ਮਿਲੇ ਤਾਂ ਉਹ ਆਪਣੀ ਜਿੰਦਗੀ ਦਾ ਅੰਤ ਕਰਨ ਦੀ ਸੋਚਣ ਲੱਗ ਜਾਂਦੇ ਹਨ। ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਕਈ ਅਜਿਹੇ ਵਿਦਿਆਰਥੀਆਂ ਨੇ ਵੀ ਖ਼ੁਦਕਸ਼ੀਆਂ ਕੀਤੀਆਂ, ਜੋ ਕਿ ਸਾਰੀਰਕ ਰੂਪ ਵਿੱਚ ਤੰਦਰੁਸਤ ਸਨ ਪਰ ਉਹ ਮਾਨਸਿਕ ਰੂਪ ਵਿੱਚ ਬਿਮਾਰ ਸਨ। ਇਸ ਕਾਰਨ ਉਹਨਾਂ ਨੇ ਚੁਨੌਤੀਆਂ ਦਾ ਟਾਕਰਾ ਕਰਨ ਦੀ ਥਾਂ ਖ਼ੁਦਕਸ਼ੀ ਕਰਨ ਦਾ ਰਾਹ ਚੁਣ ਲਿਆ।

**ਤਨਾਓ ਦੇ ਕਾਰਨ**

ਮੈਡੀਕਲ ਵਿਦਿਆਰਥੀਆਂ ਵਿੱਚ ਤਨਾਓ ਦੇ ਕਈ ਕਾਰਨ ਹੋ ਸਕਦੇ ਹਨ। ਮੈਡੀਕਲ ਵਿਦਿਆਰਥੀ ਅਕਸਰ ਪੜ੍ਹਾਈ-ਲਿਖਾਈ, ਪ੍ਰੀਖਿਆ ਅਤੇ ਕੰਮ ਦੇ ਦਬਾਅ ਵਿੱਚ ਅਕਸਰ ਮਾਨਸਿਕ ਤਨਾਓ ਦੇ ਸ਼ਿਕਾਰ ਹੋ ਜਾਂਦੇ ਹਨ, ਜਿਸ ਕਾਰਨ ਉਹਨਾਂ ਦਾ ਮਾਨਸਿਕ ਸੰਤੁਲਨ ਵਿਗੜ ਜਾਂਦਾ ਹੈ। ਮੈਡੀਕਲ ਦੇ ਵਿਦਿਆਰਥੀ ਹੋਣ ਦੇ ਬਾਵਜੂਦ ਉਹਨਾਂ ਦੀ ਮਾਨਸਿਕ ਸਿਹਤ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾਂਦਾ, ਜਿਸ ਕਾਰਨ ਮਾਨਸਿਕ ਰੋਗੀ ਬਣ ਕੇ ਉਹ ਅਕਸਰ ਖ਼ੁਦਕਸ਼ੀ ਦੇ ਰਾਹ ਪੈ ਜਾਂਦੇ ਹਨ। ਇਸੇ ਲਈ ਮਾਪਿਆਂ, ਅਧਿਆਪਕਾਂ ਅਤੇ ਨੇੜਲੇ ਸਹਿਯੋਗੀਆਂ ਨੂੰ ਮੈਡੀਕਲ ਵਿਦਿਆਰਥੀਆਂ ਦੀ ਪ੍ਰੀਖਿਆ ਦੌਰਾਨ ਮਾਨਸਿਕ ਸਿਹਤ ਵੱਲ ਵੀ ਧਿਆਨ ਦੇਣ ਦੀ ਅਪੀਲ ਕੀਤੀ ਜਾਂਦੀ ਹੈ। ਇਹ ਨਹੀਂ ਮੰਨਿਆ ਜਾ ਸਕਦਾ ਕਿ ਇਹਨਾਂ ਵਿਦਿਆਰਥੀਆਂ ਦੀ ਵਿਗੜ ਰਹੀ ਮਾਨਸਿਕ ਸਿਹਤ ਦਾ ਇਹਨਾਂ ਦੇ ਆਲੇ ਦੁਆਲੇ ਰਹਿੰਦੇ ਲੋਕਾਂ ਨੂੰ ਪਤਾ ਨਾ ਚੱਲੇ। ਅਜਿਹੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੁੰਦੀ ਹੈ ਅਤੇ ਸ਼ਾਂਤ ਵਾਤਾਵਰਣ ਵਿੱਚ ਇਹਨਾਂ ਨਾਲ ਦੋਸਤਾਨਾ ਵਿਵਹਾਰ ਕਰਨਾ ਚਾਹੀਦਾ ਹੈ। ਇਹ ਠੀਕ ਹੈ ਕਿ ਹੁਣ ਕੇਂਦਰ ਸਰਕਾਰ ਅਤੇ ਮੈਡੀਕਲ ਸਾਇੰਸ ਦੇ ਨਾਲ ਹਸਪਤਾਲ ਅਤੇ ਕਾਲਜ ਪ੍ਰਬੰਧਕਾਂ ਨੇ ਮੈਡੀਕਲ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਵੱਲ ਵੀ ਧਿਆਨ ਦੇਣਾ ਸ਼ੁਰੂ ਕੀਤਾ ਹੈ। ਜਿਹੜੇ ਵਿਦਿਆਰਥੀ ਪ੍ਰੀਖਿਆ ਵਿਚ ਅਸਫਲ ਹੋਣ ਜਾਂ ਘੱਟ ਨੰਬਰ ਆਉਣ ਕਰਕੇ ਤਨਾਓ ਦਾ ਸ਼ਿਕਾਰ ਹੋ ਜਾਂਦੇ ਹਨ, ਉਹਨਾਂ ਦੀ ਸਹਾਇਤਾ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਉਣੀ ਚਾਹੀਦੀ ਹੈ ਤਾਂ ਕਿ ਉਹ ਖ਼ੁਦਕਸ਼ੀ ਵਰਗਾ ਘਾਤਕ ਕਦਮ ਨਾ ਚੁੱਕ ਸਕਣ।

ਦਰਪਣ ਝੂਠ ਨਹੀਂ ਬੋਲਦਾ

# ਆਸਟ੍ਰੇਲੀਆ ’ਚ ਮੋਦੀ ਦਾ ਸਵਾਗਤ ਕਰਨ ਵਾਲਾ ਭਾਜਪਾ ਵਰਕਰ ਬਾਲੇਸ਼ ਧਨਖੜ ਬਲਾਤਕਾਰ ਦੇ ਦੋਸ਼ ਵਿੱਚ ਗ੍ਰਿਫ਼ਤਾਰ

## ਨੌਕਰੀਆਂ ਦੇ ਫਰਜ਼ੀ ਇਸ਼ਤਿਹਾਰ ਦੇ ਕੇ ਔਰਤਾਂ ਨੂੰ ਇੰਟਰਵਿਊ ਬਹਾਨੇ ਬੁਲਾਕੇ ਕਰਦਾ ਸੀ ਸਰੀਰਕ ਸੋਸ਼ਣ

ਭਾਜਪਾ ਦੇ ਉੱਘੇ ਵਰਕਰ ਬਾਲੇਸ਼ ਧਨਖੜ ਨੂੰ ਜਿਨਸੀ ਸ਼ੋਸ਼ਣ ਦੇ 13 ਮਾਮਲਿਆਂ, ਬਿਨਾਂ ਸਹਿਮਤੀ ਦੇ ਕੋਰੀਆ ਔਰਤਾਂ ਦੀ ਰਿਕਾਰਡਿੰਗ ਬਾਰੇ 17 ਮਾਮਲਿਆਂ, ਅਪਰਾਧ ਕਰਨ ਲਈ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਅਤੇ ਅਸ਼ਲੀਲ ਹਰਕਤਾਂ ਸੰਬੰਧੀ ਦੋਸ਼ਾਂ ਕਾਰਣ ਮੁਕੱਦਮੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਧਨਖੜ, ਜੋ ਆਸਟ੍ਰੇਲੀਆ ਵਿੱਚ ਓਵਰਸੀਜ਼ ਫਰੈਂਡਜ਼ ਆਫ ਬੀਜੇਪੀ ਦੇ ਸੰਸਥਾਪਕ-ਪ੍ਰਧਾਨ ਅਤੇ ਹਿੰਦੂ ਕੌਂਸਲ ਆਫ ਆਸਟ੍ਰੇਲੀਆ ਦਾ ਸਾਬਕਾ ਸਹਿਯੋਗੀ ਹੈ।ਉਸ ਨੇ ਮੋਦੀ ਦੀ ਆਸਟ੍ਰੇਲੀਆ ਫੇਰੀ ਦੌਰਾਨ ਸਿਡਨੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਵਾਗਤ ਦੇ ਸਮਾਰੋਹ ਵਿੱਚ ਮੁੱਖ ਭੂਮਿਕਾ ਨਿਭਾਈ ਸੀ। ਆਸਟ੍ਰੇਲੀਆਈ ਮੀਡੀਆ ਰਿਪੋਰਟਾਂ ਦੇ ਅਨੁਸਾਰ, ਧਨਖੜ ਨੇ ਮੋਦੀ ਤੱਕ ਆਪਣੀ ਪਹੁੰਚ ਬਾਰੇ ਸ਼ੇਖੀ ਮਾਰੀ ਸੀ ਅਤੇ ਆਪਣੇ ਸੋਸ਼ਲ ਮੀਡੀਆ ਅਕਾਉਂਟਸ ’ਤੇ ਮੋਦੀ ਨਾਲ ਆਪਣੀਆਂ ਤਸਵੀਰਾਂ ਪੋਸਟ ਕੀਤੀਆਂ ਸਨ।

ਪੁਲਿਸ ਨੇ ਕਿਹਾ ਕਿ ਇਸ ਨੇ ਅਲਾਰਮ ਘੜੀ ਵਿੱਚ ਇੱਕ ਗੁਪਤ ਕੈਮਰੇ ਨਾਲ ਆਪਣੇ




ਆਪ ਨੂੰ ਫਿਲਮਾਇਆ ਸੀ, ਜਿਸ ਵਿੱਚ ਉਸਨੇ ਪੰਜ ਔਰਤਾਂ ਦਾ ਜਿਨਸੀ ਸ਼ੋਸ਼ਣ ਕੀਤਾ ਸੀ, ਜਿਨ੍ਹਾਂ ਨੂੰ ਉਸਨੇ ਜਾਅਲੀ ਨੌਕਰੀ ਲਈ ਇੰਟਰਵਿਊ ਦੀ ਪੇਸ਼ਕਸ਼ ਕਰਕੇ ਹੋਟਲ ਹਿਲਟਨ ਵਿੱਚ ਨੌਕਰੀ ਦਾ ਲਾਲਚ ਦੇਕੇ ਨਸ਼ੇ ਵਾਲੀ ਕੋਲਡ ਡਰਿੰਕ ਦੇਕੇ ਬਲਾਤਕਾਰ ਕੀਤਾ ਸੀ।

ਇਕ ਸਥਾਨਕ ਅਖਬਾਰ ਨੇ ਪੰਜਾਬੀ ਭਾਈਚਾਰੇ ਦੇ ਨੇਤਾ ਡਾਕਟਰ ਯਾਦੂ ਸਿੰਘ ਦੇ ਹਵਾਲੇ ਨਾਲ ਕਿਹਾ ਕਿ ਧਨਖੜ ਨਵੰਬਰ 2014 ਵਿੱਚ ਸਿਡਨੀ ਵਿੱਚ ਮੋਦੀ ਲਈ ਭਾਈਚਾਰਕ ਰੈਲੀਆਂ ਆਯੋਜਿਤ ਕਰਨ ਵਿੱਚ ਵੀ ਸ਼ਾਮਲ ਸੀ। ਧਨਖੜ ’ਤੇ ਲੱਗੇ ਦੋਸ਼ਾਂ ਬਾਰੇ ਬੋਲਣ ਵਾਲੇ ਡਾ: ਸਿੰਘ ਨੇ ਕਿਹਾ ਕਿ ਧਨਖੜ ਦੀਆਂ ਗਤੀਵਿਧੀਆਂ ’ਤੇ ਸਿਡਨੀ ਦੇ ਇਕ ਕਮਿਊਨਿਟੀ ਅਖਬਾਰ ਵਿੱਚ ਛਪੀਆਂ ਰਿਪੋਰਟਾਂ ’ਤੇ ਸਬੰਧਤ ਵਿਅਕਤੀਆਂ ਨੇ ਸਹੀ ਜਵਾਬ ਨਹੀਂ ਦਿੱਤਾ। ਸਿੰਘ ਨੇ ਕਿਹਾ, ਇਹ ਦੋਸ਼ ਸਪੱਸ਼ਟ ਤੌਰ ’ਤੇ ਗੰਭੀਰ ਹਨ ਅਤੇ ਆਸਟ੍ਰੇਲੀਆ ਦੀ ਨਿਆਂਇਕ ਪ੍ਰਕਿਰਿਆ ਨਿਸ਼ਚਿਤ ਤੌਰ ’ਤੇ ਇਨ੍ਹਾਂ ਨੂੰ ਸਹੀ ਸਿੱਟੇ ’ਤੇ ਪਹੁੰਚਾਏਗੀ।

ਸਿਡਨੀ ਮਾਰਨਿੰਗ ਹੇਰਾਲਡ ਨੇ ਰਿਪੋਰਟ ਦਿੱਤੀ ਸੀ ਕਿ ਸਰਕਾਰੀ ਵਕੀਲ ਨੇ ਮੁਕੱਦਮੇ ਦੀ ਸ਼ੁਰੂਆਤ ਵਿੱਚ ਜਿਊਰੀ ਨੂੰ ਦੱਸਿਆ ਕਿ ਧਨਖੜ ਦੀਆਂ ਨੌਜਵਾਨ ਕੋਰੀਆਈ ਔਰਤਾਂ ਵਿੱਚ ਰੁਚੀਆਂ ਸਨ। ਉਸਨੇ ਕਥਿਤ ਤੌਰ ’ਤੇ ਕੋਰੀਅਨ-ਅੰਗਰੇਜ਼ੀ ਬੋਲਣ ਵਾਲਿਆਂ ਲਈ ਅਨੁਵਾਦ ਦੇ ਕੰਮ ਲਈ ਗੁਮਟਰੀ ’ਤੇ ਇਸ਼ਤਿਹਾਰ ਪੋਸਟ ਕੀਤੇ ਅਤੇ ਸਿਡਨੀ ਵਿੱਚ ਉਸਨੇ ਆਪਣੇ ਅਪਾਰਟਮੈਂਟ ਦੇ ਨੇੜੇ ਹੋਟਲ ਹਿਲਟਨ ਦੀ ਬਾਰ ਵਿੱਚ ਉਹਨਾਂ ਨਾਲ ਮੁਲਾਕਾਤ ਕੀਤੀ।

ਰਿਪੋਰਟ ਵਿੱਚ ਧਨਖੜ ਬਾਰੇ ਇਹ ਦੋਸ਼ ਲਗਾਇਆ ਹੈ ਕਿ ਧਨਖੜ ਇੰਟਰਵਿਊ ਬਹਾਨੇ ਕੋਰੀਆ ਔਰਤਾਂ ਨੂੰ ਨੌਕਰੀ ਬਾਰੇ ਬੁਲਾਕੇ, ਝੂਠੇ ਲਾਰੇ ਲਗਾਕੇ ਨਸ਼ਾ ਕਰਾਉਣ ਉਪਰੰਤ ਆਪਣੀ ਜਿਨਸੀ ਰੁਚੀ ਨੂੰ ਸੰਤੁਸ਼ਟ ਕਰਦਾ ਸੀ ਅਤੇ ਉਹਨਾਂ ਦੀ ਰਿਕਾਰਡਿੰਗ ਕਰਦਾ ਸੀ।ਸਿਡਨੀ ਮਾਰਨਿੰਗ ਹੇਰਾਲਡ ਨੇ ਅਦਾਲਤ ਦੀ ਕਾਰਵਾਈ ਬਾਰੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਸੈਕਸ ਸ਼ੋਸ਼ਣ ਦੀ ਸ਼ਿਕਾਰ ਇੱਕ ਮੁਟਿਆਰ ਨੂੰ ਧਨਖੜ ਦੇ ਘਰ ਆਈਸਕ੍ਰੀਮ ਅਤੇ ਵਾਈਨ ਦੇ ਇੱਕ ਗਲਾਸ ਬਾਰੇ ਯਾਦ ਸੀ, ਪਰ ਉਸ ਤੋਂ ਬਾਅਦ ਕੁਝ ਨਹੀਂ ਚੇਤਾ ਸੀ। ਜਦੋਂ ਉਸਦੇ ਬੁਆਏਫ੍ਰੈਂਡ ਦੀ ਦੇਰ ਰਾਤ ਤੱਕ ਕਾਲ ਆਈ ਤਾਂ ਉਸ ਦੇ ਸਰੀਰ ਉਪਰ ਕਪੜੇ ਨਹੀਂ ਸਨ ਅਤੇ ਉਸਨੂੰ ਚੱਕਰ ਆ ਰਹੇ ਸਨ, ਉਸ ਨੂੰ ਚਮਕਦਾਰ ਰੋਸ਼ਨੀ, ਕੰਡੋਮ ਦੇ ਵੇਰਵੇ ਅਤੇ ਦਰਦ ਦਾ ਅਨੁਭਵ ਯਾਦ ਸੀ।

ਜਿਊਰੀ ਨੂੰ ਦੱਸਿਆ ਗਿਆ ਕਿ ਧਨਖੜ ਵਿੱਚ ਬੇਹੋਸ਼ ਏਸ਼ੀਆਈ ਅਤੇ ਕੋਰੀਆਈ ਔਰਤਾਂ ਦੀਆਂ ਨੰਗੇਜ ਭਰਪੂਰ ਫੋਟੋਆਂ ਦੇ ਨਾਲ-ਨਾਲ

(ਬਾਕੀ ਸਫ਼ਾ 30 ’ਤੇ)

# ਪਖੰਡੀ ਤੇ ਰੰਗੀਨ ਸ਼ੈਲੀ ਵਾਲੇ ਸਾਧ ਨਿਤਿਆਨੰਦ ਨੇ 30 ਅਮਰੀਕੀ ਸ਼ਹਿਰਾਂ ਵਿੱਚ ਮਾਰੀ ਠੱਗੀ

## ਨੇਵਾਰਕ ਦੇ ਮੇਅਰ ਨੇ ਇਹ ਮੰਨਿਆ ਹੈ ਕਿ ਉਹ ਨਿਤਿਆਨੰਦ ਦੀ ਧੋਖਾਧੜੀ ਦਾ ਸ਼ਿਕਾਰ ਹੋਏ

ਭਾਰਤ ਤੋਂ ਭੱਜ ਕੇ ਅਖੌਤੀ ਵੱਖਰਾ ਦੇਸ਼ ਸੰਯੁਕਤ ਰਾਜ ਕੈਲਾਸਾ ਵਸਾਉਣ ਦਾ ਦਾਅਵਾ ਕਰਨ ਵਾਲਾ ਨਿਤਿਆਨੰਦ ਇਕ ਵਾਰ ਫਿਰ ਆਪਣੀ ਜਾਅਲਸਾਜ਼ੀ ਨੂੰ ਲੈ ਕੇ ਸੁਰਖੀਆਂ ਵਿੱਚ ਹੈ। ਨਿਊਜਰਸੀ ਸੂਬੇ ਵਿੱਚ ਸਥਿਤ ਨੇਵਾਰਕ ਸਿਟੀ ਨੇ ਖੁਦ ਇਸ ਗੱਲ ਦਾ ਖੁਲਾਸਾ ਕੀਤਾ ਹੈ। ਨੇਵਾਰਕ ਦੇ ਮੇਅਰ ਨੇ ਇਹ ਮੰਨਿਆ ਹੈ ਕਿ ਉਹ ਨਿਤਿਆਨੰਦ ਦੀ ਧੋਖਾਧੜੀ ਦਾ ਸ਼ਿਕਾਰ ਹੋਏ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਵਾਰ ਉਸ ਨੇ ਇਕ-ਦੋ ਨਹੀਂ ਸਗੋਂ 30 ਅਮਰੀਕੀ ਸ਼ਹਿਰਾਂ ਨੂੰ ਠੱਗਿਆ ਹੈ। ਇਹ ਖੁਲਾਸਾ ਫੌਕਸ ਨਿਊਜ਼ ਨੇ ਬੀਤੇ ਦਿਨੀਂ ਕੀਤਾ ਸੀ।



ਦਰਅਸਲ, ਨਿਤਿਆਨੰਦ ਦੇ ਅਖੌਤੀ ਦੇਸ਼ ਕੈਲਾਸਾ ਨੇ ਅਮਰੀਕੀ ਰਾਜ ਨਿਊਜਰਸੀ ਦੇ ਸ਼ਹਿਰ ਨੇਵਾਰਕ ਨਾਲ ਸਿਸਟਰ ਸਿਟੀ ਦਾ ਇਕਰਾਰਨਾਮਾ ਕੀਤਾ ਸੀ। ਨੇਵਾਰਕ ਨਾਲ ਕੈਲਾਸਾ ਦਾ ਇਹ ਸਮਝੌਤਾ 12 ਜਨਵਰੀ ਨੂੰ ਹੋਇਆ ਸੀ ਪਰ ਇਹ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਨੇਵਾਰਕ ਸਿਟੀ ਦੇ ਮੇਅਰ ਰੇਸ ਬਾਰਾਂਕਾ ਨੇ ਕੈਲਾਸਾ ਦੇ ਪ੍ਰਤੀਨਿਧਾਂ ਨੂੰ ਨੇਵਾਰਕ ਸਿਟੀ ਹਾਲ ਵਿੱਚ ਸੱਭਿਆਚਾਰਕ ਵਪਾਰ ਸਮਝੌਤੇ ਲਈ ਸੱਦਾ ਦਿੱਤਾ। ਹੈਰਾਨੀ ਦੀ ਗੱਲ ਇਹ ਹੈ ਕਿ ਪ੍ਰੋਗਰਾਮ ਪੂਰਾ ਹੋਣ ਤੋਂ ਬਾਅਦ

(ਬਾਕੀ ਸਫ਼ਾ 30 ’ਤੇ)

# ਪ੍ਰਾਂਤਾਂ ਵਿੱਚ ਰਾਜਪਾਲ ਦੀ ਲੋਕਤੰਤਰ ਵਿਰੋਧੀ ਭੂਮਿਕਾ ਬਾਰੇ ਸੁਪਰੀਮ ਕੋਰਟ ਦੀ ਹਦਾਇਤ

## ਚੀਫ਼ ਜਸਟਿਸ ਨੇ ਮਹਾਰਾਸ਼ਟਰ ਵਿੱਚ ਗਠਜੋੜ ਸਰਕਾਰ ਨੂੰ ਡੇਗਣ ਬਾਰੇ ਕਿਹਾ ਕਿ ਰਾਜਪਾਲ ਨੂੰ ਅਜਿਹੀਆਂ ਕਾਰਵਾਈਆਂ ਤੋਂ ਬਚਣ ਦੀ ਲੋੜ

ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਅਨੁਸਾਰ ਪਿਛਲੇ ਸਾਲ ਮਹਾਰਾਸ਼ਟਰ ਵਿੱਚ ਹੋਈਆਂ ਘਟਨਾਵਾਂ ਜਮਹੂਰੀਅਤ ਦੇ ਪੱਖ ਤੋਂ ਬਹੁਤ ਉਦਾਸ ਕਰਨ ਵਾਲੀਆਂ ਸਨ।ਸੁਪਰੀਮ ਕੋਰਟ ਦੇ ਸੰਵਿਧਾਨਿਕ ਬੈਂਚ ਦੀ ਅਗਵਾਈ ਕਰ ਰਹੇ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਨੇ ਮਹਾਰਾਸ਼ਟਰ ਵਿੱਚ ਮਹਾ ਗਠਜੋੜ (ਸ਼ਿਵ ਸੈਨਾ, ਕਾਂਗਰਸ ਅਤੇ ਐੱਨਸੀਪੀ ਦਾ ਗੱਠਬੰਧਨ) ਦੀ ਸਰਕਾਰ ਨੂੰ ਡੇਗਣ ਵਿੱਚ ਤਤਕਾਲੀਨ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਦੀ ਭੂਮਿਕਾ ਬਾਰੇ ਕਿਹਾ ਕਿ ਰਾਜਪਾਲ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਸ ਦੁਆਰਾ (ਰਾਜ ਸਰਕਾਰ ਨੂੰ) ਭਰੋਸੇ ਦਾ ਮਤਾ ਪਾਸ ਕਰਵਾਉਣ ਲਈ ਕਹਿਣਾ (ਵਿਧਾਨ ਸਭਾ ਵਿੱਚ) ਸਰਕਾਰ ਦੇ ਬਹੁਮੱਤ ਨੂੰ ਖ਼ੋਰਾ ਲਗਾ ਸਕਦਾ ਹੈ। ਰਾਜਪਾਲ ਅਜਿਹੀ ਕੋਈ ਕਾਰਵਾਈ ਨਹੀਂ ਕਰ ਸਕਦਾ ਜਿਨ੍ਹਾਂ ਕਾਰਨ ਕਿਸੇ ਸਰਕਾਰ ਨੂੰ ਡੇਗਣ ਦੀ ਪ੍ਰਕਿਰਿਆ ਵਿੱਚ ਤੇਜ਼ੀ ਆਏ।



ਯਾਦ ਰਹੇ ਕਿ ਜੂਨ 2022 ਵਿੱਚ ਸ਼ਿਵ ਸੈਨਾ ਵਿੱਚ ਟੁੱਟ-ਭੱਜ ਹੋਣੀ ਸ਼ੁਰੂ ਹੋਈ ਅਤੇ ਵੱਡੀ ਗਿਣਤੀ ਵਿੱਚ ਵਿਧਾਇਕ ਬਾਗ਼ੀ ਹੋ ਗਏ। ਸ਼ਿਵ ਸੈਨਾ ਦੇ 34 ਬਾਗ਼ੀ ਵਿਧਾਇਕਾਂ ਨੇ ਰਾਜਪਾਲ ਨੂੰ ਪੱਤਰ ਸੌਂਪ ਕੇ ਜਾਣਕਾਰੀ ਦਿੱਤੀ ਕਿ ਉਹ ਤਤਕਾਲੀਨ ਮੁੱਖ ਮੰਤਰੀ ਊਧਵ ਠਾਕਰੇ ਦਾ ਸਾਥ ਛੱਡ ਚੁੱਕੇ ਹਨ। 28 ਜੂਨ ਨੂੰ ਭਾਰਤੀ ਜਨਤਾ ਪਾਰਟੀ ਦੇ ਆਗੂ ਦੇਵੇਂਦਰ ਫੜਨਵੀਸ ਨੇ ਰਾਜਪਾਲ ਨੂੰ ਕਿਹਾ ਕਿ ਉਹ ਊਧਵ ਠਾਕਰੇ ਨੂੰ ਵਿਧਾਨ ਸਭਾ ਵਿੱਚ ਆਪਣਾ ਬਹੁਮੱਤ ਸਾਬਤ ਕਰਨ ਲਈ ਕਹਿਣ। ਬਾਗ਼ੀ ਵਿਧਾਇਕਾਂ ਅਤੇ ਭਾਜਪਾ ਦਾ ਕਹਿਣਾ ਮੰਨਦਿਆਂ ਰਾਜਪਾਲ ਨੇ ਠਾਕਰੇ ਨੂੰ 30 ਜੂਨ ਨੂੰ ਵਿਧਾਨ ਸਭਾ ਵਿੱਚ ਬਹੁਮੱਤ ਸਾਬਤ ਕਰਨ ਦਾ ਆਦੇਸ਼ ਦਿੱਤਾ। ਸੁਪਰੀਮ ਕੋਰਟ ਦੇ ਬੈਂਚ ਦਾ ਮੰਨਣਾ ਹੈ ਕਿ ਰਾਜਪਾਲ ਦੁਆਰਾ ਇਜਲਾਸ ਸੱਦਣ ਨੇ ਇਸ ਪ੍ਰਭਾਵ ਨੂੰ ਮਜ਼ਬੂਤ ਕੀਤਾ ਕਿ ਤਤਕਾਲੀਨ ਸਰਕਾਰ ਵਿਧਾਨ ਸਭਾ ਵਿਚ ਬਹੁਮਤ ਦਾ ਵਿਸ਼ਵਾਸ ਗਵਾ ਚੁੱਕੀ ਸੀ ਅਤੇ ਇਹ ਕਾਰਵਾਈ ਸੰਵਿਧਾਨਕ ਮਰਿਆਦਾ ਅਨੁਸਾਰ ਸਹੀ ਨਹੀਂ ਸੀ। ਸੁਪਰੀਮ ਕੋਰਟ ਨੇ ਇਹ ਟਿੱਪਣੀ ਵੀ ਕੀਤੀ ਕਿ ਬਾਗ਼ੀ ਵਿਧਾਇਕਾਂ ਦੀ ਗੱਲ ਮੰਨ ਕੇ ਰਾਜਪਾਲ ਨੇ ਉਸ ਖੇਤਰ ਵਿੱਚ ਦਖ਼ਲ ਦਿੱਤਾ ਜਿਹੜਾ ਵਿਧਾਨ ਸਭਾ ਸਪੀਕਰ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਸੁਪਰੀਮ ਕੋਰਟ ਅਨੁਸਾਰ ਰਾਜਪਾਲਾਂ ਦਾ ਚੁਣੀਆਂ ਹੋਈਆਂ ਸਰਕਾਰਾਂ ਨੂੰ ਡੇਗਣ ਦੇ ਵਰਤਾਰੇ ਵਿੱਚ ਸ਼ਾਮਿਲ ਹੋਣਾ ਜਮਹੂਰੀਅਤ ਲਈ ਘਾਤਕ ਹੋ ਸਕਦਾ ਹੈ।

ਪਿਛਲੇ ਕੁਝ ਸਮੇਂ ਤੋਂ ਕਈ ਸੂਬਿਆਂ, ਜਿਨ੍ਹਾਂ ਵਿੱਚ ਗ਼ੈਰ-ਭਾਜਪਾ ਪਾਰਟੀਆਂ ਦੀ ਹਕੂਮਤ ਹੈ, ਵਿੱਚ ਰਾਜਪਾਲਾਂ ਤੇ ਮੁੱਖ ਮੰਤਰੀਆਂ

(ਬਾਕੀ ਸਫ਼ਾ 30 ’ਤੇ)

# ਹਿਮਾਚਲ ਵੱਲੋਂ ਲਗਾਏ ਦਰਿਆਈ ਪਾਣੀਆਂ ’ਤੇ ਸੈੱਸ ਬਾਰੇ ਯੋਗ ਨੀਤੀ ਅਪਨਾਵੇ ਪੰਜਾਬ ਸਰਕਾਰ

ਬੀਤੇ ਦਿਨੀਂ ਹਿਮਾਚਲ ਪ੍ਰਦੇਸ਼ ਸਰਕਾਰ ਨੇ ਪਣ-ਬਿਜਲੀ ਪ੍ਰਾਜੈਕਟਾਂ ਲਈ ਵਰਤੇ ਜਾਂਦੇ ਪਾਣੀ ’ਤੇ ਸੈੱਸ ਨਾਮਕ ਟੈਕਸ ਲਾਉਣ ਦਾ ਫ਼ੈਸਲਾ ਕਰਦਿਆਂ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਫ਼ਿਕਰ ਵਾਲੀ ਗੱਲ ਇਹ ਹੈ ਕਿ ਇਸ ਦੀ ਜ਼ੱਦ ਵਿੱਚ ਪੰਜਾਬ ਦੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਅਤੇ ਪੰਜਾਬ ਸਟੇਟ ਪਾਵਰ ਸਪਲਾਈ ਲਿਮਟਿਡ ਦੇ ਕਈ ਪਣ-ਬਿਜਲੀ ਪ੍ਰਾਜੈਕਟ ਵੀ ਆਉਣਗੇ। ਹਾਲਾਂਕਿ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਇਸ ਦਾ ਵਿਰੋਧ ਕਰੇਗੀ ਅਤੇ ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਸ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕਰਦਿਆਂ ਕਿਹਾ ਹੈ ਕਿ ਹਿਮਾਚਲ ਕੀ ਕਰਦਾ ਹੈ ਉਸ ਨਾਲ ਸਾਨੂੰ ਕੋਈ ਮਤਲਬ ਨਹੀਂ ਹੈ। ਪਰ ਗੁਰਤੇਜ ਸਿੰਘ ਆਈਏਐਸ ਆਖਦੇ ਹਨ ਕਿ ਪੰਜਾਬ ਨੂੰ ਇਸ ਦੇ ਖਿਲਾਫ਼ ਕਾਨੂੰਨੀ ਲੜਾਈ ਲੜਨੀ ਹੀ ਪਵੇਗੀ, ਕਿਉਂਕਿ ਹਿਮਾਚਲ ਪ੍ਰਦੇਸ਼ ਦੀ ਸਰਕਾਰ ਪੰਜਾਬ ਵਿੱਚ ਚਲਦੇ ਪਣ-ਬਿਜਲੀ ਪ੍ਰਾਜੈਕਟਾਂ ’ਤੇ ਟੈਕਸ ਨਹੀਂ ਲਾ ਸਕਦੀ ਕਿਉਂਕਿ ਪੰਜਾਬ, ਹਿਮਾਚਲ ਤੇ ਪੰਜਾਬ ਵਿੱਚ ਵਗਦੇ ਦਰਿਆਵਾਂ ਦਾ ਰਾਇਪੇਰੀਅਨ ਰਾਜ ਹੋਣ ਕਾਰਨ ਹੱਕਦਾਰ ਸੂਬਾ ਹੈ।

ਸ੍ਰ. ਗੁਰਤੇਜ ਸਿੰਘ ਆਈਏਐਸ ਆਖਦੇ ਹਨ ਕਿ ਇਸ ਸਥਿਤੀ ਨੇ ਪੰਜਾਬ ਨੂੰ ਆਪਣੀਆਂ ਆਰਥਿਕ ਮੁਸ਼ਕਿਲਾਂ ਵਿਚੋਂ ਨਿਕਲਣ ਦਾ ਨਵਾਂ ਰਸਤਾ ਦਿਖਾ ਦਿੱਤਾ ਹੈ। ਇਸ ਤੋਂ ਪਹਿਲਾਂ ਉਤਰਾਖੰਡ ਅਤੇ ਜੰਮੂ-ਕਸ਼ਮੀਰ ਵੀ ਇਸ ਤਰ੍ਹਾਂ ਦਾ ਸੈੱਸ ਲਾ ਕੇ ਆਪਣੇ ਰਾਜਾਂ ਵਿਚਲੇ ਪਣ-ਬਿਜਲੀ ਪ੍ਰਾਜੈਕਟਾਂ ਤੋਂ ਕਮਾਈ ਕਰ ਰਹੇ ਹਨ। ਹਿਮਾਚਲ ਪ੍ਰਦੇਸ਼ ਨੇ ਸੈਕਸ਼ਨ 17 (1) ਅਧੀਨ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਹ ਸੈੱਸ ਲਾਉਣ ਲਈ ਹਾਈਡਰੋ ਪਾਵਰ ਜਨਰੇਸ਼ਨ ਆਰਡੀਨੈਂਸ 2023 ਜਾਰੀ ਕੀਤਾ ਹੈ। ਇਸ ਮੰਤਵ ਲਈ ਉਹ ਪੱਕਾ ਕਾਨੂੰਨ ਬਣਾਉਣ ਲਈ ਵਿਧਾਨ ਸਭਾ ਵਿੱਚ ਪ੍ਰਸਤਾਵ ਵੀ ਪਾਸ ਕਰ ਰਿਹਾ ਹੈ। ਇਸ ਤਰ੍ਹਾਂ ਹਿਮਾਚਲ ਪ੍ਰਤੀ ਸਾਲ 1000 ਕਰੋੜ ਰੁਪਏ ਦੇ ਹੋਰ ਟੈਕਸ ਉਗਰਾਹੁਣ ਦੇ ਕਾਬਲ ਹੋ ਜਾਵੇਗਾ।ਉਹਨਾਂ ਕਿਹਾ ਕਿ ਪੰਜਾਬ ਨੂੰ ਇਸ ਦੇ ਖਿਲਾਫ਼ ਰਾਇਪੇਰੀਅਨ ਕਾਨੂੰਨ ਦੇ ਤਹਿਤ ਕਾਨੂੰਨੀ ਲੜਾਈ ਤਾਂ ਲੜਨੀ ਹੀ ਪਵੇਗੀ। ਨਹੀਂ ਤਾਂ ਹਿਮਾਚਲ ਪਾਣੀਆਂ ਦੇ ਮਾਮਲੇ ਵਿੱਚ ਅੱਗੇ ਜਾ ਕੇ ਪੰਜਾਬ ਲਈ ਕਈ ਹੋਰ ਨਵੀਆਂ ਮੁਸ਼ਕਿਲਾਂ ਵੀ ਖੜ੍ਹੀਆਂ ਕਰ ਸਕਦਾ ਹੈ।ਪੰਜਾਬ ਖੁਦ ਤਾਂ ਇਕ ਰਾਇਪੇਰੀਅਨ ਰਾਜ ਹੋਣ ਦੇ ਨਾਤੇ ਹਿਮਾਚਲ ਵਲੋਂ ਲਾਏ ਸੈੱਸ ਤੋਂ ਬਚ ਸਕਦਾ ਹੈ। ਪਰ ਹਿਮਾਚਲ ਦੀ ਹੀ ਤਰਜ਼ ’ਤੇ ਪੰਜਾਬ ਸਰਕਾਰ ਆਪਣੇ ਟੈਕਸ ਲਾਉਣ ਦੇ ਅਧਿਕਾਰਾਂ ਨੂੰ ਵਰਤਦਿਆਂ ਪੰਜਾਬ ਦੇ ਪਾਣੀ ’ਤੇ ਟੈਕਸ ਜਾਂ ਸੈੱਸ ਲਾ ਸਕਦੀ ਹੈ। ਇਸ ਲਈ ਸਰਦਾਰ ਗੁਰਤੇਜ ਸਿੰਘ ਦੀ ਰਾਏ ਹੈ ਕਿ ਪੰਜਾਬ ਸਰਕਾਰ ਨੂੰ ਅਜਿਹਾ ਕਾਨੂੰਨ ਬਣਾਉਣ ਦੀ ਲੋੜ ਹੈ ਤਾਂ ਜੋ ਪੰਜਾਬ ਵਿਚੋਂ ਲੰਘਦੇ ਪਾਣੀ ’ਤੇ ਕੋਈ ਟੈਕਸ ਜਾਂ

(ਬਾਕੀ ਸਫ਼ਾ 30 ’ਤੇ)

# ਪੰਜਾਬ ਦੀ ਸਿਆਸਤ ਦੀ ਗੱਲ ਕਰਦਿਆਂ

## ਪੰਜਾਬ ਦੀ ਸਿਆਸਤ ਵਿੱਚ ਭਾਰੂ ਹੋ ਰਹੀ ਹੈ ਨਿੱਜੀ ਦੂਸ਼ਣਬਾਜ਼ੀ




ਜਦੋਂ ਵੀ ਪੰਜਾਬ ਦੀ ਸਿਆਸਤ ਦੀ ਗੱਲ ਤੁਰਦੀ ਹੈ ਤਾਂ ਅਕਸਰ ਇਹ ਕਿਹਾ ਜਾਂਦਾ ਹੈ ਕਿ ਪੰਜਾਬ ਦੀ ਸਿਆਸਤ ਵਿੱਚ ਅੱਜ ਕੱਲ ਲੋਕਤੰਤਰੀ ਕਦਰਾਂ ਕੀਮਤਾਂ ਦੀ ਪਾਲਣਾ ਘੱਟ ਕੀਤੀ ਜਾ ਰਹੀ ਹੈ ਅਤੇ ਪੰਜਾਬ ਦੀ ਸਿਆਸਤ ਵਿੱਚ ਨਿੱਜੀ ਦੂਸ਼ਣਬਾਜੀ ਵਧੇਰੇ ਭਾਰੂ ਹੋ ਰਹੀ ਹੈ।

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਣਿਆ ਇਕ ਸਾਲ ਪੂਰਾ ਹੋ ਗਿਆ ਹੈ। ਇਸ ਮੌਕੇ ਸੱਤਾਧਾਰੀ ਧਿਰ ਨਾਲ ਸਬੰਧਿਤ ਆਗੂਆਂ ਵੱਲੋਂ ਬੀਤੇ ਇਕ ਸਾਲ ਦੌਰਾਨ ਆਪ ਸਰਕਾਰ ਵੱਲੋਂ ਕੀਤੇ ਗਏ ਕੰਮਾਂ ਨੂੰ ਵਡਿਆਇਆ ਜਾ ਰਿਹਾ ਹੈ, ਉਥੇ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਆਪ ਸਰਕਾਰ 'ਤੇ ਲੋਕਾਂ ਨਾਲ ਕੀਤੇ ਗਏ ਵਾਅਦੇ ਪੂਰੇ ਨਾ ਕਰਨ ਦਾ ਦੋਸ਼ ਲਗਾਇਆ ਜਾ ਰਿਹਾ ਹੈ। ਇਕ ਪਾਸੇ ਆਪ ਆਗੂ ਕਹਿ ਰਹੇ ਹਨ ਕਿ ਇਕ ਸਾਲ ਦੇ ਕਾਰਜਕਾਲ ਦੌਰਾਨ ਆਪ ਸਰਕਾਰ ਨੇ ਪੰਜਾਬੀਆਂ ਨਾਲ ਕੀਤੇ ਵੱਡੀ ਗਿਣਤੀ ਵਾਅਦੇ ਪੂਰੇ ਕੀਤੇ ਹਨ, ਉਥੇ ਵਿਰੋਧੀ ਸਿਆਸੀ ਆਗੂ ਕਹਿ ਰਹੇ ਹਨ ਕਿ ਪੰਜਾਬ ਦੀ ਆਪ ਸਰਕਾਰ ਹਰ ਫਰੰਟ 'ਤੇ ਫੇਲ ਹੋ ਗਈ ਹੈ। ਇਸ ਦੌਰਾਨ ਪੰਜਾਬ ਦੀ ਸਿਆਸਤ ਵਿੱਚ ਨਿੱਜੀ ਦੂਸ਼ਣਬਾਜੀ ਕਰਨ ਦਾ ਰੁਝਾਨ ਵੀ ਉਭਰ ਕੇ ਸਾਹਮਣੇ ਆ ਰਿਹਾ ਹੈ। ਵੇਖਣ ਵਿੱਚ ਆਇਆ ਹੈ ਕਿ ਅਕਸਰ ਵਿਰੋਧੀ ਸਿਆਸੀ ਆਗੂ ਆਪ ਸਰਕਾਰ ਅਤੇ ਖਾਸ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਨਿਖੇਧੀ ਕਰਦਿਆਂ ਨਿੱਜੀ ਦੂਸ਼ਣਬਾਜੀ 'ਤੇ ਉਤਰ ਆਉਂਦੇ ਹਨ।



ਪੰਜਾਬੀਆਂ ਨੂੰ ਯਾਦ ਹੋਵੇਗਾ ਕਿ ਇਕ ਵਾਰ ਵਿਦੇਸ਼ ਦੌਰੇ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਜਹਾਜ਼ ਕੁਝ ਦੇਰੀ ਨਾਲ ਉਡਿਆ ਸੀ ਤਾਂ ਉਸ ਸਮੇਂ ਪੰਜਾਬ ਵਿੱਚ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਮੀਡੀਆ ਸਾਹਮਣੇ ਇਹ ਦੋਸ਼ ਲਗਾਏ ਸਨ ਕਿ ਭਗਵੰਤ ਮਾਨ ਨੇ ਸ਼ਰਾਬ ਪੀਤੀ ਹੋਣ ਕਰਕੇ ਜਹਾਜ਼ ਦੇਰੀ ਨਾਲ ਉਡਿਆ ਸੀ ਭਾਵੇਂ ਕਿ ਬਾਅਦ ਵਿੱਚ ਸੁਖਬੀਰ ਬਾਦਲ ਦੀ ਗਲ ਝੂਠ ਨਿਕਲੀ ਸੀ ਅਤੇ ਜਹਾਜ਼ ਕਿਸੇ ਤਕਨੀਕੀ ਕਾਰਨ ਕਰਕੇ ਦੇਰ ਹੋਣ ਦੀ ਸੱਚਾਈ ਸਾਹਮਣੇ ਆਈ ਸੀ ਪਰ ਜਿਸ ਤਰੀਕੇ ਨਾਲ ਉਸ ਸਮੇਂ ਸੁਖਬੀਰ ਬਾਦਲ ਵਲੋਂ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿੱਜੀ ਦੂਸ਼ਣਬਾਜੀ ਕੀਤੀ ਗਈ, ਉਸਨੇ ਪੰਜਾਬ ਦੀ ਸਿਆਸਤ ਵਿੱਚ ਨਿੱਜੀ ਦੂਸ਼ਣਬਾਜੀ ਦੀ ਨਵੀਂ ਪਿਰਤ ਪਾ ਦਿਤੀ। ਇਸ ਤੋਂ ਇਲਾਵਾ ਕਈ ਵਿਰੋਧੀ ਸਿਆਸੀ ਆਗੂ ਅਕਸਰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਿਆਹ ਕਰਵਾਉਣ ਅਤੇ ਮਹਿੰਗੇ ਬੂਟ ਪਾਉਣ 'ਤੇ ਬਿਆਨਬਾਜੀ ਕਰਦੇ ਰਹਿੰਦੇ ਹਨ ਤਾਂ ਆਮ ਪੰਜਾਬੀਆਂ ਨੂੰ ਸਮਝ ਨਹੀਂ ਆਉਂਦੀ ਕਿ ਜੇ ਮੁੱਖ ਮੰਤਰੀ ਨੇ ਵਿਆਹ ਕਰਵਾ ਲਿਆ ਜਾਂ ਮਹਿੰਗੇ ਬੂਟ ਪਾ ਲਏ ਤਾਂ ਇਸ ਵਿੱਚ ਕੀ ਅਣਹੋਣੀ ਹੋ ਗਈ। ਹੋਰ ਸਿਆਸੀ ਆਗੂ ਵੀ ਤਾਂ ਮਹਿੰਗੇ ਬੂਟ, ਮਹਿੰਗੀਆਂ ਘੜੀਆਂ ਅਤੇ ਮਹਿੰਗੀਆਂ ਐਨਕਾਂ ਲਗਾਉਂਦੇ ਹਨ।

ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਪੰਜਾਬ ਵਿਧਾਨ ਸਭਾ ਦੇ ਪਿਛਲੇ ਸ਼ੈਸ਼ਨਾਂ ਨੂੰ ਅੱਖੀਂ ਵੇਖਣ ਵਾਲੇ ਦਸਦੇ ਹਨ ਕਿ ਪੰਜਾਬ ਵਿੱਚ ਮਾਨ ਸਰਕਾਰ ਬਣਨ ਤੋਂ ਪਹਿਲਾਂ ਸਦਨ ਵਿੱਚ ਮਹਿੰਗੇ ਕੁੜਤੇ ਪਜਾਮੇ, ਮਹਿੰਗੀਆਂ ਗੁੱਟ ਘੜੀਆਂ, ਮਹਿੰਗੀਆਂ ਐਨਕਾਂ ਵਾਲੇ ਸਿਆਸੀ ਆਗੂਆਂ ਦੀ ਭਰਮਾਰ ਹੁੰਦੀ ਸੀ ਅਤੇ ਹਰ ਵਾਰ ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਕਰੀਬ ਇਕੋ ਜਿਹੇ ਚਿਹਰੇ ਵਿਧਾਨ ਸਭਾ ਸਦਨ ਵਿੱਚ ਨਜ਼ਰ ਆਉਂਦੇ ਸਨ ਪਰ ਪਿਛਲੇ ਸਾਲ ਆਮ ਆਦਮੀ ਪਾਰਟੀ ਦੀ ਜਿੱਤ ਤੋਂ ਬਾਅਦ ਪੰਜਾਬ ਵਿਧਾਨ ਸਭਾ ਸਦਨ ਵਿੱਚ ਲੰਬੇ ਸਮੇਂ ਬਾਅਦ ਨਵੀਂ ਪੌਂਦ ਦਿਖਾਈ ਦਿਤੀ ਅਤੇ ਪੰਜਾਬ ਵਿਧਾਨ ਸਭਾ ਦੇ ਸਦਨ ਵਿੱਚ ਆਮ ਲੋਕਾਂ ਵਿਚੋਂ ਚੁਣ ਕੇ ਆਏ ਹੋਏ ਵਿਧਾਇਕ ਨਜ਼ਰੀ ਪਏ। ਇਹਨਾਂ ਆਮ ਵਿਧਾਇਕਾਂ ਦਾ ਪਹਿਰਾਵਾ ਵੀ ਆਮ ਲੋਕਾਂ ਵਰਗਾ ਹੋਣ ਕਰਕੇ ਇਹ ਲੋਕਾਂ ਦੀ ਖਿਚ ਦਾ ਕੇਂਦਰ ਬਣੇ।

ਇਹ ਠੀਕ ਹੈ ਕਿ ਭਾਰਤ ਵਿੱਚ ਸੰਵਿਧਾਨ ਰਾਹੀਂ ਬੋਲਣ ਦੀ ਆਜ਼ਾਦੀ ਦਿੱਤੀ ਗਈ ਹੈ, ਪਰ ਇਸਦਾ ਮਤਲਬ ਇਹ ਨਹੀਂ ਕਿ ਮੁੱਖ ਮੰਤਰੀ ਜਾਂ ਸਰਕਾਰ ਦੀ ਨਿਖੇਧੀ ਕਰਨ ਲੱਗਿਆ ਵਿਰੋਧੀ ਸਿਆਸੀ ਆਗੂ ਨਿੱਜੀ ਦੂਸ਼ਣਬਾਜ਼ੀ ਕਰਨ ਲੱਗ ਪੈਣ। ਹਰ ਸਰਕਾਰ ਦੇ ਗਲਤ ਕੰਮਾਂ ਦੀ ਨਿਖੇਧੀ ਕਰਨਾ ਅਤੇ ਸਰਕਾਰ ਨੂੰ ਨਿਰਕੁੰਸ਼ ਹੋਣ ਤੋਂ ਰੋਕਣਾ ਵਿਰੋਧੀ ਧਿਰ ਦੀ ਜਿੰਮੇਵਾਰੀ ਹੁੰਦੀ ਹੈ ਪਰ ਨਿੱਜੀ ਦੂਸ਼ਣਬਾਜੀ ਨੂੰ ਕਿਸੇ ਵੀ ਤਰਾਂ ਜਾਇਜ਼ ਨਹੀਂ ਕਿਹਾ ਜਾਂਦਾ। ਲੋਕਤੰਤਰ ਵਿੱਚ ਸਰਕਾਰ ਦੀ ਆਲੋਚਨਾ ਵੀ ਉਸਾਰੂ ਤਰੀਕੇ ਨਾਲ ਕੀਤੀ ਜਾਂਦੀ ਹੈ। ਮੁੱਖ ਮੰਤਰੀ ਦੇ ਅਹੁਦੇ ਦੀ ਇਕ ਸੰਵਿਧਾਨਕ ਮਰਿਆਦਾ ਹੁੰਦੀ ਹੈ, ਜਿਸਦੀ ਮਰਿਆਦਾ ਦਾ ਖਿਆਲ ਵਿਰੋਧੀ ਸਿਆਸੀ ਆਗੂਆਂ ਨੂੰ ਰਖਣਾ ਚਾਹੀਦਾ ਹੈ। ਇਥੇ ਅਸੀਂ ਆਪ ਸਰਕਾਰ, ਆਮ ਆਦਮੀ ਪਾਰਟੀ ਜਾਂ ਕਿਸੇ ਹੋਰ ਸਿਆਸੀ ਪਾਰਟੀ ਦਾ ਸਮਰਥਣ ਨਹੀਂ ਕਰ ਰਹੇ ਸਗੋਂ ਸਾਡੇ ਕਹਿਣ ਦਾ ਭਾਵ ਇਹ ਹੈ ਕਿ ਮੁੱਖ ਮੰਤਰੀ ਭਾਵੇਂ ਕਿਸੇ ਵੀ ਸਿਆਸੀ ਪਾਰਟੀ ਦਾ ਹੋਵੇ, ਉਸਦੇ ਸੰਵਿਧਾਨਕ ਅਹੁਦੇ ਦੀ ਮਾਣ ਮਰਿਆਦਾ ਅਤੇ ਲੋਕਤੰਤਰ ਦੀਆਂ ਕਦਰਾਂ ਕੀਮਤਾਂ ਦਾ ਖਿਆਲ ਜਰੂਰ ਵਿਰੋਧੀ ਸਿਆਸੀ ਆਗੂਆਂ ਨੂੰ ਰੱਖਣਾ ਚਾਹੀਦਾ ਹੈ।

DIAMOND TRANSPORTATION
DIAMOND Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਕਿਸਾਨਾਂ ਦੇ ਅਜੇ ਹੋਰ ਕਿੰਨੇ ਕੁ ਹੰਝੂ ਵਹਾਏਗਾ ਪਿਆਜ਼

**➢ 10 ਹਜ਼ਾਰ ਕਿਸਾਨਾਂ ਵੱਲੋਂ ਨਾਸਿਕ ਤੋਂ ਮੁੰਬਈ ਤਕ ਪੈਦਲ ਮਾਰਚ ➢ ਸੜਕਾਂ ’ਤੇ ਉੱਤਰੇ ਕਿਸਾਨ ਕਰ ਰਹੇ ਨੇ ਪਿਆਜ਼ ’ਤੇ ਘੱਟੋ ਘੱਟ ਸਮਰਥਣ ਮੁੱਲ ਦੀ ਮੰਗ ➢ਦੇਸ਼ ਦਾ ਅੰਨਦਾਤਾ ਕਿਸਾਨ ਭੁੱਖੇ ਢਿੱਡ ਸੌਣ ਲਈ ਮਜ਼ਬੂਰ**

ਨਾਸਿਕ/ਏ.ਟੀ.ਨਿਊਜ਼ :- ਦੇਸ਼ ਦਾ ਅੰਨਦਾਤਾ ਕਿਹਾ ਜਾਂਦਾ ਕਿਸਾਨ ਅੱਜ ਭੁੱਖੇ ਢਿੱਡ ਸੌਣ ਲਈ ਮਜ਼ਬੂਰ ਹੈ। ਕਿਸਾਨਾਂ ਨੂੰ ਉਹਨਾਂ ਦੀਆਂ ਫਸਲਾਂ ਦਾ ਉਚਿੱਤ ਮੁੱਲ ਨਹੀਂ ਮਿਲ ਰਿਹਾ, ਜਿਸ ਕਾਰਨ ਕਿਸਾਨਾਂ ਦੀ ਆਰਥਿਕ ਸਥਿਤੀ ਡਾਵਾਂਡੋਲ ਹੋ ਰਹੀ ਹੈ। ਮਹਾਰਾਸ਼ਟਰ ਦੇ ਨਾਸਿਕ ਇਲਾਕੇ ਵਿੱਚ ਪਿਆਜ਼ ਦੀ ਬੰਪਰ ਫਸਲ ਵੇਖ ਕੇ ਜਿਹੜੇ ਕਿਸਾਨ ਖੁਸ਼ੀ ਵਿੱਚ ਫੁੱਲੇ ਨਹੀਂ ਸੀ ਸਮਾ ਰਹੇ, ਹੁਣ ਉਹਨਾਂ ਕਿਸਾਨਾਂ ਦੇ ਪਿਆਜ਼ ਦਾ ਘੱਟ ਮੁੱਲ ਮਿਲਣ ਕਾਰਨ ਹੰਝੂ ਨਿਕਲ ਰਹੇ ਹਨ।



ਮਹਾਰਾਸ਼ਟਰ ਦੇ ਪਿਆਜ਼ ਉਤਪਾਦਨ ਲਈ ਪ੍ਰਸਿੱਧ ਇਲਾਕੇ ਨਾਸਿਕ ਦੇ ਡਿੰਡੋਰੀ ਤੋਂ 10 ਹਜ਼ਾਰ ਕਿਸਾਨਾਂ ਦਾ ਕਾਫਲਾ ਪੈਦਲ ਮਾਰਚ ਕਰਦਾ ਹੋਇਆ ਨਾਸਿਕ ਤੋਂ 203 ਕਿਲੋਮੀਟਰ ਦੂਰ ਮੁੰਬਈ ਦੇ ਆਜ਼ਾਦ ਮੈਦਾਨ ਲਈ ਰਵਾਨਾ ਹੋਇਆ ਸੀ। ਡਰੋਨ ਤੋਂ ਕਿਸਾਨਾਂ ਦੇ ਕਾਫਲੇ ਨੂੰ ਦੇਖ ਕੇ ਅਜਿਹਾ ਲੱਗ ਰਿਹਾ ਸੀ ਜਿਵੇਂ ਕੋਈ ਅਜਗਰ ਸੜਕ ’ਤੇ ਘੁੰਮ ਰਿਹਾ ਹੋਵੇ।ਇਹ ਕਿਸਾਨ ਜ਼ਮੀਨ ’ਤੇ ਆਦਿਵਾਸੀਆਂ ਦੇ ਹੱਕ, ਪਿਆਜ਼ ’ਤੇ ਘੱਟੋ-ਘੱਟ ਸਮਰਥਨ ਮੁੱਲ ਅਤੇ ਕਰਜ਼ਾ ਮੁਆਫੀ ਦੀ ਮੰਗ ਕਰ ਰਹੇ ਸਨ।

ਅਸਲ ਵਿੱਚ ਇਸ ਵਾਰ ਨਾਸਿਕ ਵਿੱਚ ਪਿਆਜ਼ ਦੀ ਬੰਪਰ ਫਸਲ ਹੋਈ ਹੈ ਪਰ ਪਿਆਜ਼ ਦੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਪਿਆਜ਼ ਦਾ ਸਹੀ ਭਾਅ ਨਹੀਂ ਮਿਲ ਰਿਹਾ, ਜਿਸ ਕਰਕੇ ਕਿਸਾਨਾਂ ਨੂੰ ਘੱਟ ਮੁੱਲ ’ਤੇ ਪਿਆਜ਼ ਵੇਚਣ ਲਈ ਮਜਬੂਰ ਹੋਣਾ ਪੈ ਰਿਹਾ ਹੈ, ਜਿਸ ਕਾਰਨ ਉਹਨਾਂ ਦਾ ਲਾਗਤ ਮੁੱਲ ਵੀ ਨਹੀਂ ਮੁੜ ਰਿਹਾ। ਇਸ ਕਾਰਨ ਕਿਸਾਨ ਹੁਣ ਪਿਆਜ਼ ਤੇ ਘੱਟੋ-ਘੱਟ ਸਮਰਥਨ ਮੁੱਲ ਭਾਵ ਐਮ ਐਸ ਪੀ ਦੀ ਮੰਗ ਕਰ ਰਹੇ ਹਨ ।

ਆਪਣੀਆਂ ਮੰਗਾਂ ਨੂੰ ਮਨਵਾਉਣ ਲਈ ਕਿਸਾਨਾਂ ਵੱਲੋਂ ਨਾਸਿਕ ਤੋਂ ਮੁੰਬਈ ਤਕ 203 ਕਿਲੋਮੀਟਰ ਪੈਦਲ ਮਾਰਚ ਕੀਤਾ ਗਿਆ। ਇਸ ਕਾਫਲੇ ਵਿੱਚ 10 ਹਜ਼ਾਰ ਤੋਂ ਵੱਧ ਕਿਸਾਨ ਸ਼ਾਮਲ ਸਨ ਅਤੇ ਉਹ ਆਪਣੀਆਂ ਮੰਗਾਂ ਦੇ ਹੱਕ ਵਿੱਚ ਨਾਰ੍ਹੇਬਾਜੀ ਕਰ ਰਹੇ ਸਨ। ਸੜਕਾਂ ’ਤੇ ਕਿਸਾਨਾਂ ਦੇ ਲੰਬੇ ਕਾਫਲੇ ਨੂੰ ਲੋਕ ਬਹੁਤ ਧਿਆਨ ਨਾਲ ਵੇਖ ਰਹੇ ਸਨ, ਜਿਹੜੇ ਜਿਹੜੇ ਇਲਾਕਿਆਂ ਵਿੱਚੋਂ ਕਿਸਾਨਾਂ ਦਾ ਕਾਫਲਾ ਗੁਜਰਿਆ, ਉਥੋਂ ਦੇ ਲੋਕ ਵੀ ਕਿਸਾਨਾਂ ਦੀਆਂ ਮੰਗਾਂ ਨਾਲ ਸਹਿਮਤ ਹੁੰਦੇ ਦਿਖਾਈ ਦਿਤੇ।

ਮੁੰਬਈ ਦਾ ਆਜ਼ਾਦ ਮੈਦਾਨ ਡਿੰਡੋਰੀ ਤੋਂ 203 ਕਿਲੋਮੀਟਰ ਦੂਰ ਹੈ। ਕਿਸਾਨ ਰੋਜ਼ਾਨਾ 25 ਕਿਲੋਮੀਟਰ ਪੈਦਲ ਚੱਲਦੇ ਸਨ। ਪੈਦਲ ਚੱਲਦਿਆਂ ਆਪਣੀਆਂ ਮੰਗਾਂ ਦੇ ਹੱਕ ਵਿੱਚ ਨਾਅਰੇਬਾਜ਼ੀ ਕਰਦੇ ਸਨ। ਜਿੱਥੇ ਉਹ ਠਹਿਰਦੇ ਸਨ, ਉੱਥੇ ਸਟੋਵ ਜਗਾ ਕੇ ਖਾਣਾ ਪਕਾ ਕੇ ਖਾਂਦੇ ਸਨ ਅਤੇ ਅੰਦੋਲਨ ਦੀ ਰਣਨੀਤੀ ਬਣਾਉਂਦੇ ਸਨ।

ਕੁੱਲ ਹਿੰਦ ਕਿਸਾਨ ਸਭਾ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਕੱਢੇ ਜਾ ਗਏ ਇਸ ਮਾਰਚ ਵਿੱਚ ਜੇਪੀ ਗਾਵਿਤ, ਖੱਬੇ ਪੱਖੀ ਪਾਰਟੀ ਦੇ ਅਜੀਤ ਨਵਲੇ ਆਦਿ ਆਗੂ ਅਤੇ ਨਾਸਿਕ ਜ਼ਿਲ੍ਹੇ ਦੀ ਬਾਗਲਾਨ, ਕਲਵਾਨ, ਡਿੰਡੋਰੀ ਤਹਿਸੀਲ ਦੇ ਆਦਿਵਾਸੀ ਮਜ਼ਦੂਰ ਵੀ ਕਿਸਾਨਾਂ ਦੇ ਨਾਲ ਸਨ।

**ਸਰਕਾਰ ਤੋਂ ਸਿਰਫ਼ ਭਰੋਸਾ ਮਿਲਿਆ, ਇਨਸਾਫ਼ ਨਹੀਂ**

ਕਿਸਾਨ ਮਾਰਚ ਦੌਰਾਨ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਅਖਿਲ ਭਾਰਤੀ ਕਿਸਾਨ ਸਭਾ ਦੀ ਮਹਾਰਾਸ਼ਟਰ ਇਕਾਈ ਦੇ ਜਨਰਲ ਸਕੱਤਰ ਅਜੀਤ ਨਵਲੇ ਨੇ ਕਿਹਾ ਕਿ ਜਦੋਂ ਵੀ ਪਿਆਜ਼ ਦੀਆਂ ਕੀਮਤਾਂ ਡਿੱਗਦੀਆਂ ਹਨ, ਕਿਸਾਨਾਂ ਨੂੰ ਸਰਕਾਰ ਤੋਂ ਸਿਰਫ਼ ਭਰੋਸਾ ਮਿਲਦਾ ਹੈ, ਨਿਆਂ ਨਹੀਂ। ਅਸੀਂ ਦੁੱਧ ਉਤਪਾਦਕਾਂ ਦਾ ਮੁੱਦਾ ਉਠਾਉਂਦੇ ਰਹੇ ਹਾਂ ਪਰ ਸਰਕਾਰ ਸਿਰਫ਼ ਭਰੋਸਾ ਹੀ ਦੇ ਰਹੀ ਹੈ। ਕਿਸਾਨ ਇਨਸਾਫ਼ ਲਈ ਸਰਕਾਰ ’ਤੇ ਦਬਾਅ ਬਣਾਉਣ ਦੇ ਮਕਸਦ ਨਾਲ ਪੈਦਲ ਮਾਰਚ ਕੱਢ ਰਹੇ ਸਨ।

**ਨਾਸਿਕ ਵਿੱਚ ਅਜਿਹਾ ਤੀਜਾ ਅੰਦੋਲਨ**

ਨਾਸਿਕ ਵਿੱਚ ਇਹ ਤੀਜਾ ਅਜਿਹਾ ਅੰਦੋਲਨ ਹੈ। ਕਿਸਾਨਾਂ ਨੇ 2018 ਅਤੇ 2019 ਵਿੱਚ ਵੀ ਪੈਦਲ ਮਾਰਚ ਕੱਢਿਆ ਸੀ। ਦੋਵੇਂ ਵਾਰ ਸਰਕਾਰ ਨੇ ਮੰਗਾਂ ਪੂਰੀਆਂ ਕਰਨ ਦਾ ਭਰੋਸਾ ਦੇ ਕੇ ਅੰਦੋਲਨ ਬੰਦ ਕਰਵਾਇਆ ਸੀ।ਇਸ ਵਾਰ ਮੁੱਖ ਮੰਤਰੀ ਏਕਨਾਥ ਸ਼ਿੰਦੇ ਅਤੇ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਸਾਨਾਂ ਦੇ ਨੇਤਾਵਾਂ ਨੂੰ ਮੰਤਰਾਲਿਆ ’ਚ ਗੱਲਬਾਤ ਲਈ ਬੁਲਾਇਆ ਸੀ ਪਰ ਇਸ ਨੂੰ ਦਰਕਿਨਾਰ ਕਰਦੇ ਹੋਏ ਕਿਸਾਨ ਪੈਦਲ ਮਾਰਚ ’ਤੇ ਚਲੇ ਗਏ ਸਨ।

**ਆਮ ਲੋਕਾਂ ਨੂੰ ਅਜੇ ਵੀ ਮਹਿੰਗਾ ਮਿਲ ਰਿਹਾ ਹੈ ਪਿਆਜ਼**

ਇਕ ਪਾਸੇ ਕਿਸਾਨਾਂ ਨੂੰ ਪਿਆਜ਼ ਦਾ ਸਹੀ ਮੁੱਲ ਨਹੀਂ ਮਿਲ ਰਿਹਾ, ਦੂਜੇ ਪਾਸੇ ਆਮ ਲੋਕਾਂ ਨੂੰ ਪਿਆਜ਼ ਅਜੇ ਵੀ ਮਹਿੰਗੇ ਮੁੱਲ ’ਤੇ ਮਿਲ ਰਿਹਾ ਹੈ। ਅਸਲ ਵਿੱਚ ਇਹ ਸਾਰੀ ਖੇਡ ਵਪਾਰੀਆਂ, ਵਿਚੌਲਿਆਂ ਅਤੇ ਦਲਾਲਾਂ ਦੀ ਹੈ। ਵਪਾਰੀ,ਵਿਚੌਲੇ ਅਤੇ ਦਲਾਲ ਕਿਸਾਨਾਂ ਤੋਂ ਬਹੁਤ ਘੱਟ ਮੁੱਲ ’ਤੇ ਪਿਆਜ਼ ਖਰੀਦ ਕੇ ਉਸੇ ਪਿਆਜ਼ ਨੂੰ ਆਮ ਲੋਕਾਂ ਨੂੰ ਮਹਿੰਗੇ ਮੁੱਲ ’ਤੇ ਵੇਚ ਕੇ ਮੋਟਾ ਮੁਨਾਫਾ ਕਮਾ ਰਹੇ ਹਨ।

## ਸਟਾਕ ਐਕਸਚੇਂਜ ਵੱਲੋਂ ਪਤੰਜਲੀ ਫੂਡਜ਼ ਦੇ ਪ੍ਰਮੋਟਰ ਦੇ ਸ਼ੇਅਰ ਫ੍ਰੀਜ਼




ਨਵੀਂ ਦਿੱਲੀ/ਏ.ਟੀ.ਨਿਊਜ਼ਸਟਾਕ ਐਕਸਚੇਂਜ ਨੇ ਪਤੰਜਲੀ ਫੂਡਜ਼ ਦੇ ਪ੍ਰਮੋਟਰਾਂ ਅਤੇ ਪ੍ਰਮੋਟਰ ਇਕਾਈਆਂ ਦੇ ਸ਼ੇਅਰਾਂ ਨੂੰ ਘੱਟੋ-ਘੱਟ ਜਨਤਕ ਸ਼ੇਅਰਹੋਲਡਿੰਗ ਦੇ ਮਾਪਦੰਡਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹਿਣ ਕਾਰਨ ਫ੍ਰੀਜ਼ ਕਰ ਦਿੱਤਾ ਹੈ। ਦਸੰਬਰ ਦੇ ਅੰਤ ਤੱਕ ਪਤੰਜਲੀ ਫੂਡਜ਼ ਵਿੱਚ ਜਨਤਕ ਸ਼ੇਅਰਧਾਰਕਾਂ ਦੀ ਹਿੱਸੇਦਾਰੀ 19.18 ਫੀਸਦੀ ਸੀ। ਸੇਬੀ ਦੁਆਰਾ ਲਾਜ਼ਮੀ ਨਿਯਮਾਂ ਦੇ ਅਨੁਸਾਰ, ਸੂਚੀਬੱਧ ਇਕਾਈ ਵਿੱਚ ਘੱਟੋ ਘੱਟ 25 ਫੀਸਦੀ ਹਿੱਸੇਦਾਰੀ ਜਨਤਕ ਸ਼ੇਅਰਧਾਰਕਾਂ ਕੋਲ ਹੋਣੀ ਚਾਹੀਦੀ ਹੈ।

# ਮਹਿਗਾਈ ਡਾਇਨ ਖਾਇ ਜਾਤ ਹੈ

ਨਵੀਂ ਦਿੱਲੀ/ਏ.ਟੀ.ਨਿਊਜ਼ :- ਭਾਰਤ ਸਮੇਤ ਕੈਨੇਡਾ ਅਤੇ ਹੋਰ ਮੁਲਕਾਂ ਵਿੱਚ ਦਿਨੋਂ ਦਿਨ ਮਹਿੰਗਾਈ ਵਿੱਚ ਕਾਫੀ ਵਾਧਾ ਹੋ ਰਿਹਾ ਹੈ, ਜਿਸ ਕਾਰਨ ਆਮ ਲੋਕਾਂ ਨੂੰ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਸਮੇਂ ਦੌਰਾਨ ਰਹੇ ਕੋਰੋਨਾ ਕਾਲ, ਤਾਲਾਬੰਦੀ, ਆਰਥਿਕ ਮੰਦੀ ਅਤੇ ਭਾਰਤ ਵਿੱਚ ਨੋਟਬੰਦੀ, ਜੀ ਐਸ ਟੀ ਲਾਗੂ ਹੋਣ ਨਾਲ ਵੀ ਅਨੇਕਾਂ ਲੋਕਾਂ ਦੇ ਰੁਜ਼ਗਾਰ ਚਲੇ ਗਏ, ਕੰਮ ਧੰਦੇ ਬੰਦ ਹੋ ਗਏ, ਜਿਸ ਕਾਰਨ ਲੋਕਾਂ ਦੀ ਆਰਥਿਕ ਸਥਿਤੀ ਡਾਵਾਂਡੋਲ ਹੋਣ ਲੱਗੀ। ਮਹਿੰਗਾਈ ਵਿੱਚ ਵਾਧੇ ਕਾਰਨ ਆਮ ਲੋਕਾਂ ਦੀ ਰਸੋਈ ਦਾ ਬਜਟ ਵੀ ਹਿਲ ਗਿਆ ਹੈ ਅਤੇ ਲੋਕਾਂ ਦੀ ਆਮਦਨ ਘੱਟ ਰਹੀ ਹੈ, ਜਦੋਂਕਿ ਖਰਚੇ ਵੱਧ ਰਹੇ ਹਨ। ਇਸ ਵੱਧ ਰਹੀ ਮਹਿੰਗਾਈ ਕਾਰਨ ਹਰ ਵਰਗ ਪ੍ਰੇਸ਼ਾਨ ਹੈ।



ਭਾਰਤ ਵਿੱਚ ਪੂੰਜੀਵਾਦ ਦੇ ਪਸਾਰੇ ਕਾਰਨ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੁੰਦਾ ਜਾ ਰਿਹਾ ਹੈ। ਜਿਥੇ ਲੋਕਾਂ ਦੇ ਕੰਮ ਧੰਦੇ ਘੱਟ ਰਹੇ ਹਨ, ਉਥੇ ਅਮੀਰਾਂ ਦੇ ਕੰਮਾਂ ਅਤੇ ਪੂੰਜੀ ਵਿੱਚ ਵਾਧਾ ਹੋ ਰਿਹਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੀਵਨ ਦੀਆਂ ਸਾਂਝੀਆਂ ਗਤੀਵਿਧੀਆਂ ਦੇ ਰੁਕਣ ਜਾਂ ਘਟਣ ਕਾਰਨ ਸਾਰੇ ਖੇਤਰਾਂ ਵਿੱਚ ਉਤਪਾਦਨ ਵਿੱਚ ਗਿਰਾਵਟ ਆਉਂਦੀ ਹੈ ਅਤੇ ਮੰਗ ਦੇ ਅਨੁਪਾਤ ਵਿੱਚ ਸਪਲਾਈ ਦੀ ਘਾਟ ਕਾਰਨ ਕਿਸੇ ਵੀ ਵਸਤੂ ਦੀ ਕੀਮਤ ਉੱਚੀ ਰਹਿੰਦੀ ਹੈ। ਪਰ ਅਜਿਹੇ ਮਾਮਲੇ ਵੀ ਲੁਕੇ-ਛਿਪੇ ਨਹੀਂ ਹਨ ਕਿ ਮੰਡੀ ਦੀਆਂ ਸੰਚਾਲਨ ਸ਼ਕਤੀਆਂ ਕਈ ਵਾਰ ਮਾਲ ਦੀ ਸਪਲਾਈ ਨੂੰ ਮਨਮਾਨੇ ਢੰਗ ਨਾਲ ਕੰਟਰੋਲ ਕਰਕੇ ਕੀਮਤਾਂ ਨੂੰ ਪ੍ਰਭਾਵਿਤ ਕਰਦੀਆਂ ਹਨ।

ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਜਦੋਂ ਬਾਜ਼ਾਰ ਵਿੱਚ ਰੋਜ਼ਾਨਾ ਲੋੜ ਦੀਆਂ ਕੁਝ ਵਸਤਾਂ ਦੇ ਭਾਅ ਡਿੱਗੇ ਸਨ ਤਾਂ ਉਮੀਦ ਸੀ ਕਿ ਸ਼ਾਇਦ ਲੋਕਾਂ ਨੂੰ ਮਹਿੰਗਾਈ ਦੇ ਲੰਮੇ ਦੌਰ ਤੋਂ ਹੌਲੀ-ਹੌਲੀ ਰਾਹਤ ਮਿਲੇਗੀ। ਪਰ ਹੁਣ ਇਕ ਵਾਰ ਫਿਰ ਪ੍ਰਚੂਨ ਮਹਿੰਗਾਈ ਨੇ ਵਧਦੇ ਰੁਖ ਨੂੰ ਲੈ ਲਿਆ ਹੈ, ਇਸ ਤੋਂ ਰਾਹਤ ਦੀ ਉਮੀਦ ਇਕ ਵਾਰ ਫਿਰ ਧੁੰਦਲੀ ਪੈਣ ਲੱਗੀ ਹੈ। ਇਸ ਤਰ੍ਹਾਂ ਸਰਕਾਰੀ ਅੰਕੜਿਆਂ ਵਿੱਚ ਥੋਕ ਮਹਿੰਗਾਈ ਦਰ ਦੋ ਸਾਲਾਂ ਤੋਂ ਵੱਧ ਦੇ ਹੇਠਲੇ ਪੱਧਰ 3.85 ਫੀਸਦੀ ’ਤੇ ਆ ਗਈ ਹੈ ਅਤੇ ਥੋਕ ਮਹਿੰਗਾਈ ਦਰ ਵਿੱਚ ਵੀ ਗਿਰਾਵਟ ਦਰਜ ਕੀਤੀ ਗਈ ਹੈ। ਪਰ ਜੇਕਰ (ਬਾਕੀ ਸਫ਼ਾ 31 ’ਤੇ)

# ਭਾਰਤ ’ਚ ਕੋਵਿਡ ਅਤੇ H3N2 ਮਾਮਲਿਆਂ ਵਿੱਚ ਹੋ ਰਿਹਾ ਵਾਧਾ ਚਿੰਤਾ ਦਾ ਵਿਸ਼ਾ

ਨਵੀਂ ਦਿੱਲੀ/ਏ.ਟੀ.ਨਿਊਜ਼ :-ਚਾਰ ਮਹੀਨਿਆਂ ਬਾਅਦ, ਭਾਰਤ ਵਿੱਚ 16 ਮਾਰਚ ਨੂੰ ਕੋਵਿਡ -19 ਦੇ 700 ਤੋਂ ਵੱਧ ਮਾਮਲੇ ਦਰਜ ਕੀਤੇ ਗਏ। ਕੇਂਦਰੀ ਸਿਹਤ ਮੰਤਰਾਲੇ ਦੁਆਰਾ ਸਾਂਝੇ ਕੀਤੇ ਗਏ ਅੰਕੜਿਆਂ ਦੇ ਅਨੁਸਾਰ, ਇਸ ਸਮੇਂ ਦੇਸ਼ ਭਰ ਵਿੱਚ 4,623 ਸਰਗਰਮ ਕੋਵਿਡ ਕੇਸ ਹਨ। ਆਖਰੀ ਵਾਰ ਭਾਰਤ ਵਿੱਚ 12 ਨਵੰਬਰ, 2022 ਨੂੰ 700 ਤੋਂ ਵੱਧ ਕੋਰੋਨਵਾਇਰਸ ਕੇਸ ਦੇਖੇ ਗਏ ਸਨ, ਜਦੋਂ ਦੇਸ਼ ਵਿੱਚ 734 ਤਾਜ਼ਾ ਲਾਗਾਂ ਦੀ ਰਿਪੋਰਟ ਕੀਤੀ ਗਈ ਸੀ।

ਸਿਹਤ ਮੰਤਰਾਲੇ ਦੀ ਵੈੱਬਸਾਈਟ ਦੇ ਅਨੁਸਾਰ, ਰਾਸ਼ਟਰੀ ਕੋਵਿਡ ਰਿਕਵਰੀ ਦਰ 98.80% ’ਤੇ ਰਿਪੋਰਟ ਕੀਤੀ ਗਈ ਹੈ, ਅਤੇ ਸਰਗਰਮ ਕੇਸ ਵਰਤਮਾਨ ਵਿੱਚ ਸਾਰੇ ਲਾਗਾਂ ਦਾ 0.01 ਪ੍ਰਤੀਸ਼ਤ ਬਣਦੇ ਹਨ। ਜਾਣਕਾਰੀ ਅਨੁਸਾਰ 4,41,57,297 ਵਿਅਕਤੀ ਬਿਮਾਰੀ ਤੋਂ ਠੀਕ ਹੋ ਚੁੱਕੇ ਹਨ, ਜਦੋਂ ਕਿ ਕੇਸਾਂ ਦੀ ਮੌਤ ਦਰ 1.19 ਪ੍ਰਤੀਸ਼ਤ ਦੱਸੀ ਗਈ ਹੈ।



ਕੋਵਿਡ ਦੇ ਮਾਮਲਿਆਂ ਵਿੱਚ ਵਾਧਾ ਅਜਿਹੇ ਸਮੇਂ ਵਿੱਚ ਆਇਆ ਹੈ ਜਦੋਂ ਭਾਰਤ ਪਹਿਲਾਂ ਹੀH3N2 ਮਾਮਲਿਆਂ ਦੀ ਗਿਣਤੀ ਵਿੱਚ ਵੱਡਾ ਵਾਧਾ ਦੇਖ ਰਿਹਾ ਹੈ। ਏਕੀਕ੍ਰਿਤ ਬਿਮਾਰੀ ਨਿਗਰਾਨੀ ਪ੍ਰੋਜੈਕਟ ਦੇ ਅਨੁਸਾਰ, ਭਾਰਤ ਵਿੱਚ ਇਨਫਲੂਐਨਜ਼ਾ ਦੇ ਲਗਭਗ 600 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚੋਂ 451 ਨੂੰ H3N2 ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ।

H3N2, ਕੋਵਿਡ ਦੇ ਵੱਧ ਰਹੇ ਕੇਸਾਂ ਦੇ ਨਾਲ, ਇੱਕ ਵਾਰ ਫਿਰ ਲੋਕਾਂ ਵਿੱਚ ਦਹਿਸ਼ਤ ਦੀ ਸਥਿਤੀ ਪੈਦਾ ਕਰ ਦਿੱਤੀ ਹੈ ਕਿਉਂਕਿ ਦੋਵਾਂ ਲਾਗਾਂ ਦੇ ਲੱਛਣ ਘੱਟ ਜਾਂ ਘੱਟ ਇੱਕੋ ਜਿਹੇ ਹਨ (ਕੋਵਿਡ ਵਧੇਰੇ ਘਾਤਕ ਹੈ)।

**ਕੋਵਿਡ ਦੇ ਮਾਮਲਿਆਂ ਵਿੱਚ ਅਚਾਨਕ ਵਾਧਾ ਕਿਉਂ ਹੁੰਦਾ ਹੈ ?**

ਮੈਕਸ ਹੈਲਥਕੇਅਰ, ਨੋਇਡਾ ਵਿਖੇ ਇੰਟਰਨਲ ਮੈਡੀਸਨ ਦੀ ਡਾਇਰੈਕਟਰ ਡਾ: ਮੀਨਾਕਸ਼ੀ ਜੈਨ ਨੇ ਕਿਹਾ ਕਿ ਕੇਸਾਂ ਵਿੱਚ ਵਾਧਾ ਮੁੱਖ ਤੌਰ ’ਤੇ ਟੈਸਟਾਂ ਦੀ ਵੱਧ ਰਹੀ ਗਿਣਤੀ ਅਤੇ ਕੋਵਿਡ ਦੇ ਇੱਕ ਨਵੇਂ ਰੂਪ ਕਾਰਨ ਹੈ।

**ਨਵਾਂ ਰੂਪ ਕੀ ਹੈ ?**

ਡਾ: ਜੈਨ ਦਾ ਕਹਿਣਾ ਹੈ ਕਿ ਕੋਵਿਡ-19 ਦਾ ਇੱਕ ਨਵਾਂ ਰੂਪ, XBBA.AF ਆਇਆ ਹੈ, ਜੋ ਪਿਛਲੇ ਕੁਝ ਦਿਨਾਂ ਵਿੱਚ ਭਾਰਤ ਵਿੱਚ ਕੋਰੋਨਾਵਾਇਰਸ ਦੇ ਮਾਮਲਿਆਂ ਵਿੱਚ ਹਾਲ ਹੀ ਵਿੱਚ ਹੋਏ ਵਾਧੇ ਦੇ ਪਿੱਛੇ ਹੋ ਸਕਦਾ ਹੈ। ਇਹ ਰੂਪ, ਉਸਦੇ ਅਨੁਸਾਰ, ਇੱਕ ਤੇਜ਼ੀ ਨਾਲ ਫੈਲਣ ਵਾਲਾ ਪਰਿਵਰਤਨਸ਼ੀਲ ਹੈ ਜੋ ਚੀਨ, ਸਿੰਗਾਪੁਰ ਅਤੇ ਸੰਯੁਕਤ ਰਾਜ ਅਮਰੀਕਾ ਸਮੇਤ ਵੱਖ-ਵੱਖ ਦੇਸ਼ਾਂ ਵਿੱਚ ਖੋਜਿਆ ਗਿਆ ਹੈ।

ਇਸ ਵਾਧੇ ਦਾ ਕਾਰਨ ਦਸਦੀ ਹੋਈ ਡਾ. ਜੈਨ ਕਹਿੰਦੀ ਹੈ ਕਿ ਲੋਕਾਂ ਵਿੱਚ ਕੋਵਿਡ ਬੂਸਟਰ ਡੋਜ਼ ਨਾ ਲੈਣ ਅਤੇ ਕੋਵਿਡ ਦੀਆਂ ਘੱਟੋ-ਘੱਟ ਸਾਵਧਾਨੀਆਂ ਦੀ ਪਾਲਣਾ ਨਾ ਕਰਨ ਪ੍ਰਤੀ ਇਮਾਨਦਾਰੀ ਦੀ ਘਾਟ ਹੈ।ਉਹਨਾਂ ਕਿਹਾ ਕਿ ਕੋਵਿਡ ਇੱਥੇ ਰਹਿਣ ਲਈ ਹੈ, ਹਰ ਛੇ ਮਹੀਨਿਆਂ ਵਿੱਚ ਤੁਸੀਂ ਇੱਕ ਨਵੀਂ ਕਿਸਮ ਦਾ ਰੂਪ ਵੇਖੋਗੇ, ਪਰ ਇਹ ਇੰਨਾ ਖਤਰਨਾਕ ਨਹੀਂ ਹੋਵੇਗਾ। ਹਾਲਾਂਕਿ ਬੁਨਿਆਦੀ ਕੋਵਿਡ ਪ੍ਰੋਟੋਕੋਲ ਦਾ ਪਾਲਣ ਕਰਨਾ ਜ਼ਰੂਰੀ ਹੈ, ਲੋਕ ਇਸ ਨੂੰ ਭੁੱਲ ਗਏ ਹਨ।

ਡਾਕਟਰ ਜੈਨ ਦੱਸਦੇ ਹਨ ਕਿ ਤੁਹਾਨੂੰ H3N2 ਤੋਂ ਡਰਨਾ ਨਹੀਂ ਚਾਹੀਦਾ, ਕਿਉਂਕਿ ਇਹ ਘਾਤਕ ਨਹੀਂ ਹੈ। ਹਾਲਾਂਕਿ, ਹਰ ਸਾਲ ਫਲੂ ਦਾ ਸ਼ਾਟ ਲੈਣਾ ਮਹੱਤਵਪੂਰਨ ਹੁੰਦਾ ਹੈ, ਅਤੇ ਇਹ WHO ਦੁਆਰਾ ਉਪਲਬਧ ਕਰਵਾਇਆ ਜਾਂਦਾ ਹੈ।

ਇਸੇ ਤਰ੍ਹਾਂ, ਕੋਵਿਡ -19 ਲਈ, ਡਾ: ਜੈਨ ਦੇ ਅਨੁਸਾਰ, ਮਾਸਕ ਪਹਿਨਣ ਅਤੇ ਸੈਨੀਟਾਈਜ਼ਰ ਦੀ ਵਰਤੋਂ ਕਰਨ ਵਰਗੇ ਬੁਨਿਆਦੀ ਕੋਵਿਡ ਸੁਰੱਖਿਆ ਪ੍ਰੋਟੋਕੋਲ ਨੂੰ ਕਾਇਮ ਰੱਖਣ ਦੇ ਨਾਲ ਬੂਸਟਰ ਖੁਰਾਕ ਲੈਣਾ ਬਹੁਤ ਮਹੱਤਵਪੂਰਨ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

22 ਮਾਰਚ ਤੋਂ 28 ਮਾਰਚ, 2023

## ਮੌਜੂਦਾ ਹਲਾਤ ਨਾਲ ਕਿਵੇਂ ਨਜਿੱਠੀਏ ?

1984 ਤੋਂ ਬਾਅਦ ਦਿੱਲੀ ਦਰਬਾਰ ਨੇ ਸੋਚਿਆ ਸੀ ਕਿ ਸਿੱਖਾਂ ਅਤੇ ਪੰਜਾਬ ਨੂੰ ਵੱਡਾ ਜ਼ਖਮ ਦਿੱਤਾ ਜਾ ਚੁੱਕਾ ਹੈ ਅਤੇ ਪੰਜਾਬ ਵਿੱਚ ਸਿੱਖ ਛੇਤੀ ਕੀਤਿਆਂ ਕਿਸੇ ਧਿਰ ਨਾਲ ਹਮਦਰਦੀ ਜਾਂ ਸਹਿਯੋਗੀ ਵਜੋਂ ਖੜ੍ਹ ਨਹੀਂ ਸਕਣਗੇ, ਨਾ ਹੀ ਸਰਬੱਤ ਦੇ ਭਲੇ ਦੀ ਕੋਈ ਗੱਲ ਜਾਂ ਕਾਰਜ ਕਰ ਸਕਣਗੇ, ਸਰਕਾਰ ਦੀਆਂ ਮਨਮਾਨੀਆਂ ਵਿਰੁੱਧ ਆਵਾਜ਼ ਵੀ ਨਹੀਂ ਉਠਾ ਸਕਣਗੇ। ਪਰ 2020 ਦੇ ਕਿਸਾਨੀ ਮੋਰਚੇ ਵਿੱਚ ਸਿੱਖ, ਪੂਰੇ ਖਿੱਤੇ ਦੇ ਕਿਸਾਨਾਂ ਦੇ ਸਹਿਯੋਗੀ ਬਣ ਕੇ ਉਭਰੇ। ਕਿਸਾਨਾਂ ਦੀ ਹੌਂਸਲਾ ਅਫਜਾਈ ਦੇ ਨਾਲ-ਨਾਲ ਆਪਣੇ ਹੀਲੇ ਵਸੀਲੇ ਅਤੇ ਸੰਸਥਾਵਾਂ ਦੀ ਤਾਕਤ ਕਿਸਾਨਾਂ ਦੀ ਜਿੱਤ ਦੇ ਲਈ ਲਗਾਈ। ਕਿਸਾਨੀ ਦੀ ਇਸ ਮਦਦ ਦੇ ਬਦਲੇ ਸਿੱਖਾਂ ਨੂੰ ਦਿੱਲੀ ਦਰਬਾਰ ਦੀ ਸਖਤੀ ਅਤੇ ਜ਼ੁਲਮ ਦਾ ਸ਼ਿਕਾਰ ਹੋਣਾ ਪਵੇਗਾ, ਅਜਿਹੇ ਅੰਦਾਜ਼ੇ ਵੱਡੇ ਹਿੱਸੇ ਵਲੋਂ ਲਗਾਏ ਗਏ ਸਨ। ਉਦੋਂ ਦਿੱਲੀ ਦਰਬਾਰ ਦੇ ਰੱਖਿਆ ਮਹਿਕਮੇ ਦੇ ਮੰਤਰੀ ਆਪਣੇ ਮੂੰਹੋਂ ਅਜਿਹੀ ਗੱਲ ਪੱਤਰਕਾਰ ਨਾਲ ਸਾਂਝੀ ਕਰਨੋ ਰੁੱਕ ਨਾ ਸਕੇ ਅਤੇ ਉਹਨਾਂ ਨੂੰ ਕੈਮਰੇ ਦੇ ਸਾਹਮਣੇ ਹੀ ਕਹਿ ਦਿੱਤਾ ਸੀ ਕਿ ਹੁਣ ਲੜਾਈ ਮਨੋਵਿਗਿਆਨਕ ਪੱਧਰ 'ਤੇ ਲੜੀ ਜਾਵੇਗੀ, ਜਿਆਦਾ ਬਰੀਕ ਅਤੇ ਬਿਰਤਾਂਤ ਦੀ ਹੋਵੇਗੀ।

ਹੁਣ ਜਿਸ ਤਰ੍ਹਾਂ ਦਾ ਤਰੀਕਾ ਲੋਕਾਂ ਨੂੰ ਦਬਾਉਣ ਅਤੇ ਡਰਾਉਣ ਲਈ ਦਿੱਲੀ ਦਰਬਾਰ ਵਲੋਂ ਵਰਤਿਆ ਜਾ ਰਿਹਾ ਹੈ, ਇਹ ਤਰੀਕਾ ਅਸਲ ਕਾਰਵਾਈ ਤੋਂ ਵੱਧ ਕੇ ਇਹ ਬਿਰਤਾਂਤ ਸਿਰਜਣ ਅਤੇ ਸਿੱਖਾਂ ਨੂੰ ਬਦਨਾਮ ਕਰਨ ਦੀ ਲੜਾਈ ਹੈ। ਸੋਸ਼ਲ ਮੀਡੀਆ ਦੇ ਆਉਣ ਤੋਂ ਪਹਿਲਾਂ ਸਿੱਖਾਂ ਨੇ ਕਾਫੀ ਕੋਸ਼ਿਸ਼ਾਂ ਆਪਣੀ ਗੱਲ ਕਹਿਣ ਅਤੇ ਆਪਣਾ ਪੱਖ ਰੱਖਣ ਲਈ ਕੀਤੀਆਂ ਸਨ, ਪਰ ਦਿੱਲੀ ਦਰਬਾਰ ਵਲੋਂ ਸਿੱਖਾਂ ਦੀ ਗੱਲ ਆਉਣ ਦੇ ਬਾਅਦ ਹੀ ਉਸਨੂੰ ਦਬਾਅ ਲਿਆ ਜਾਂਦਾ। ਸੋਸ਼ਲ ਮੀਡੀਆ ਦੇ ਆਉਣ ਨਾਲ ਹਰ ਆਮ ਖ਼ਾਸ ਲੋਕਾਂ ਨੂੰ ਆਪਣੀ ਗੱਲ ਕਹਿਣ ਦੀ ਸਹੂਲੀਅਤ ਮਿਲ ਗਈ ਜਿਸ ਨਾਲ ਸਿੱਖ ਆਪਣੀ ਆਵਾਜ਼ ਦੁਨੀਆਂ ਤੱਕ ਪਹੁੰਚਾਉਣ ਵਿੱਚ ਥੋੜ੍ਹਾ ਬਹੁਤ ਕਾਮਯਾਬ ਹੋ ਸਕੇ। ਹੁਣ ਦਿੱਲੀ ਦਰਬਾਰ ਨੇ ਇੰਟਰਨੈਟ ਬੰਦ ਕਰਕੇ ਲੋਕਾਂ ਦੇ ਗੱਲ ਕਹਿਣ ਦੇ ਹੱਕ ਨੂੰ ਖੋਹਣ ਦਾ ਯਤਨ ਕੀਤਾ, ਪਰ ਟੈਲੀਵਿਜ਼ਨ ਅਤੇ ਅਖ਼ਬਾਰ ਰਾਹੀਂ ਉਸ ਦਾ ਬਿਰਤਾਂਤ ਲਗਾਤਾਰ ਲੋਕਾਂ ਤੱਕ ਪਹੁੰਚ ਰਿਹਾ ਹੈ। ਇਹ ਦਸਤੂਰ ਦਿੱਲੀ ਦਰਬਾਰ ਨੇ ਕਿਸਾਨੀ ਮੋਰਚੇ ਦੇ ਵੇਲੇ ਤੋਂ ਹੀ ਆਰੰਭਿਆ ਹੋਇਆ ਹੈ, ਜਦੋਂ ਕੁਝ ਸਿੱਖ ਪੱਤਰਕਾਰਾਂ, ਸਿੱਖ ਸੰਸਥਾਵਾਂ ਦੇ ਸੋਸ਼ਲ ਮੀਡੀਆ ਖਾਤਿਆਂ ਅਤੇ ਕਲਾਕਾਰਾਂ ਦੇ ਗੀਤਾਂ ਨੂੰ ਬੰਦ ਕਰ ਦਿੱਤਾ ਗਿਆ। ਪਰ ਲੋਕਾਂ ਦੁਆਰਾ ਅਜਿਹੀਆਂ ਕਾਰਵਾਈਆਂ ਨੂੰ ਚੁਪ ਚਪੀਤੇ ਜਰ ਲੈਣ ਕਰਕੇ ਸਰਕਾਰ ਨੇ ਅਜਿਹੀਆਂ ਕਾਰਵਾਈਆਂ ਪ੍ਰਤੀ ਸਹਿਮਤੀ ਪ੍ਰਾਪਤ ਕਰ ਲਈ।

ਦਿੱਲੀ ਦਰਬਾਰ ਨੇ ਹਮੇਸ਼ਾ ਤੋਂ ਹੀ ਸਿੱਖਾਂ ਦੇ ਕਿਰਦਾਰ ਪ੍ਰਤੀ ਨਕਾਰਾਤਮਕ ਸੋਚ ਇੰਡੀਅਨ ਖਿੱਤੇ ਦੇ ਲੋਕਾਂ ਵਿੱਚ ਸਿਰਜਣ ਦੀ ਕੋਸ਼ਿਸ਼ ਕੀਤੀ ਹੈ। ਕਰੋਨਾ ਮਹਾਂਮਾਰੀ ਦੇ ਸਮੇਂ ਦੌਰਾਨ ਸਿੱਖਾਂ ਨੇ ਜਿਸ ਤਰ੍ਹਾਂ ਮਨੁੱਖਤਾ ਦੀ ਸੇਵਾ ਕੀਤੀ ਅਤੇ ਕਿਸਾਨੀ ਮੋਰਚੇ ਵਿੱਚ ਆਪਣਾ ਯੋਗਦਾਨ ਪਾਇਆ, ਉਸ ਨਾਲ ਪੂਰੇ ਇੰਡੀਅਨ ਖਿੱਤੇ ਦੇ ਲੋਕਾਂ ਨੇ ਸਿੱਖਾਂ ਨੂੰ ਮਨੁੱਖਤਾ ਦੇ ਹਮਦਰਦ ਵਜੋਂ ਜਾਣਿਆ ਹੈ। ਹੁਣ ਦੀ ਕਾਰਵਾਈ ਨਾਲ ਦਿੱਲੀ ਦਰਬਾਰ ਸਿੱਖਾਂ ਦੀ ਬਣੀ ਹੋਈ ਸਾਖ ਅਤੇ ਸਮਰੱਥਾ ਨੂੰ ਢਾਹ ਲਾਉਣ ਦਾ ਭਰਭੂਰ ਯਤਨ ਕਰ ਰਿਹਾ ਹੈ ਨਾਲ ਹੀ ਪੰਜਾਬ ਤੇ ਸਿੱਖਾਂ ਨੂੰ ਬਦਨਾਮ ਕਰਕੇ ਲੋਕਾਈ ਤੋਂ ਇਕੱਲਿਆਂ ਕਰਕੇ ਆਪਣੇ ਨਿਸ਼ਾਨੇ ਉੱਤੇ ਲਿਆਉਣਾ ਚਾਹੁੰਦਾ ਹੈ। ਕਿਸੇ ਮਾਮਲੇ ਵਿੱਚ ਲੋੜੀਂਦੀ ਗ੍ਰਿਫਤਾਰੀ ਲਈ ਇਸ ਤਰ੍ਹਾਂ ਦੀ ਗ੍ਰਿਫਤਾਰੀ ਮੁਹਿੰਮ ਚਲਾ ਕੇ ਅਤੇ ਹਊਆ ਬਣਾ ਕੇ ਪੰਜਾਬ ਦੇ ਹਾਲਾਤਾਂ ਨੂੰ ਖਰਾਬ ਦਿਖਾਉਣ ਦੀ ਅਤੇ ਸਿੱਖਾਂ ਨੂੰ ਵੱਡੀ ਪੱਧਰ 'ਤੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬੱਸਾਂ ਵਿੱਚ ਗੁਰਸਿੱਖਾਂ ਦੀਆਂ ਤਲਾਸ਼ੀਆਂ ਲਈਆਂ ਜਾ ਰਹੀਆਂ ਹਨ, ਚੰਗੀ ਜਾਣਕਾਰੀ ਦੇ ਸਰੋਤ ਸੋਸ਼ਲ ਮੀਡੀਆ ਖਾਤੇ ਰੋਕੇ ਜਾ ਰਹੇ ਹਨ ਅਤੇ ਵੱਡੀ ਗਿਣਤੀ ਵਿੱਚ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਜਾ ਰਹੀਆਂ ਹਨ। ਇਹ ਸਪਸ਼ਟ ਹੈ ਕਿ ਹਕੂਮਤ ਪੰਜਾਬ ਤੇ ਸਿੱਖਾਂ ਨੂੰ ਦਹਿਸ਼ਤ ਵਿੱਚ ਪਾਉਣਾ ਚਾਹੁੰਦੀ ਹੈ, ਇਹ ਵੀ ਇੱਕ ਤਰ੍ਹਾਂ ਦੇ ਮਨੋਵਿਗਿਆਨਕ ਹਮਲੇ ਹੁੰਦੇ ਹਨ। ਜੇਕਰ ਲੋਕਾਂ ਨੇ ਇਕੱਠੇ ਹੋ ਕੇ ਸਿੱਖਾਂ ਦੇ ਹੱਕ ਵਿੱਚ ਅਤੇ ਦਿੱਲੀ ਦਰਬਾਰ ਦੀ ਧੱਕੇਸ਼ਾਹੀ ਵਿਰੁੱਧ ਨਾਅਰਾ ਨਾ ਦਿੱਤਾ ਤਾਂ ਗੱਲ ਇਸ ਤੋਂ ਅੱਗੇ ਭਿਆਨਕ ਹਾਲਾਤਾਂ ਵੱਲ ਨੂੰ ਜਾਵੇਗੀ। ਜਿਸ ਦੇ ਨਤੀਜੇ ਹਰ ਇਨਸਾਫਪਸੰਦ ਅਤੇ ਆਮ ਲੋਕਾਂ ਨੂੰ ਭੁਗਤਣੇ ਪੈਣਗੇ।

ਦਿੱਲੀ ਦਰਬਾਰ ਦੀ ਕੋਸ਼ਿਸ਼ ਸਿੱਖਾਂ ਨੂੰ ਬਦਨਾਮ ਕਰਨ ਦੇ ਨਾਲ-ਨਾਲ ਸਿੱਖਾਂ ਵਿਚਲੀ ਆਪਸੀ ਫੁੱਟ ਵਧਾਉਣ ਦੀ ਹੈ। ਆਪ-ਹੁਦਰੇਪਣ ਅਤੇ ਆਪੋ ਧਾਪੀ ਦੇ ਮਹੌਲ ਤੋਂ ਪਾਸਾ ਵੱਟਣਾ ਚਾਹੀਦਾ ਹੈ ਅਤੇ ਆਪਸ ਵਿੱਚ ਧੜੇਬੰਦੀ ਤੋਂ ਬਚ ਕੇ ਆਪਸੀ ਏਕਤਾ ਇਤਫ਼ਾਕ, ਸਵੈਜਾਬਤਾ, ਇਕਾਗਰਤਾ ਬਣਾਈ ਰੱਖਣੀ ਚਾਹੀਦੀ ਹੈ।

ਹੁਣ ਦੇ ਹਲਾਤਾਂ ਵਿੱਚ ਇੰਡੀਆ ਅਤੇ ਦੱਖਣੀ ਏਸ਼ੀਆ ਦੇ ਹਲਾਤ ਅਸਥਿਰਤਾ ਵੱਲ ਨੂੰ ਵੱਧ ਰਹੇ ਹਨ। ਇਸ ਸਮੇਂ ਸਿੱਖਾਂ ਦੇ ਸਾਹਮਣੇ ਚੁਣੌਤੀਆਂ ਅਤੇ ਸੰਭਾਵਨਾਵਾਂ ਦੋਵੇਂ ਹਨ। ਅਜਿਹੇ ਵਿੱਚ ਗੁਰੂ ਖਾਲਸਾ ਪੰਥ ਅਤੇ ਗੁਰ ਸੰਗਤ ਦੇ ਅੰਦਰਲੇ ਜਥਿਆਂ ਨੂੰ ਇੱਕ ਨੇਮ ਵਿੱਚ ਬੱਝ ਕੇ ਗੁਰਮਤਿ ਰਵਾਇਤਾਂ ਵੱਲ ਨੂੰ ਪਰਤਣਾ ਚਾਹੀਦਾ ਹੈ। ਗੁਰਮਤੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਯਾਦਾ ਅਤੇ ਕਾਰਜਵਿਧੀ ਨੂੰ ਵਿਚਾਰ ਕੇ ਗੁਰ ਸੰਗਤ ਦੇ ਹੇਠਲੇ ਸਤਰ ਤੱਕ ਪਹੁੰਚਾਉਣਾ ਚਾਹੀਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਖੋਇਆ ਹੋਇਆ ਸਤਿਕਾਰ ਗੁਰ ਮਰਿਯਾਦਾ ਰਾਹੀਂ ਹੀ ਬਹਾਲ ਹੋ ਸਕਦਾ ਹੈ, ਬਿਖੜੇ ਹਲਾਤਾਂ ਵਿੱਚ ਸਿੱਖਾਂ ਦੀ ਪ੍ਰਤਿਨਿਧਤਾ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਸਲ ਸਰੂਪ ਵਿੱਚ ਕਾਰਜਸ਼ੀਲ ਕੀਤਾ ਜਾਣਾ ਚਾਹੀਦਾ ਹੈ। ਮੌਜੂਦਾ ਹਾਲਾਤ ਬਾਰੇ ਸਾਂਝੀ ਸਮਝ ਅਤੇ ਇਸ ਦੇ ਟਾਕਰੇ ਲਈ ਸਾਂਝੀ ਵਿਓਤਬੰਦੀ ਬਣਾਉਣ ਦੀ ਲੋੜ ਹੈ ਤਾਂ ਕਿ ਦਿੱਲੀ ਦਰਬਾਰ ਤੇ ਇਸ ਦੀ ਸੂਬੇਦਾਰੀ ਵਾਲੀ ਪੰਜਾਬ ਸਰਕਾਰ ਤੋਂ ਗ੍ਰਿਫਤਾਰ ਨੌਜਵਾਨਾਂ ਦੀਆਂ ਰਿਹਾਈਆਂ ਕਰਵਾਈਆਂ ਜਾ ਸਕਣ।

ਸਿੱਖ ਦੀ ਟੇਕ ਗੁਰੂ ਹੋਣ ਕਰਕੇ ਹੀ ਹਮੇਸ਼ਾ ਸਿੱਖ ਵੱਡੇ-ਵੱਡੇ ਘੱਲੂਘਾਰਿਆਂ ਅਤੇ ਮਨੋਵਿਗਿਆਨਕ ਹਮਲਿਆਂ ਤੋਂ ਬਾਹਰ ਆ ਜਾਂਦੇ ਹਨ ਜੋ ਕਿ ਕਿਸੇ ਆਮ ਦੁਨਿਆਵੀ ਕਦਰਾਂ ਕੀਮਤਾਂ 'ਤੇ ਅਧਾਰਿਤ ਸੱਭਿਆਚਾਰ ਲਈ ਸੰਭਵ ਨਹੀਂ ਹੁੰਦਾ। ਹੁਣ ਮੌਜੂਦਾ ਸੰਕਟ ਵਿਚੋਂ ਨਿੱਕਲਣ ਦਾ ਰਾਹ ਵੀ ਆਪਣੀਆਂ ਜੜ੍ਹਾਂ ਨਾਲ ਜੁੜਨ ਅਤੇ ਆਪਣੇ ਜੀਵਨ ਅਮਲ ਵਿੱਚ ਗੁਰਮਤਿ ਨੂੰ ਧਾਰਨ ਕਰਕੇ ਗੁਰੂ ਓਟ ਸਦਕਾ ਦ੍ਰਿੜਤਾ ਲਿਆਉਣ ਵਿੱਚ ਹੀ ਪਿਆ ਹੈ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਮੀਡੀਆ ਉੱਪਰ ਸਰਕਾਰੀ ਕੰਟਰੋਲ ਨਾਲ ਲੋਕਤੰਤਰ ਖ਼ਤਰੇ ਵਿੱਚ



ਵਿਸ਼ੇਸ਼ ਰਿਪੋਰਟ
ਅਨੁਰਾਧਾ ਭਸੀਨ
ਕਾਰਜਕਾਰੀ ਸੰਪਾਦਕ,
ਕਸ਼ਮੀਰ ਟਾਈਮਜ਼



ਇਹ 19 ਅਕਤੂਬਰ, 2020 ਦੀ ਸ਼ਾਮ ਸੀ, ਜਦੋਂ ਕਸ਼ਮੀਰ ਟਾਈਮਜ਼ ਦੇ ਰਿਪੋਰਟਰ ਅਤੇ ਫੋਟੋਗ੍ਰਾਫਰ ਆਪਣੇ ਕੰਮ ਲਈ ਰਵਾਨਾ ਹੋਏ,ਤਾਂ ਸਰਕਾਰੀ ਅਧਿਕਾਰੀਆਂ ਨੇ ਪੁਲਿਸ ਦੀ ਮਦਦ ਨਾਲ ਸ਼੍ਰੀਨਗਰ ਵਿੱਚ ਅਖਬਾਰ ਦੇ ਦਫਤਰ ਵਿੱਚ ਦਾਖਲ ਹੋਕੇ ਸਟਾਫ ਨੂੰ ਬਾਹਰ ਕਢਕੇ ਦਰਵਾਜ਼ੇ ਨੂੰ ਤਾਲਾ ਲਗਾ ਦਿੱਤਾ, ਜੋ ਕਿ ਅੱਜ ਤੱਕ ਬਰਕਰਾਰ ਹੈ। ਇਹ ਛਾਪਾ ਮੇਰੇ ਵਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ 'ਤੇ ਸਵਾਲ ਚੁੱਕਣ ਦੀ ਸਜ਼ਾ ਸੀ।

ਕਸ਼ਮੀਰ ਟਾਈਮਜ਼ ਅਖ਼ਬਾਰ, ਜਿਸ ਦੀ ਮੈਂ ਕਾਰਜਕਾਰੀ ਸੰਪਾਦਕ ਸੀ, 1954 ਵਿੱਚ ਮੇਰੇ ਪਿਤਾ ਦੁਆਰਾ ਸਥਾਪਿਤ ਕੀਤਾ ਗਿਆ ਸੀ ਅਤੇ ਉਦੋਂ ਤੋਂ ਇਹ ਅਖਬਾਰ ਜੰਮੂ ਅਤੇ ਕਸ਼ਮੀਰ ਰਾਜ ਦੀ ਸੁਤੰਤਰ ਆਵਾਜ਼ ਸੀ। ਇਸ ਮਿਆਦ ਦੌਰਾਨ ਕਈ ਸੰਤਾਪ ਭਰਪੂਰ ਸੰਕਟਾਂ ਦਾ ਸਾਹਮਣਾ ਕਰਨਾ ਪਿਆ, ਜਿਸ ਵਿੱਚ ਕਸ਼ਮੀਰੀਆਂ ਤੇ ਕੇਂਦਰ ਵਿਚਾਲੇ ਹਥਿਆਰਬੰਦ ਯੁੱਧ ਅਤੇ ਕਸ਼ਮੀਰ ਉਪਰਲਾ ਫੌਜੀ ਕੰਟਰੋਲ ਸ਼ਾਮਲ ਸੀ ਪਰ ਇਹ ਪ੍ਰਧਾਨ ਮੰਤਰੀ ਮੋਦੀ ਦੇ ਸਮੇਂ ਵਿੱਚ ਹੋਰ ਵੀ ਤੇਜ ਹੋ ਚੁਕਾ ਹੈ। ਉਨ੍ਹਾਂ ਦੀਆਂ ਮੀਡੀਆ ਬਾਰੇ ਦਮਨਕਾਰੀ ਨੀਤੀਆਂ ਕਸ਼ਮੀਰ ਵਿੱਚ ਪੱਤਰਕਾਰੀ ਨੂੰ ਤਬਾਹ ਕਰ ਰਹੀਆਂ ਹਨ।ਮੀਡੀਆ ਸੰਸਥਾਵਾਂ ਨੂੰ ਡਰਾ-ਧਮਕਾ ਕੇ ਸਰਕਾਰ ਦੇ ਭੋਂਪੂ ਬਣਾਇਆ ਜਾ ਰਿਹਾ ਹੈ ਅਤੇ ਲਗਭਗ ਇਕ ਕਰੋੜ ਤੀਹ ਲੱਖ ਦੀ ਆਬਾਦੀ ਵਾਲੇ ਖਿੱਤੇ ਕਸ਼ਮੀਰ ਵਿੱਚ ਸੂਚਨਾ ਦੀ ਘਾਟ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ।

ਹੁਣ ਪੀਐਮ ਮੋਦੀ ਅਜਿਹੇ ਕਦਮ ਚੁੱਕ ਰਹੇ ਹਨ ਜਿਸ ਨਾਲ ਇਹ ਦਮਨਕਾਰੀ ਮਾਡਲ ਰਾਸ਼ਟਰੀ ਪੱਧਰ 'ਤੇ ਲਾਗੂ ਕੀਤਾ ਜਾ ਸਕੇ। ਉਹਨਾਂ ਦੀ ਹਿੰਦੂ ਰਾਸ਼ਟਰਵਾਦੀ ਮੁਹਿੰਮ ਨੇ ਮੁਸਲਮਾਨਾਂ ਵਿਰੁੱਧ ਅਸਹਿਣਸ਼ੀਲਤਾ ਅਤੇ ਹਿੰਸਾ ਨੂੰ ਆਮ ਕਰ ਦਿਤਾ ਹੈ । ਭਾਰਤ ਵਿੱਚ ਭਾਜਪਾ ਦੇ ਕੇਂਦਰੀ ਰਾਜ ਸਮੇਂ ਪੱਤਰਕਾਰੀ ਬਹੁਤ ਦਬਾਅ ਹੇਠ ਹੈ। ਪੱਤਰਕਾਰਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ, ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ ਅਤੇ ਸਰਕਾਰ ਪੱਖੀ ਕਵਰੇਜ ਲਈ ਸਟੇਟ ਦੇ ਡੰਡੇ ਦੀ ਵਰਤੋਂ ਕੀਤੀ ਜਾ ਰਹੀ ਹੈ। ਜਨਵਰੀ ਵਿੱਚ ਸਾਹਮਣੇ ਆਏ ਡਿਜੀਟਲ ਮੀਡੀਆ ਦਿਸ਼ਾ-ਨਿਰਦੇਸ਼ਾਂ ਵਿੱਚ ਸੋਧਾਂ ਦੇ ਖਰੜੇ ਲਿਆਂਦੇ ਗਏ ਸਨ। ਇਸ ਅਨੁਸਾਰ ਸਰਕਾਰ ਕਿਸੇ ਵੀ ਅਜਿਹੀ ਸਮੱਗਰੀ ਨੂੰ ਬਲਾਕ ਕਰ ਸਕੇਗੀ, ਜਿਸ ਨੂੰ ਉਹ ਪਸੰਦ ਨਹੀਂ ਕਰਦੀ। ਦੂਜੇ ਸ਼ਬਦਾਂ ਵਿੱਚ, ਇਸ ਨੀਤੀ ਕਾਰਣ ਬਾਕੀ ਭਾਰਤ ਦਾ ਹਸ਼ਰ ਵੀ ਕਸ਼ਮੀਰ ਵਰਗਾ ਦਿਖਣ ਲੱਗ ਜਾਵੇਗਾ।

2019 ਦੌਰਾਨ, ਨਰਿੰਦਰ ਮੋਦੀ ਦੀ ਸਰਕਾਰ ਨੇ ਅਚਾਨਕ ਖੇਤਰੀ ਲੋਕਾਂ ਦੀ ਰਾਏ ਤੋਂ ਬਿਨਾਂ ਕਸ਼ਮੀਰ ਦਾ ਖੁਦਮੁਖਤਿਆਰ ਦਰਜਾ ਖਤਮ ਕਰ ਦਿੱਤਾ, ਹਜ਼ਾਰਾਂ ਸੈਨਿਕ ਭੇਜ ਦਿੱਤੇ, ਇੰਟਰਨੈਟ ਸੇਵਾ ਬੰਦ ਕਰ ਦਿੱਤੀਆਂ । ਤਾਲਾਬੰਦੀ ਲਗਭਗ ਛੇ ਮਹੀਨਿਆਂ ਤੱਕ ਚੱਲੀ ਅਤੇ ਸੈਂਕੜੇ ਪੱਤਰਕਾਰਾਂ ਨੂੰ ਆਪਣੀਆਂ ਖਬਰਾਂ ਸਿਰਫ ਇੱਕ ਨਿਰਧਾਰਤ ਸਥਾਨ 'ਤੇ ਦਰਜ ਕਰਨ ਲਈ ਕਤਾਰ ਲਗਾਉਣ ਲਈ ਮਜਬੂਰ ਕੀਤਾ ।ਜਿੱਥੇ ਇੰਟਰਨੈਟ ਦੀ ਪਹੁੰਚ ਪ੍ਰਦਾਨ ਕੀਤੀ ਗਈ ਸੀ। ਸਾਰਿਆਂ ਕੋਲ ਸਿਰਫ਼ ਪੰਦਰਾਂ ਮਿੰਟ ਸਨ। ਉਦੋਂ ਤੋਂ ਇੰਟਰਨੈੱਟ ਦੀ ਸਪੀਡ ਬਹੁਤ ਧੀਮੀ ਹੈ।

ਅਗਲੇ ਸਾਲ ਨਵੇਂ ਨਿਯਮ ਪੇਸ਼ ਕੀਤੇ ਗਏ ਸਨ ਜਿਸ ਤਹਿਤ ਕਸ਼ਮੀਰ ਵਿੱਚ ਸਰਕਾਰ ਵਿਰੋਧੀ ਮੀਡੀਆ ਸਮੱਗਰੀ ਨੂੰ ਜਾਅਲੀ ਖ਼ਬਰਾਂ ਜਾਂ ਦੇਸ਼ ਵਿਰੋਧੀ ਵਜੋਂ ਕਰਾਰ ਦਿਤਾ ਗਿਆ ਅਤੇ ਪੱਤਰਕਾਰਾਂ ਅਤੇ ਪ੍ਰਕਾਸ਼ਨਾਂ ਨੂੰ ਸਜ਼ਾ ਦੇਣ ਦੇ ਯੋਗ ਬਣਾਇਆ। ਵਿਅੰਗਾਤਮਕ ਤੌਰ 'ਤੇ, ਨਿਯਮਾਂ ਦਾ ਉਦੇਸ਼ ਪੱਤਰਕਾਰੀ ਦੇ ਉੱਚੇ ਮਿਆਰਾਂ ਨੂੰ ਉਤਸ਼ਾਹਿਤ ਕਰਨਾ ਦੱਸਿਆ ਗਿਆ ਸੀ।ਪੁਲਿਸ ਦੁਆਰਾ ਪੱਤਰਕਾਰਾਂ ਨੂੰ ਧਮਕਾਇਆ ਜਾਣਾ, ਪੁੱਛਗਿੱਛ ਕਰਨਾ ਅਤੇ ਆਮਦਨ ਕਰ ਦੀ ਉਲੰਘਣਾ, ਅੱਤਵਾਦ ਜਾਂ ਵੱਖਵਾਦ ਦੇ ਦੋਸ਼ਾਂ ਦੀਆਂ ਧਮਕੀਆਂ ਦੇਣਾ ਆਮ ਹੋ ਗਿਆ । ਬਹੁਤ ਸਾਰੇ ਪ੍ਰਮੁੱਖ ਪੱਤਰਕਾਰਾਂ ਨੂੰ ਨਜ਼ਰਬੰਦ ਕੀਤਾ ਗਿਆ ਹੈ ਜਾਂ ਜੇਲ੍ਹ ਵਿੱਚ ਧਕ ਦਿਤਾ ਗਿਆ।

ਅਸੀਂ ਡਰ ਦੇ ਸਾਏ ਹੇਠ ਕੰਮ ਕਰ ਰਹੇ ਹਾਂ। ਮੈਂ 2021 ਦੇ ਅਖੀਰ ਵਿੱਚ ਨੌਜਵਾਨ ਪੱਤਰਕਾਰ ਸਾਜਿਦ ਗੁਲ ਨਾਲ ਗੱਲ ਕੀਤੀ ਸੀ ਜਿਸਨੂੰ ਉਸਦੀ ਰਿਪੋਰਟਿੰਗ ਲਈ ਪਰੇਸ਼ਾਨ ਕੀਤਾ ਜਾ ਰਿਹਾ ਸੀ। ਉਸਨੇ ਮੈਨੂੰ ਦੱਸਿਆ ਕਿ ਗ੍ਰਿਫਤਾਰੀ ਦੇ ਡਰੋਂ - ਉਹ ਰਾਤ ਨੂੰ ਵੀ ਪੂਰੀ ਤਰ੍ਹਾਂ ਕੱਪੜੇ ਪਾ ਕੇ ਸੌਂਦਾ ਸੀ ਤਾਂ ਜੋ ਉਸਨੂੰ ਘਰ ਕਦੇ ਤੁਰੰਤ ਛੱਡਣਾ ਨਾ ਪਵੇ ।ਉਸ ਨੂੰ ਪਿਛਲੇ ਸਾਲ ਜਨਵਰੀ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਅਜੇ ਵੀ ਹਿਰਾਸਤ ਵਿਚ ਹੈ। ਬਹੁਤ ਸਾਰੇ ਪੱਤਰਕਾਰਾਂ ਨੇ ਸਵੈ-ਸੈਂਸਰਸ਼ਿਪ ਦਾ ਸਹਾਰਾ ਲਿਆ ਹੈ ਜਾਂ ਪੱਤਰਕਾਰੀ ਛੱਡ ਦਿੱਤੀ ਹੈ। ਕੁਝ ਗ੍ਰਿਫਤਾਰੀ ਦੇ ਡਰੋਂ ਦੇਸ਼ ਛੱਡ ਗਏ ਹਨ। ਭਾਰਤ ਸਰਕਾਰ ਨੇ ਘੱਟੋ-ਘੱਟ 20 ਹੋਰਾਂ ਨੂੰ ਦੇਸ਼ ਛੱਡਣ ਤੋਂ ਰੋਕਣ ਲਈ ਨੋ-ਫਲਾਈ ਸੂਚੀ ਵਿੱਚ ਰੱਖਿਆ ਹੈ।

ਕਸ਼ਮੀਰ ਵਿੱਚ ਪੱਤਰਕਾਰੀ ਹਮੇਸ਼ਾ ਹੀ ਜ਼ੋਖਮ ਭਰੀ ਰਹੀ ਹੈ। ਪਾਕਿਸਤਾਨ ਅਤੇ ਭਾਰਤ ਦੋਵੇਂ ਹੀ ਕਸ਼ਮੀਰ 'ਤੇ ਦਾਅਵਾ ਕਰਦੇ ਹਨ, ਜੋ ਦਹਾਕਿਆਂ ਤੋਂ ਚੱਲੀ ਜੰਗ ਅਤੇ ਵੱਖਵਾਦੀ ਉਗਰਵਾਦ ਨਾਲ ਪ੍ਰਭਾਵਿਤ ਹੈ। ਪੱਤਰਕਾਰਾ ਵਿਚਾਲੇ ਫਸ ਗਏ ਹਨ ਅਤੇ ਭਾਰਤੀ ਸੁਰੱਖਿਆ ਬਲਾਂ ਅਤੇ ਕੱਟੜਪੰਥੀਆਂ ਦੁਆਰਾ ਧਮਕਾਇਆ ਜਾਂਦਾ ਹੈ ਅਤੇ ਡਰਾਇਆ ਜਾਂਦਾ ਹੈ ਜੋ ਖ਼ਬਰਾਂ ਨੂੰ ਕੰਟਰੋਲ ਕਰਨਾ ਚਾਹੁੰਦੇ ਹਨ। 1990 ਤੋਂ 2018 ਦਰਮਿਆਨ ਘੱਟੋ-ਘੱਟ 19 ਪੱਤਰਕਾਰ ਮਾਰੇ ਗਏ ਸਨ।ਇਸ ਦੇ ਬਾਵਜੂਦ ਕਸ਼ਮੀਰੀ ਪੱਤਰਕਾਰੀ ਵਧਦੀ-ਫੁੱਲਦੀ ਰਹੀ। ਅਖ਼ਬਾਰਾਂ ਅਤੇ ਵੈੱਬਸਾਈਟਾਂ ਦਾ ਵਾਧਾ ਜਾਰੀ ਰਿਹਾ ਅਤੇ ਨੌਜਵਾਨ ਖੋਜੀ ਪੱਤਰਕਾਰਾਂ ਦੀ ਇੱਕ ਨਵੀਂ ਪੀੜ੍ਹੀ ਨੇ ਜਨਤਕ-ਹਿੱਤ ਲਈ ਪ੍ਰਤਿਭਾਸ਼ਾਲੀ ਖੋਜ ਪੱਤਰਕਾਰੀ ਕੀਤੀ, ਨਾਲ ਕਸ਼ਮੀਰੀ ਸਮੱਸਿਆਵਾਂ ਨੂੰ ਦੇਖਣ ਦਾ ਇੱਕ ਨਵਾਂ ਦ੍ਰਿਸ਼ਟੀਕੋਣ ਪੇਸ਼ ਕੀਤਾ, ਜੋ ਅਕਸਰ ਸਰਕਾਰ ਨੂੰ ਸੱਚਾਈ ਦੇ ਸ਼ੀਸ਼ੇ ਵਜੋਂ ਪੇਸ਼ ਕਰਦੇ ਹਨ।ਇਹ ਨਿਰਪੱਖ ਪੱਤਰਕਾਰੀ ਅਤੇ ਜਮਹੂਰੀਅਤ ਨੂੰ ਮੋਦੀ ਸਰਕਾਰ ਦੇ ਅਧੀਨ ਵਡੀ ਢਾਹ ਲਗੀ ਹੈ, ਜਿਸਦਾ ਉਦੇਸ਼ ਕਿਸੇ ਵੀ ਵੱਖਵਾਦੀ ਅਵਾਜ਼ ਜਾਂ ਕਸ਼ਮੀਰ ਵਿੱਚ ਸੁਲ੍ਹਾ-ਸਫਾਈ ਜਾਂ ਗੱਲਬਾਤ ਨਾਲ ਹੱਲ ਦੀ ਵਕਾਲਤ ਕਰਨ ਵਾਲਿਆਂ ਨੂੰ ਚੁੱਪ ਕਰਾਉਣਾ ਸੀ। ਕਸ਼ਮੀਰੀ ਅਖਬਾਰਾਂ ਸਰਕਾਰੀ ਇਸ਼ਤਿਹਾਰਾਂ ਅਤੇ ਮੀਡੀਆ ਰਿਆਇਤਾਂ 'ਤੇ ਬਹੁਤ ਜ਼ਿਆਦਾ ਨਿਰਭਰ ਹਨ ਅਤੇ ਸਰਕਾਰ ਇਸਦਾ ਫਾਇਦਾ ਉਠਾ ਰਹੀ ਹੈ ਅਤੇ ਇਹ ਯਕੀਨੀ ਬਣਾਉਂਦੀ ਹੈ ਕਿ ਅਖਬਾਰਾਂ ਸਰਕਾਰੀ ਤੌਰ 'ਤੇ ਪ੍ਰਵਾਨਿਤ ਸੰਸਕਰਣ ਹੀ ਪੇਸ਼ ਕਰਨ। ਅੱਜ ਕੁਝ ਕੁ ਮੀਡੀਆ ਅਦਾਰੇ ਹੀ ਸਰਕਾਰੀ ਨੀਤੀ 'ਤੇ ਸਵਾਲ ਉਠਾਉਣ ਦੇ ਸਮਰੱਥ ਹਨ ਅਤੇ ਕਈ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਖੁੱਲ੍ਹੇਆਮ ਸਰਕਾਰੀ ਭੌਂਪੂ ਬਣ ਚੁੱਕੇ ਹਨ।

ਮੇਰਾ ਆਪਣਾ ਅਖਬਾਰ ਮੁਸ਼ਕਿਲ ਨਾਲ ਬਚਿਆ ਹੋਇਆ ਹੈ। 2019 ਵਿੱਚ, ਮੈਂ ਇੰਟਰਨੈਟ ਬੰਦ ਕਰਨ ਨੂੰ ਚੁਣੌਤੀ ਦਿੰਦੇ ਹੋਏ ਅਦਾਲਤ ਵਿੱਚ ਪਹੁੰਚ ਕੀਤੀ ਸੀ। ਸਪੱਸ਼ਟ ਤੌਰ 'ਤੇ, ਬਦਲੇ ਦੀ ਕਾਰਵਾਈ ਵਜੋਂ, ਸਰਕਾਰ ਨੇ ਸਾਡੇ ਸ਼੍ਰੀਨਗਰ ਦਫਤਰ ਨੂੰ ਸੀਲ ਕਰ ਦਿੱਤਾ। ਸਾਡੇ ਬਹੁਤ ਸਾਰੇ ਪੱਤਰਕਾਰ ਡਰ ਵਜੋ ਸਾਡੇ ਅਦਾਰੇ ਨੂੰ ਛਡ ਗਏ ਸਨ ਅਤੇ ਸਾਡਾ ਕੰਮ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਸੀ। ਅੱਜ, ਜਦੋਂ ਮੈਂ ਸੁਝਾਅ ਦਿੰਦੀ ਹਾਂ ਕਿ ਅਸੀਂ ਜਨਤਕ ਮੁੱਦਿਆਂ 'ਤੇ ਦ੍ਰਿੜਤਾ ਨਾਲ ਰਿਪੋਰਟ ਕਰਨੀ ਚਾਹੀਦੀ ਹੈ, ਤਾਂ ਮੈਨੂੰ ਮੇਰੇ ਘਬਰਾਏ ਹੋਏ ਸਟਾਫ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ।

ਮੀਡੀਆ ਆਖਰੀ ਕੁਝ ਸੰਸਥਾਵਾਂ ਵਿੱਚੋਂ ਇੱਕ ਹੈ ਜੋ ਭਾਰਤ ਨੂੰ ਤਾਨਾਸ਼ਾਹੀ ਤੋਂ ਬਚਾ ਸਕਦਾ ਹੈ। ਪਰ ਜੇਕਰ ਨਰਿੰਦਰ ਮੋਦੀ ਸੂਚਨਾ ਨਿਯੰਤਰਣ ਦੇ ਕਸ਼ਮੀਰ ਮਾਡਲ ਨੂੰ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਲਾਗੂ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਨ ਤਾਂ ਨਾ ਸਿਰਫ਼ ਪ੍ਰੈੱਸ ਦੀ ਆਜ਼ਾਦੀ ਖਤਰੇ ਵਿੱਚ ਪੈ ਜਾਵੇਗੀ, ਸਗੋਂ ਭਾਰਤੀ ਲੋਕਤੰਤਰ ਵੀ ਖਤਰੇ ਵਿੱਚ ਪੈ ਜਾਵੇਗਾ।ਕਸ਼ਮੀਰ ਵਿੱਚ ਅਸ਼ਾਂਤ ਮਾਹੌਲ ਨਾਲ ਘਿਰਿਆ ਹੋਇਆ ਹੈ।ਪਰ ਜਨਤਾ ਨੂੰ ਲੋੜੀਂਦੀ ਸੂਚਨਾ ਨਹੀਂ ਮਿਲਦੀ ਜਾਂ ਗਲਤ ਜਾਣਕਾਰੀ ਮਿਲ ਰਹੀ ਹੈ ਕਿ ਉਨ੍ਹਾਂ ਦੀ ਸਟੇਟ ਵਿੱਚ ਕੀ ਹੋ ਰਿਹਾ ਹੈ। ਸਰਕਾਰ ਨੂੰ ਖੁਸ਼ ਕਰਨ ਲਈ ਅਹਿਮ ਖ਼ਬਰਾਂ ਦੇ ਸੱਚ ਨੂੰ ਦਬਾਇਆ ਜਾਂਦਾ ਹੈ, ਹਲਕੇ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਜਾਂ ਤੋੜ-ਮਰੋੜ ਕੇ ਪੇਸ਼ ਕੀਤਾ ਜਾਂਦਾ ਹੈ।ਜਦੋਂ 2021 ਵਿੱਚ ਵੱਖਵਾਦੀ ਲਹਿਰ ਦੇ ਇੱਕ ਸੀਨੀਅਰ ਨੇਤਾ ਸਈਅਦ ਅਲੀ ਸ਼ਾਹ ਜਿਲਾਨੀ ਦੀ ਮੌਤ ਹੋ ਗਈ, ਤਾਂ ਖਬਰਾਂ ਨੂੰ ਕਸ਼ਮੀਰ ਵਿੱਚ ਦਬਾ ਦਿੱਤਾ ਗਿਆ ਜਾਂ ਸੰਖੇਪ ਰੂਪ ਵਿੱਚ ਨਜਿੱਠਿਆ ਗਿਆ।

(ਬਾਕੀ ਸਫ਼ਾ 31 'ਤੇ)

# ਸਲਮਾਨ ਖ਼ਾਨ ਰਾਸ਼ਟਰਵਾਦੀ ਗੈਂਗਸਟਰਾਂ ਦੀ ਹਿਟਲਿਸਟ ਉੱਪਰ

## ਲਾਰੈਂਸ ਬਿਸ਼ਨੋਈ ਤੇ ਗੋਲਡੀ ਬਰਾੜ ਰਾਹੀਂ ਵਾਰ-ਵਾਰ ਮਿਲ ਰਹੀਆਂ ਨੇ ਧਮਕੀਆਂ, ਮਾਮਲਾ ਦਰਜ






ਬਾਲੀਵੁੱਡ ਦੇ ਮਸ਼ਹੂਰ ਅਦਾਕਾਰ ਸਲਮਾਨ ਖ਼ਾਨ ਘੱਟ ਗਿਣਤੀ ਭਾਈਚਾਰੇ ਵਿਚੋਂ ਕਲਾਕਾਰ ਹੋਣ ਕਾਰਣ ਰਾਸ਼ਟਰਵਾਦੀ ਗੈਂਗਸਟਰਾਂ ਦੀ ਹਿਟਲਿਸਟ ਉਪਰ ਹਨ।ਹੁਣੇ ਜਿਹੇ ਉਨ੍ਹਾਂ ਦੇ ਦਫ਼ਤਰ ਵਿੱਚ ਗੈਂਗਸਟਰਾਂ ਵਲੋਂ ਇਕ ਈ-ਮੇਲ ਭੇਜ ਕੇ ਧਮਕੀ ਦਿਤੀ ਹੈ। ਇਸ ਤੋਂ ਬਾਅਦ ਮੁੰਬਈ ਪੁਲਿਸ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਤੇ ਗੋਲਡੀ ਬਰਾੜ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਈ-ਮੇਲ ਭੇਜਣ ਵਾਲੇ ਨੇ ਲਿਖਿਆ ਹੈ, ਜੇਕਰ ਸਲਮਾਨ ਖ਼ਾਨ ਮਾਮਲਾ ਖ਼ਤਮ ਕਰਨਾ ਚਾਹੁੰਦੇ ਹਨ ਤਾਂ ਉਹ ਗੋਲਡੀ ਬਰਾੜ ਨਾਲ ਆਹਮੋ-ਸਾਹਮਣੇ ਬਹਿ ਕੇ ਗੱਲ ਕਰਨ। ਅਜੇ ਸਮਾਂ ਹੈ ਪਰ ਅਗਲੀ ਵਾਰ ਝਟਕਾ ਵੇਖਣ ਨੂੰ ਮਿਲੇਗਾ। ਲਾਰੈਂਸ ਬਿਸ਼ਨੋਈ ਵੱਲੋਂ ਹਾਲ ਵੀ ਵਿਚ ਇਕ ਨਿਊਜ਼ ਚੈਨਲ ਨੂੰ ਦਿੱਤੀ ਇੰਟਰਵਿਊ ਨੂੰ ਸਲਮਾਨ ਖ਼ਾਨ ਨੇ ਵੇਖ ਹੀ ਲਿਆ ਹੋਵੇਗਾ, ਜੇਕਰ ਨਹੀਂ ਵੇਖਿਆ ਤਾਂ ਉਨ੍ਹਾਂ ਨੂੰ ਵੇਖਣਾ ਚਾਹੀਦਾ ਹੈ।

ਪੁਲਿਸ ਅਧਿਕਾਰੀ ਨੇ ਦੱਸਿਆ ਕਿ ਬਿਸ਼ਨੋਈ ਤੇ ਬਰਾੜ ਤੋਂ ਇਲਾਵਾ ਦਰਜ ਐਫ ਆਈ ਆਰ ਵਿਚ ਰੋਹਿਤ ਦਾ ਵੀ ਨਾਂ ਹੈ, ਕਿਉਂਕਿ ਇਹ ਧਮਕੀ ਰੋਹਿਤ ਗਰਗ ਦੀ ਆਈ.ਡੀ. ਤੋਂ ਇਕ ਈ-ਮੇਲ ਆਈ ਸੀ। ਇਹ ਸ਼ਿਕਾਇਤ ਪ੍ਰਸ਼ਾਂਤ ਗੁੰਜਲਕਰ ਨੇ ਬਾਂਦਰਾ ਪੁਲਿਸ ਨੂੰ ਦਰਜ ਕਰਵਾਈ ਹੈ।

ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਕਾਰਣ ਪੰਜਾਬ ਪੁਲਿਸ ਦੇ ਦਾਅਵਿਆਂ 'ਤੇ ਉੱਠੇ ਸਵਾਲ

ਬਠਿੰਡਾ ਕੇਂਦਰੀ ਜੇਲ੍ਹ ਵਿੱਚ ਬੰਦ ਸਿੱਧੂ ਮੂਸੇਵਾਲਾ ਹੱਤਿਆਕਾਂਡ ਵਿੱਚ ਮੁਲਜ਼ਮ ਲਾਰੈਂਸ ਬਿਸ਼ਨੋਈ ਦਾ ਇਕ ਨਿੱਜੀ ਚੈਨਲ 'ਤੇ ਦੋ ਵਾਰ ਇੰਟਰਵਿਊ ਆਉਣ ਤੋਂ ਬਾਅਦ ਪੰਜਾਬ ਪੁਲਿਸ ਵੱਲੋਂ ਕੀਤੇ ਗਏ ਦਾਅਵਿਆਂ 'ਤੇ ਸਵਾਲ ਖੜ੍ਹੇ ਹੋ ਗਏ ਹਨ। ਲਾਰੈਂਸ ਨੇ ਉਹੀ ਪੀਲੇ ਰੰਗ ਦੀ ਟੀਸ਼ਰਟ ਪਾ ਕੇ ਦੂਜੀ ਇੰਟਰਵਿਊ ਦਿੱਤੀ, ਜਿਸ ਦੀ ਫੋਟੋ ਡੀਜੀਪੀ ਗੌਰਵ ਯਾਦਵ ਨੇ ਮੀਡੀਆ ਨੂੰ ਦਿਖਾਈ ਸੀ। ਡੀਜੀਪੀ ਨੇ ਕਿਹਾ ਸੀ ਕਿ ਬਿਸ਼ਨੋਈ ਦੀ ਇਹ ਇੰਟਰਵਿਊ ਬਠਿੰਡਾ ਜੇਲ੍ਹ ਦੀ ਨਹੀਂ, ਕਿਉਂਕਿ ਜਦੋਂ ਉਹ ਬਠਿੰਡਾ ਜੇਲ੍ਹ ਆਇਆ ਸੀ ਤਾਂ ਉਸ ਨੇ ਪੀਲੇ ਰੰਗ ਦੀ ਟੀ ਸ਼ਰਟ ਪਾਈ ਹੋਈ ਸੀ। ਹੁਣ ਨਵੀਂ ਇੰਟਰਵਿਊ ਪੀਲੇ ਰੰਗ ਦੀ ਟੀ ਸ਼ਰਟ ਵਿੱਚ ਹੀ ਹੈ।

ਇੰਟਰਵਿਊ ਵਿੱਚ ਬਿਸ਼ਨੋਈ ਨੇ ਜੱਗੂ ਭਗਵਾਨਪੁਰੀਆ ਤੇ ਗੋਲਡੀ ਬਰਾੜ ਨਾਲ ਕੁੜੱਤਣ ਦੀ ਗੱਲ ਕਹੀ ਹੈ। ਬਿਸ਼ਨੋਈ ਨੇ ਕਿਹਾ ਕਿ ਉਸਦਾ ਅਗਲਾ ਨਿਸ਼ਾਨਾ ਸਲਮਾਨ ਖਾਨ ਹੈ।ਇੰਟਰਵਿਊ ਵਿੱਚ ਲਾਰੈਂਸ ਬਿਸ਼ਨੋਈ ਨੇ ਕਿਹਾ ਹੈ ਕਿ ਸਿੱਧੂ ਮੂਸੇਵਾਲਾ ਦੇ ਨਾਲ ਉਨ੍ਹਾਂ ਦੀ ਕੋਈ ਦੁਸ਼ਮਣੀ ਨਹੀਂ ਸੀ ਪਰ ਵਿੱਕੀ ਮਿੱਡੂਖੇੜਾ, ਜਿਸ ਨੂੰ ਉਹ ਆਪਣਾ ਭਰਾ ਮੰਨਦਾ ਸੀ, ਉਸ ਦਾ ਕਤਲ ਕਰਨ ਵਾਲਿਆਂ ਨੂੰ ਮੂਸੇਵਾਲਾ ਨੇ ਸਹਾਇਤਾ ਦਿੱਤੀ ਸੀ। ਉਸ ਦੇ ਮੈਨੇਜਰ ਦੀ ਭੂਮਿਕਾ ਵੀ ਸਾਫ਼ ਤੌਰ 'ਤੇ ਸਾਹਮਣੇ ਆ ਗਈ ਸੀ, ਬਸ ਇਸ ਗੱਲ ਦਾ ਗੁੱਸਾ ਸੀ। ਸਾਡੇ ਵਿਰੋਧੀਆਂ ਨੇ ਹੀ ਗੋਲਡੀ ਬਰਾੜ ਦੇ ਭਰਾ ਗੁਰਲਾਲ ਬਰਾੜ ਦਾ ਕਤਲ ਕਰਵਾਇਆ। ਇਨ੍ਹਾਂ ਕਤਲਾਂ ਤੋਂ ਬਾਅਦ ਸਾਨੂੰ ਭਰੋਸਾ ਹੋ ਗਿਆ ਸੀ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਸਿੱਧੂ ਮੂਸੇਵਾਲਾ ਸਾਡੇ ਵਿਰੋਧੀ ਗੈਂਗ ਵਾਲਿਆਂ ਨੂੰ ਤਾਕਤਵਰ ਕਰਨ ਵਿਚ ਲੱਗਾ ਹੋਇਆ ਹੈ। ਮੈਂ ਟ੍ਰਾਈ ਕੀਤਾ ਸੀ ਪਰ ਕੰਮ ਹੋ ਨਹੀਂ ਸਕਿਆ, ਜਿਸ ਤੋਂ ਬਾਅਦ ਮੈਂ ਸਚਿਨ ਬਿਸ਼ਨੋਈ ਅਤੇ ਗੋਲਡੀ ਬਰਾੜ ਨੂੰ ਇਹ ਕੰਮ ਨਿਪਟਾਉਣ ਲਈ ਕਿਹਾ। ਉਨ੍ਹਾਂ ਨੇ ਹੀ ਸਾਰੀ ਪਲਾਨਿੰਗ ਬਣਾਈ ਅਤੇ ਮਈ ਵਿਚ ਕੰਮ ਨੂੰ ਅੰਜਾਮ ਦੇ ਦਿੱਤਾ ਗਿਆ ਸੀ। ਉਸਨੇ ਕਿਹਾ ਕਿ ਉਸਦੀ ਸਿੱਧੂ ਮੂਸੇਵਾਲਾ ਦੇ ਮਾਤਾ-ਪਿਤਾ ਨਾਲ ਕੋਈ ਦੁਸ਼ਮਣੀ ਨਹੀਂ। ਬਿਸ਼ਨੋਈ ਨੇ ਇੰਟਰਵਿਊ ਦੌਰਾਨ ਕਿਹਾ ਕਿ ਉਹ ਜੇਲ੍ਹ ਦੀ ਬੈਰਕ ਵਿਚ ਹੈ ਤੇ ਉੱਥੋਂ ਗੱਲ ਕਰ ਰਿਹਾ ਹੈ ਉਸ ਨੇ ਕਿਹਾ ਕਿ ਮੋਬਾਈਲ ਆਸਾਨੀ ਨਾਲ ਮਿਲ ਜਾਂਦਾ ਹੈ।

ਇਸ ਇੰਟਰਵਿਊ ਵਿੱਚ ਮੋਟੇ ਤੌਰ ਉੱਤੇ ਤਿੰਨ ਨੁਕਤੇ ਉੱਭਰ ਕੇ ਸਾਹਮਣੇ ਆਏ ਹਨ।

ਪਹਿਲਾ ਲਾਰੈਂਸ ਆਪਣੇ ਆਪ ਨੂੰ ਖ਼ਾਲਿਸਤਾਨ ਵਿਰੋਧੀ ਕਹਿੰਦਾ ਹੈ।ਦੂਜਾ ਆਪਣੇ ਆਪ ਨੂੰ ਰਾਸ਼ਟਰਵਾਦੀ ਕਰਾਰ ਦਿੰਦਾ ਹੈ।ਤੀਜਾ ਉਹ ਆਪਣੇ ਆਪ ਨੂੰ ਪਾਕਿਸਤਾਨ ਤੇ ਖ਼ਾਲਿਸਤਾਨ ਵਿਰੋਧੀ ਵੀ ਦੱਸਦਾ ਹੈ।

ਗੱਲਬਾਤ ਦੌਰਾਨ ਲਾਰੈਂਸ ਦਾ ਇਹ ਕਹਿਣਾ ਕਿ ਉਸ ਦਾ ਗੈਂਗ ਗੋਲਡੀ ਬਰਾੜ ਚਲਾ ਰਿਹਾ ਹੈ ਅਤੇ ਉਹ ਖ਼ਾਲਿਸਤਾਨ ਤੇ ਪਾਕਿਸਤਾਨ ਵਿਰੋਧੀ ਹਨ। ਇਹ ਸਿਧਾਂਤ ਕਿਸ ਦਿਸ਼ਾ ਵੱਲ ਇਸ਼ਾਰਾ ਕਰ ਰਿਹਾ ਹੈ। ਇਸ ਤੋਂ ਸਪਸ਼ਟ ਹੋ ਜਾਂਦਾ ਕਿ ਸਿਆਸਤਦਾਨ ਉਸਨੂੰ ਉਤਸ਼ਾਹਿਤ ਕਰ ਰਹੇ ਹਨ ਤਾਂ ਜੋ ਪੰਜਾਬ ਦਾ ਮਾਹੌਲ ਖਰਾਬ ਹੋਵੇ।ਧਿਆਨ ਰਹੇ ਕਿ ਲਾਰੈਂਸ ਦੀ ਪਹਿਲੀ ਇੰਟਰਵਿਊ ਤੋਂ ਬਾਅਦ ਡੀਜੀਪੀ ਗੌਰਵ ਯਾਦਵ ਨੇ ਦਾਅਵਾ ਕੀਤਾ ਸੀ ਕਿ ਇਹ ਪੁਰਾਣੀ ਹੈ। ਯਾਦਵ ਨੇ ਬਿਸ਼ਨੋਈ ਦੀ ਪਹਿਲੀ ਇੰਟਰਵਿਊ ਦੇ ਬਾਅਦ 16 ਮਾਰਚ ਨੂੰ ਕਿਹਾ ਸੀ ਕਿ ਜਦੋਂ ਲਾਰੈਂਸ ਉਨ੍ਹਾਂ ਕੋਲ ਆਇਆ ਤਾਂ ਉਸਦੀ ਮੁੱਛ ਛੋਟੀ ਸੀ। ਹੁਣ ਦੂਜੀ ਨਵੀਂ ਇੰਟਰਵਿਊ ਵਿਚ ਉਸਦੀ ਮੁੱਛ ਛੋਟੀ ਦਿਖ ਰਹੀ ਹੈ। ਡੀਜੀਪੀ ਨੇ ਦਾਅਵਾ ਕੀਤਾ ਸੀ ਕਿ ਬਠਿੰਡਾ ਜੇਲ੍ਹ ਹਾਈਟੈਕ ਜੇਲ੍ਹ ਹੈ ਉਸ ਵਿਚ ਮੋਬਾਈਲ ਦੀ ਵਰਤੋਂ ਨਹੀਂ ਹੋ ਸਕਦੀ। ਪਰ ਹੁਣ ਇਕ ਹੋਰ ਇੰਟਰਵਿਊ ਨੇ ਡੀਜੀਪੀ ਦੇ ਦਾਅਵਿਆਂ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।ਯਾਦ ਰਹੇ ਕਿ ਜਿਸ ਜੇਲ੍ਹ ਵਿੱਚ ਲਾਰੈਂਸ ਬਿਸ਼ਨੋਈ ਕੈਦ ਹੈ, ਉੱਥੋਂ 12 ਮਾਰਚ ਨੂੰ ਚਾਰ ਮੋਬਾਈਲ ਬਰਾਮਦ ਕੀਤੇ ਗਏ ਸਨ।ਉਧਰ ਇਸ ਇੰਟਰਵਿਊ ਦੇ ਚੱਲਣ ਤੋਂ ਬਾਅਦ ਬਠਿੰਡਾ ਜੇਲ ਦੇ ਸੁਪਰਡੈਂਟ ਐੱਨ. ਡੀ. ਨੇਗੀ ਨੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਹੈ ਕਿ ਬਿਸ਼ਨੋਈ ਅਕਸਰ ਹੀ ਦੂਜੇ ਸੂਬਿਆਂ 'ਚ ਪੇਸ਼ੀਆਂ 'ਤੇ ਜਾਂਦਾ ਰਹਿੰਦਾ ਹੈ, ਸੰਭਾਵਨਾ ਹੈ ਕਿ ਉਥੇ ਇਹ ਇੰਟਰਵਿਊ ਰਿਕਾਰਡ ਹੋਈ ਹੋਵੇਗੀ। ਕਿਹਾ ਇਹ ਜਾ ਰਿਹਾ ਹੈ ਕਿ ਇੰਟਰਵਿਊ ਆਨਲਾਇਨ ਕਿਸੇ ਐਪ ਜ਼ਰੀਏ ਲਿਆ ਗਿਆ ਹੈ। (ਬਾਕੀ ਸਫ਼ਾ 29 'ਤੇ)

## ਸਨੇਹਦੀਪ ਸਿੰਘ ਕਲਸੀ ਨੇ 5 ਭਾਸ਼ਾਵਾਂ 'ਚ ਕੇਸਰੀਆ ਗਾਣਾ ਗਾ ਕੇ ਮੋਦੀ ਤੇ ਆਨੰਦ ਮਹਿੰਦਰਾ ਨੂੰ ਕੀਤਾ ਨਿਹਾਲ



ਨਵੀਂ ਦਿੱਲੀ: ਬੀਤੇ ਦਿਨੀਂ ਸਨੇਹਦੀਪ ਨੇ ਬਾਲੀਵੁੱਡ ਫ਼ਿਲਮ 'ਬ੍ਰਹਮਅਸਤਰ' ਦਾ ਗਾਣਾ 'ਕੇਸਰੀਆ' 5 ਵੱਖ-ਵੱਖ ਭਾਸ਼ਾਵਾਂ ਮੱਲਿਆਲਮ, ਤੇਲਗੂ, ਕੰਨੜ, ਤਮਿਲ ਤੇ ਹਿੰਦੀ ਵਿੱਚ ਗਾ ਕੇ ਇਸ ਗਾਣੇ ਦੀ ਪੇਸ਼ਕਾਰੀ ਕੀਤੀ ਸੀ। ਸਨੇਹਦੀਪ ਸਿੰਘ ਕਲਸੀ ਨੇ ਇਸ ਗਾਣੇ ਦੀ ਵੀਡੀਓ ਪਿਛਲੇ ਸਾਲ ਜੁਲਾਈ ਮਹੀਨੇ ਵਿੱਚ ਸੋਸ਼ਲ ਮੀਡੀਆ ਰਾਹੀਂ ਸਾਂਝੀ ਕੀਤੀ ਸੀ। ਪਰ ਹੁਣ ਕੁੱਝ ਦਿਨਾਂ ਤੋਂ ਇਹ ਵੀਡੀਓ ਮੁੜ ਚਰਚਾ ਵਿਚ ਚੱਲ ਰਹੀ ਹੈ। ਕਾਫ਼ੀ ਲੋਕਾਂ ਵੱਲੋਂ ਇਸ ਨੂੰ ਸੋਸ਼ਲ ਮੀਡੀਆ 'ਤੇ ਸਾਂਝਾ ਕੀਤਾ ਜਾ ਰਿਹਾ ਹੈ। ਇੱਥੋਂ ਤਕ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮਹਿੰਦਰਾ ਗਰੁੱਪ ਦੇ ਚੇਅਰਮੈਨ ਆਨੰਦ ਮਹਿੰਦਰਾ ਵੀ ਇਸ ਨੌਜਵਾਨ ਦੀ ਕਲਾ ਦੀ ਤਾਰੀਫ਼ ਕਰਨ ਤੋਂ ਨਹੀਂ ਰੁਕ ਸਕੇ। ਆਨੰਦ ਮਹਿੰਦਰਾ ਨੇ ਇਸ ਨੂੰ ਇਕਜੁੱਟ ਅਤੇ ਅਟੁੱਟ ਭਾਰਤ ਦੀ ਮਿਸਾਲ ਦੱਸਿਆ ਤਾਂ ਪ੍ਰਧਾਨ ਮੰਤਰੀ ਮੋਦੀ ਨੇ ਇਸ ਨੂੰ 'ਇੱਕ ਭਾਰਤ, ਸ਼੍ਰੇਸ਼ਠ ਭਾਰਤ' ਦੀ ਮਿਸਾਲ ਕਰਾਰ ਦਿੱਤਾ।

## ਸਿੱਖ ਫ਼ੌਜੀਆਂ ਨੂੰ ਸੁਰੱਖਿਆ ਲਈ ਵਿਸ਼ੇਸ਼ ਹੈਲਮਟ ਪਹਿਨਣਾ ਪਵੇਗਾ : ਕੇਂਦਰ



ਸਿੱਖ ਫ਼ੌਜੀਆਂ ਲਈ ਵਿਸ਼ੇਸ਼ ਹੈਲਮਟ ਪਹਿਨਣ ਦੀ ਤਜਵੀਜ਼ ਸਬੰਧੀ ਉੱਠੇ ਵਿਵਾਦ ਮਗਰੋਂ ਕੇਂਦਰ ਸਰਕਾਰ ਨੇ ਕਿਹਾ ਕਿ ਸੰਵੇਦਨਸ਼ੀਲ ਥਾਵਾਂ 'ਤੇ ਤਾਇਨਾਤ ਜਵਾਨਾਂ ਨੂੰ ਆਪਣੇ ਬਚਾਅ ਲਈ ਇਹ ਹੈਲਮਟ ਪਹਿਨਣਾ ਲਾਜ਼ਮੀ ਹੈ।

ਉਨ੍ਹਾਂ ਕਿਹਾ ਕਿ ਲੜਾਕੂ ਜਹਾਜ਼ਾਂ ਅਤੇ ਹੈਲੀਕਾਪਟਰਾਂ ਦੇ ਸਾਰੇ ਪਾਇਲਟ ਅਤੇ ਜਵਾਨ ਉਨ੍ਹਾਂ ਖੇਤਰਾਂ ਵਿੱਚ ਤਾਇਨਾਤ ਹਨ, ਜਿੱਥੇ ਦੁਸ਼ਮਣਾਂ ਦੇ ਹਮਲਿਆਂ ਦੀ ਸੰਭਾਵਨਾ ਹੈ ਜਾਂ ਉਹ ਮਹੱਤਵਪੂਰਨ ਥਾਵਾਂ ਦੀ ਸੁਰੱਖਿਆ ਕਰ ਰਹੇ ਹਨ। ਇਸ ਲਈ ਉਨ੍ਹਾਂ ਦੀ ਨਿੱਜੀ ਸੁਰੱਖਿਆ ਲਈ ਬੁਲੇਟ ਪਰੂਫ਼ ਹੈਲਮਟ ਪਾਉਣਾ ਲਾਜ਼ਮੀ ਹੈ। ਪਟਿਆਲਾ ਤੋਂ ਸੰਸਦ ਮੈਂਬਰ ਪ੍ਰਨੀਤ ਕੌਰ ਵੱਲੋਂ ਲੋਕ ਸਭਾ ਵਿੱਚ ਪੁੱਛੇ ਗਏ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਰੱਖਿਆ ਰਾਜ ਮੰਤਰੀ ਅਜੈ ਭੱਟ ਨੇ ਇਹ ਗੱਲ ਆਖੀ। ਉਨ੍ਹਾਂ ਸਵਾਲ ਕੀਤਾ ਸੀ ਕਿ ਕੀ ਸਰਕਾਰ ਦੀ ਸਿੱਖ ਫ਼ੌਜੀਆਂ ਲਈ ਵਿਸ਼ੇਸ਼ ਹੈਲਮਟ ਪਹਿਨਣਾ ਲਾਜ਼ਮੀ ਕਰਨ ਦੀ ਤਜਵੀਜ਼ ਹੈ।

### *ਮਾਮਲਾ ਪ੍ਰਧਾਨ ਮੰਤਰੀ ਮੋਦੀ ਦੀ ਸੁਰੱਖਿਆ ਵਿੱਚ ਕੁਤਾਹੀ ਦਾ*

## ਸਾਬਕਾ ਡੀ.ਜੀ.ਪੀ. ਸਮੇਤ ਤਿੰਨ ਆਈ.ਪੀ.ਐਸ. ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਲਈ ਨੋਟਿਸ ਜਾਰੀ



ਚੰਡੀਗੜ੍ਹ : ਪੰਜਾਬ ਸਰਕਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ ਵਿੱਚ ਕੁਤਾਹੀ ਸਬੰਧੀ ਸੁਪਰੀਮ ਕੋਰਟ ਵੱਲੋਂ 5 ਜਨਵਰੀ 2022 ਨੂੰ ਗਠਿਤ ਜਸਟਿਸ ਇੰਦੂ ਮਲਹੋਤਰਾ ਕਮੇਟੀ ਦੀ ਰਿਪੋਰਟ 'ਤੇ ਸਾਬਕਾ ਡੀਜੀਪੀ ਸਿਧਾਰਥ ਚਟੋਪਾਧਿਆਏ ਸਮੇਤ ਤਿੰਨ ਆਈਪੀਐਸ ਅਧਿਕਾਰੀਆਂ ਨੂੰ ਸਖ਼ਤ ਕਾਰਵਾਈ ਦਾ ਨੋਟਿਸ ਜਾਰੀ ਕੀਤਾ ਹੈ। ਇਸ ਤੋਂ ਇਲਾਵਾ ਪੰਜ ਅਧਿਕਾਰੀਆਂ ਨੂੰ ਕਾਰਨ ਦੱਸੋ ਨੋਟਿਸ ਵੀ ਜਾਰੀ ਕੀਤੇ ਗਏ ਹਨ।

ਇਹ ਕਾਰਵਾਈ ਗ੍ਰਹਿ ਮੰਤਰਾਲੇ ਦੇ ਸਕੱਤਰ ਅਜੈ ਭੱਲਾ ਵੱਲੋਂ ਪੰਜਾਬ ਸਰਕਾਰ ਨੂੰ ਲਿਖੇ ਪੱਤਰ 'ਤੇ ਕੀਤੀ ਗਈ ਹੈ, ਜਿਸ ਵਿੱਚ ਉਨ੍ਹਾਂ 6 ਮਹੀਨਿਆਂ ਤੋਂ ਕੋਈ ਕਾਰਵਾਈ ਨਾ ਹੋਣ 'ਤੇ ਗੁੱਸਾ ਜ਼ਾਹਿਰ ਕਰਦਿਆਂ ਜਵਾਬ ਦੇਣ ਲਈ ਕਿਹਾ ਸੀ ।ਜਸਟਿਸ ਇੰਦੂ ਮਲਹੋਤਰਾ ਦੀ ਕਮੇਟੀ ਨੇ ਸਾਬਕਾ ਡੀਜੀਪੀ ਸਿਤਾਰ ਚਟੋਪਾਧਿਆਏ, ਤਤਕਾਲੀ ਡੀਆਈਜੀ ਇੰਦਰਬੀਰ ਸਿੰਘ ਅਤੇ ਤਤਕਾਲੀ ਐਸਐਸਪੀ ਫਿਰੋਜ਼ਪੁਰ ਹਰਮਨਦੀਪ ਸਿੰਘ ਨੂੰ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿੱਚ ਕਮੀਆਂ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ, ਇਸ ਲਈ ਉਨ੍ਹਾਂ ਵਿਰੁੱਧ ਵੱਡੀ ਸਜ਼ਾ ਦੀ ਸਿਫ਼ਾਰਸ਼ ਕੀਤੀ।

ਇਸ ਸਿਫਾਰਿਸ਼ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਨ੍ਹਾਂ ਸਾਰੇ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰਕੇ ਜਾਂਚ ਅਧਿਕਾਰੀ ਅੱਗੇ ਆਪਣਾ ਪੱਖ ਰੱਖਣ ਲਈ ਕਿਹਾ ਹੈ। ਧਿਆਨ ਯੋਗ ਹੈ ਕਿ ਕਿਸੇ ਵੀ ਅਧਿਕਾਰੀ ਨੂੰ ਸਜ਼ਾ ਦੇਣ ਤੋਂ ਪਹਿਲਾਂ ਉਸ ਨੂੰ ਜਵਾਬ ਦੇਣ ਦਾ ਮੌਕਾ ਦੇਣਾ ਹੁੰਦਾ ਹੈ। ਗ੍ਰਹਿ ਵਿਭਾਗ ਵੱਲੋਂ ਜਾਰੀ ਹੁਕਮਾਂ ਵਿੱਚ ਅੱਗੇ ਕਿਹਾ ਗਿਆ ਹੈ ਕਿ ਇਨ੍ਹਾਂ ਤਿੰਨ ਅਧਿਕਾਰੀਆਂ ਤੋਂ ਇਲਾਵਾ ਕੁਝ ਹੋਰ ਅਧਿਕਾਰੀਆਂ ਨੂੰ ਵੀ ਸੁਰੱਖਿਆ ਵਿੱਚ ਕੁਤਾਹੀ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ।

ਕਾਰਨ ਦੱਸੋ ਨੋਟਿਸ ਜਾਰੀ

ਇਨ੍ਹਾਂ ਵਿੱਚ ਤਤਕਾਲੀ ਏਡੀਜੀਪੀ ਲਾਅ ਐਂਡ ਆਰਡਰ ਨਰੇਸ਼ ਅਰੋੜਾ, ਤਤਕਾਲੀ ਏਡੀਜੀਪੀ ਸਾਈਬਰ ਕ੍ਰਾਈਮ ਜੀ ਨਾਗੇਸ਼ਵਰ ਰਾਓ, ਮੁਖਵਿੰਦਰ ਸਿੰਘ ਛੀਨਾ, ਤਤਕਾਲੀ ਆਈਜੀ ਕਾਊਂਟਰ ਇੰਟੈਲੀਜੈਂਸ ਰਾਕੇਸ਼ ਅਗਰਵਾਲ ਅਤੇ ਤਤਕਾਲੀ ਡੀਆਈਜੀ ਸੁਰਜੀਤ ਸਿੰਘ ਅਤੇ ਤਤਕਾਲੀ ਐਸਐਸਪੀ ਮੋਗਾ ਚਰਨਜੀਤ ਸਿੰਘ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਇਨ੍ਹਾਂ ਸਾਰੇ ਅਧਿਕਾਰੀਆਂ ਨੂੰ ਆਪਣਾ ਜਵਾਬ ਦੇਣ ਲਈ ਜਲਦੀ ਹੀ ਜਾਂਚ ਅਧਿਕਾਰੀ ਨਿਯੁਕਤ ਕੀਤਾ ਜਾਵੇਗਾ।

ਐਕਸ਼ਨ ਟੇਕਰ ਦੀ ਰਿਪੋਰਟ ਮੰਗੀ

ਜਸਟਿਸ ਇੰਦੂ ਮਲਹੋਤਰਾ ਨੇ ਛੇ ਮਹੀਨੇ ਪਹਿਲਾਂ ਸੁਪਰੀਮ ਕੋਰਟ ਵਿੱਚ ਆਪਣੀ ਰਿਪੋਰਟ ਸੌਂਪੀ ਸੀ, ਜਿਸ ਵਿੱਚ ਅੱਠ ਅਧਿਕਾਰੀਆਂ (ਬਾਕੀ ਸਫ਼ਾ 30 'ਤੇ)

# ਮਈ ਦੌਰਾਨ ਬਰਤਾਨੀਆ ਸਰਕਾਰ ਟਾਵਰ ਆਫ਼ ਲੰਡਨ ’ਚ ਜਿੱਤ ਦੇ ਪ੍ਰਤੀਕ ਵਜੋਂ ਪ੍ਰਦਰਸ਼ਿਤ ਕਰੇਗੀ ਕੋਹਿਨੂਰ ਹੀਰਾ

## ਦੇਸ਼ ਪੰਜਾਬ ’ਤੇ ਕਬਜ਼ੇ ਤੋਂ ਬਾਅਦ ਅੰਗਰੇਜ਼ਾਂ ਨੇ ਮਹਾਰਾਜਾ ਦਲੀਪ ਸਿੰਘ ਕੋਲੋਂ ਖੋਹਿਆ ਸੀ ਕੋਹਿਨੂਰ ਹੀਰਾ

ਲੰਡਨ/ਏ.ਟੀ.ਨਿਊਜ਼ :- ਭਾਰਤ ਦੁਆਰਾ ਦਾਅਵਾ ਕੀਤੇ ਗਏ ਵਿਵਾਦਗ੍ਰਸਤ ਬਸਤੀਵਾਦੀ ਯੁੱਗ ਦੇ ਕੋਹੇਨੂਰ ਹੀਰੇ ਨੂੰ ਬਰਤਾਨੀਆ ਸਰਕਾਰ ਵੱਲੋਂ ਮਈ ਵਿੱਚ ਜਨਤਾ ਲਈ ਖੋਲ੍ਹਣ ਲਈ ਟਾਵਰ ਆਫ ਲੰਡਨ ਵਿਖੇ ਬ੍ਰਿਟੇਨ ਦੇ ਤਾਜ ਗਹਿਣਿਆਂ ਦੇ ਇਕ ਨਵੇਂ ਪ੍ਰਦਰਸ਼ਨ ਦੇ ਹਿੱਸੇ ਦੇ ਰੂਪ ਵਿੱਚ ‘ਜਿੱਤ ਦੇ ਪ੍ਰਤੀਕ’ ਵਜੋਂ ਰੱਖਿਆ ਜਾ ਰਿਹਾ ਹੈ। ਬ੍ਰਿਟੇਨ ਦੇ ਮਹੱਲਾਂ ਦਾ ਪ੍ਰਬੰਧ ਕਰਨ ਵਾਲੀ ਧਾਰਮਿਕ ਸੰਸਥਾ ਹਿਸਟੋਰਿਕ ਰਾਇਲ ਪੈਲੇਸ (ਐਚ.ਆਰ.ਪੀ.) ਨੇ ਕਿਹਾ ਕਿ ਨਵੀਂ ਜਿਊਲ ਹਾਊਸ ਪ੍ਰਦਰਸ਼ਨ ਵਸਤੂਆਂ ਨਾਲ ਕੋਹਿਨੂਰ ਦੇ ਇਤਿਹਾਸ ਦਾ ਪਤਾ ਲਗਾਏਗੀ।

**ਕੌਣ ਏ ਕੋਹਿਨੂਰ ਹੀਰੇ ਦਾ ਅਸਲ ਹੱਕਦਾਰ ?**

ਕੋਹਿਨੂਰ ’ਤੇ ਕਬਜਾ ਕਰਕੇ ਬੈਠੀ ਬ੍ਰਿਟੇਨ ਸਰਕਾਰ ਦੇ ਕੂਟਨੀਤਕ ਤੇ ਤਾਨਾਸ਼ਾਹੀ ਰਵੱਈਏ ਦੇ ਜਨਤਕ ਹੋਣ ਪਿੱਛੋਂ ਕੋਹਿਨੂਰ ਹੀਰੇ ਦੀ ਭਾਰਤ ਵਾਪਸੀ ਨਹੀਂ ਹੋ ਸਕੀ। ਕੋਹਿਨੂਰ ਹੀਰੇ ਦੀ ਦਾਅਵੇਦਾਰੀ ਨੂੰ ਲੈ ਕੇ ਸਭ ਤੋਂ ਪ੍ਰਮੁੱਖ ਸਵਾਲ ਇਸ ’ਤੇ ਅਸਲ ਮਾਲਕੀ ਦੇ ਹੱਕ ਦਾ ਹੈ। ਇਸ ਦੀ ਦਾਅਵੇਦਾਰੀ ਸਬੰਧੀ ਭਾਰਤ, ਪਾਕਿਸਤਾਨ, ਅਫ਼ਗਾਨਿਸਤਾਨ, ਇਰਾਨ ਤੇ ਇਸ ਹੀਰੇ ਨੂੰ ਛਲ ਨਾਲ ਹਥਿਆਉਣ ਵਾਲਾ ਬ੍ਰਿਟੇਨ ਖ਼ੁਦ ਵੀ ਆਪਣੀ ਦਾਅਵੇਦਾਰੀ ਪੇਸ਼ ਕਰ ਚੁੱਕਾ ਹੈ। ਕੋਹਿਨੂਰ ਹੀਰੇ ਦੀ ਇੱਕ ਖ਼ਾਸੀਅਤ ਇਹ ਵੀ ਰਹੀ ਹੈ ਕਿ ਇਹ ਹੀਰਾ ਕਈ ਸਲਤਨਤਾਂ ਤੇ ਸ਼ਾਹੀ ਤਖ਼ਤਾਂ ਦੀ ਸ਼ਾਨ ਬਣਿਆ ਪਰ ਇਹ ਨਾ ਕਦੇ ਵਿਕਿਆ ਤੇ ਨਾ ਹੀ ਕਦੇ ਕਿਸੇ ਹਾਕਮ ਦੁਆਰਾ ਇਸ ਨੂੰ ਖ਼ਰੀਦਿਆ ਗਿਆ ਹੈ। ਇਹ ਹੀਰਾ ਹਮੇਸ਼ਾ ਇੱਕ ਬਾਦਸ਼ਾਹ ਕੋਲੋਂ ਦੂਜੇ ਤਾਕਤਵਰ ਬਾਦਸ਼ਾਹ ਜਾਂ ਹੁਕਮਰਾਨ ਵੱਲੋਂ ਖੋਹਿਆ ਜਾਂਦਾ ਰਿਹਾ ਹੈ। ਸਿਰਫ਼ ਮਹਾਰਾਜਾ ਰਣਜੀਤ ਸਿੰਘ ਹੀ ਸੀ, ਜਿਸ ਨੇ ਸ਼ਾਹ ਸੁਜਾ ਦੁਰਾਨੀ ਨੂੰ ਕਸ਼ਮੀਰ ਦੇ ਗਵਰਨਰ ਦੀ ਕੈਦ ਵਿੱਚੋਂ





ਲਹੂ ਡੋਲਵੀਂ ਜੰਗ ਕਰ ਕੇ ਆਜ਼ਾਦ ਕਰਵਾਉਣ ਦੇ ਨਾਲ-ਨਾਲ ਸ਼ਾਹ ਨੂੰ ਤਿੰਨ ਲੱਖ ਰੁਪਏ ਨਕਦ ਤੇ 50 ਹਜ਼ਾਰ ਰੁਪਏ ਦੀ ਸਾਲਾਨਾ ਜਾਗੀਰ ਦੇ ਕੇ ਕੋਹਿਨੂਰ ਹੀਰਾ ਪ੍ਰਾਪਤ ਕੀਤਾ ਸੀ।

ਕਨ੍ਹੱਈਆ ਲਾਲ ‘ਤਾਰੀਖ਼-ਏ-ਪੰਜਾਬ’ ਦੇ ਸਫ਼ਾ 216 ’ਤੇ ਅਤੇ ਸੱਯਦ ਮੁਹੰਮਦ ਲਤੀਫ਼ ‘ਲਾਹੌਰ’ ਦੇ ਸਫ਼ਾ 380 ’ਤੇ ਲਿਖਦੇ ਹਨ ਕਿ ਸ਼ਾਹ ਸੁਜਾ ਪਾਸੋਂ ਕੋਹਿਨੂਰ ਹੀਰਾ ਪ੍ਰਾਪਤ ਕਰਨ ਤੋਂ ਬਾਅਦ ਮਹਾਰਾਜਾ ਨੇ ਸ਼ਾਹ ਨੂੰ ਪੁੱਛਿਆ ਕਿ ਇਸ ਹੀਰੇ ਦੀ ਕੀਮਤ ਕੀ ਹੋਵੇਗੀ ? ਇਸ ’ਤੇ ਸ਼ਾਹ ਨੇ ਜਵਾਬ ਦਿੱਤਾ,“ਮਹਾਰਾਜਾ ਇਸ ਦੀ ਕੀਮਤ ਲਾਠੀ (ਸੋਟੀ) ਹੈ। ਮੇਰੇ ਵਡੇਰਿਆਂ ਦੀ ਲਾਠੀ ਵਿੱਚ ਦਮ ਸੀ ਤੇ ਉਨ੍ਹਾਂ ਉਸੇ ਲਾਠੀ ਦੀ ਧੌਂਸ ਨਾਲ ਕਿਸੇ ਹੋਰ ਕੋਲੋਂ ਇਹ ਹੀਰਾ ਖੋਹ ਲਿਆ ਤੇ ਹੁਣ ਤੁਹਾਡੀ ਲਾਠੀ ਵਿੱਚ ਦਮ ਹੈ ਤੇ ਤੁਸੀਂ ਇਹ ਹੀਰਾ ਮੇਰੇ ਕੋਲੋਂ ਖੋਹ ਲਿਆ; ਕੱਲ੍ਹ ਨੂੰ ਕੋਈ ਹੋਰ ਵੱਡਾ ਸ਼ਕਤੀਸ਼ਾਲੀ ਸ਼ਾਸਕ ਆਏਗਾ ਤੇ ਉਹ ਇਸੇ ਲਾਠੀ ਦੇ ਦਮ ’ਤੇ ਤੁਹਾਡੇ ਕੋਲੋਂ ਇਹ ਹੀਰਾ ਖੋਹ ਲਵੇਗਾ।”

ਕੋਹਿਨੂਰ ਹੀਰੇ ਨੂੰ ਸਿੱਖ ਸਲਤਨਤ ਦੇ ਤੋਸ਼ਾਖ਼ਾਨਾ ਵਿੱਚ ਸ਼ਾਮਲ ਕੀਤੇ ਜਾਣ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਬਾਜ਼ੂਬੰਦ ਵਿੱਚ ਜੜਵਾ ਕੇ ਡੌਲੇ ਨਾਲ ਬੰਨ੍ਹਿਆ। ਸ਼ੇਰ-ਏ-ਪੰਜਾਬ ਦੇ ਜਿਉਂਦਿਆਂ ਇਹ ਹੀਰਾ ਤੋਸ਼ੇਖ਼ਾਨੇ ਦੇ ਮੁਖੀ ਮਿਸਰ ਬੇਲੀ ਰਾਮ ਦੀ ਸਪੁਰਦਗੀ ਵਿੱਚ ਰਿਹਾ। ਕਨ੍ਹੱਈਆ ਲਾਲ ‘ਤਾਰੀਖ਼-ਏ-ਪੰਜਾਬ’ ਦੇ ਸਫ਼ਾ 349 ’ਤੇ ਲਿਖਦਾ ਹੈ,“ਮਹਾਰਾਜਾ ਰਣਜੀਤ ਸਿੰਘ ਦੇ ਅੰਤਿਮ ਸਸਕਾਰ ਸਮੇਂ ਧਿਆਨ ਸਿੰਘ ਡੋਗਰਾ ਨੇ ਕਿਹਾ ਕਿ ਮਹਾਰਾਜਾ ਕਈ ਵਾਰ ਇਹ ਬਚਨ ਕਰਦਾ ਸੀ ਕਿ ਕੋਹਿਨੂਰ



ਹੀਰਾ ਕਿਸੇ ਬਾਦਸ਼ਾਹ ਕੋਲ ਨਹੀਂ ਰਹਿਆ, ਇਸ ਲਈ ਚੰਗਾ ਹੈ ਜੋ ਇਹ ਪੁੰਨ ਕਰ ਦਿੱਤਾ ਜਾਵੇ ਤੇ ਇਸ ਨੂੰ ਗੁਰੂ ਰਾਮਦਾਸ ਦੇ ਦਰਬਾਰ ਚੜ੍ਹਾ ਦਿੱਤਾ ਜਾਵੇ। ...... ਪਰ ਜਦੋਂ ਹੀਰਾ ਤੋਸ਼ੇਖ਼ਾਨੇ ਵਿੱਚੋਂ ਮੰਗਵਾਇਆ ਗਿਆ ਤਾਂ ਤੋਸ਼ਾਖ਼ਾਨਾ ਦੇ ਅਧਿਕਾਰੀ ਮਿਸਰ ਬੇਲੀ ਰਾਮ ਨੇ ਉਹ ਨਾ ਦਿੱਤਾ ਤੇ ਕਿਹਾ ਕਿ ਇਹ ਮਾਲ-ਧਨ ਰਾਜ ਦੇ ਉੱਤਰਾਧਿਕਾਰੀ ਦਾ ਹੈ, ਉਸ ਦੀ ਆਗਿਆ ਬਿਨਾਂ ਮੈਂ ਨਹੀਂ ਦੇ ਸਕਦਾ।” ਮਹਾਰਾਜਾ ਖੜਕ ਸਿੰਘ ਦੇ ਦੇਹਾਂਤ ਤੋਂ ਬਾਅਦ ਜਦੋਂ ਗੁਲਾਬ ਸਿੰਘ ਡੋਗਰਾ ਲਾਹੌਰ ਕਿਲ੍ਹੇ ਵਿੱਚ ਲੁੱਟ-ਖਸੁੱਟ ਕਰ ਕੇ ਭੱਜਣ ਦੀ ਤਿਆਰੀ ਕਰ ਰਿਹਾ ਸੀ ਤਾਂ ਮਿਸਰ ਬੇਲੀ ਰਾਮ ਨੇ ਹੁਸ਼ਿਆਰੀ ਨਾਲ ਉਸ ਦੇ ਕਬਜ਼ੇ ਵਿੱਚੋਂ ਹੀਰਾ ਖੋਹ ਕੇ ਬਾਅਦ ਵਿੱਚ ਮਹਾਰਾਜਾ ਸ਼ੇਰ ਸਿੰਘ ਦੇ ਹਵਾਲੇ ਕਰ ਦਿੱਤਾ।27 ਮਾਰਚ 1849 ਨੂੰ ਅੰਗਰੇਜ਼ਾਂ ਨੇ ਪੰਜਾਬ ਨੂੰ ਪੂਰਨ ਰੂਪ ਵਿੱਚ ਆਪਣੇ ਅਧੀਨ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਦਾ ਖ਼ਜ਼ਾਨਾ ਦੇਖ ਕੇ ਅੰਗਰੇਜ਼ਾਂ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਇਹ ਦੁਨੀਆਂ ਦਾ ਸਭ ਤੋਂ ਕੀਮਤੀ ਖ਼ਜ਼ਾਨਾ ਸੀ। ਸਭ ਤੋਂ ਪਹਿਲਾਂ ਉਨ੍ਹਾਂ ਨੇ ਕੋਹਿਨੂਰ ਹੀਰਾ ਹੀ ਸੰਭਾਲਿਆ। ਛੇ ਅਪਰੈਲ 1850 ਨੂੰ ਇਹ ਹੀਰਾ ਇੰਗਲੈਂਡ ਭੇਜ ਦਿੱਤਾ ਗਿਆ।ਇਸ ਪਿੱਛੋਂ ਜਦੋਂ ਨਾਬਾਲਗ ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਭੇਜਿਆ ਗਿਆ ਤਾਂ ਫਰੇਬ ਨਾਲ ਉਸ ਹੱਥੋਂ ਇਹ ਹੀਰਾ ਮਹਾਰਾਣੀ ਨੂੰ ਤੋਹਫ਼ੇ ਵਜੋਂ ਭੇਟ ਕਰਵਾਇਆ ਗਿਆ। ਅੰਗਰੇਜ਼ਾਂ ਨੇ ਕੋਹਿਨੂਰ ਹੀਰੇ ਦੇ ਦੋ ਟੋਟੇ ਕਰ ਕੇ ਸ਼ਕਲ ਬਦਲ ਦਿੱਤੀ। ਇੱਕ ਹਿੱਸਾ ਕਿਤੇ ਸੰਭਾਲ ਲਿਆ ਅਤੇ ਦੂਜਾ ਹਿੱਸਾ ਬਰਤਾਨੀਆ ਦੀ ਮਲਿਕਾ ਦੇ ਤਾਜ ਵਿੱਚ ਜੜ ਦਿੱਤਾ ਗਿਆ। ਤਾਜ ਵਿੱਚ ਜੜੇ ਹੋਏ ਹੀਰੇ ਦਾ ਵਜ਼ਨ 21.1204 ਗਰਾਮ ਹੈ। 1953 ਵਿੱਚ ਇਹ ਹੀਰਾ ਮਹਾਰਾਣੀ ਅਲੀਜ਼ਾਬੇਥ (ਦੂਸਰੀ) ਦੇ ਤਾਜ ਵਿੱਚ ਜੜਿਆ ਗਿਆ। ਮੌਜੂਦਾ ਸਮੇਂ ਇਹ ਟਾਵਰ ਆਫ਼ ਲੰਡਨ ਦੀ ਸ਼ੋਭਾ ਬਣਿਆ ਹੋਇਆ ਹੈ। ਮਹਾਰਾਜਾ ਦਲੀਪ ਸਿੰਘ ਦੀ ਪੁੱਤਰੀ ਸ਼ਹਿਜ਼ਾਦੀ ਬੰਬਾ ਸੂਫ਼ੀਆ ਨੇ ਕੋਹਿਨੂਰ ਹੀਰੇ ਸਹਿਤ ਦੇਸ਼-ਵਿਦੇਸ਼ ਦੀਆਂ ਸਰਕਾਰਾਂ ਪਾਸ ਪਿਆ ਆਪਣੇ ਪਿਤਾ ਦਲੀਪ ਸਿੰਘ ਦਾ ਕੀਮਤੀ ਸਾਮਾਨ ਮੰਗਵਾਉਣ ਲਈ 13 ਜੁਲਾਈ 1946 ਨੂੰ ਕਾਨੂੰਨੀ ਲੜਾਈ ਦੀ ਸ਼ੁਰੂਆਤ ਕਰਦਿਆਂ ਸੀਨੀਅਰ ਵਕੀਲ ਰਘਬੀਰ ਸਿੰਘ ਦੀ ਮਾਰਫ਼ਤ ਦਿੱਲੀ ਸਥਿਤ ਭਾਰਤ ਦੀ ਫੈਡਰਲ (ਕੇਂਦਰ ਸਮਰਥਕ) ਅਦਾਲਤ ਵਿੱਚ ਮੁਕੱਦਮਾ ਦਰਜ ਕਰਵਾਇਆ। ਇਸ ਪਿੱਛੋਂ 1976 ਵਿੱਚ ਪਾਕਿਸਤਾਨ ਦੇ ਤਤਕਾਲੀਨ ਪ੍ਰਧਾਨ ਮੰਤਰੀ ਜ਼ੁਲਫ਼ਿਕਾਰ ਅਲੀ ਭੁੱਟੋ ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ ਨੂੰ ਕੋਹਿਨੂਰ ਹੀਰਾ ਪਾਕਿਸਤਾਨ ਨੂੰ ਦਿੱਤੇ ਜਾਣ ਦੀ ਮੰਗ ਕੀਤੀ। ਇਸ ਪਿੱਛੋਂ ਵੀ ਕਈ ਵਾਰ ਪਾਕਿਸਤਾਨ ਵੱਲੋਂ ਕੋਹਿਨੂਰ ਨੂੰ

**(ਬਾਕੀ ਸਫ਼ਾ 31 ’ਤੇ)**

# ਵਿੱਤੀ ਮਹਾਂਮਾਰੀ ਦਾ ਸ਼ਿਕਾਰ ਹੋਇਆ ਸਵਿਸ ਬੈਂਕ ਕ੍ਰੈਡਿਟ ਸੂਇਸ

## ਕੀ ਭਾਰਤ ’ਤੇ ਵੀ ਪਵੇਗਾ ਸਵਿਸ ਬੈਂਕ ਕ੍ਰੈਡਿਟ ਸੂਇਸ ਦੀ ਵਿੱਤੀ ਹਾਲਤ ਦਾ ਅਸਰ

ਬੈਂਕਿੰਗ ਸੈਕਟਰ ਮਹਾਂਮਾਰੀ ਦੀ ਮਾਰ ਹੇਠ ਨਜ਼ਰ ਆ ਰਿਹਾ ਹੈ। ਹੁਣ ਤੱਕ ਦਾ ਸੰਕਟ ਜ਼ਿਆਦਾਤਰ ਅਮਰੀਕਾ ਅਤੇ ਯੂਰਪੀ ਬਾਜ਼ਾਰ ਤੱਕ ਹੀ ਸੀਮਤ ਰਿਹਾ ਹੈ। ਦੋ ਅਮਰੀਕੀ ਬੈਂਕਾਂ - ਸਿਲੀਕਾਨ ਵੈਲੀ ਬੈਂਕ (ਐਸਵੀਬੀ) ਅਤੇ ਸਿਗਨੇਚਰ ਬੈਂਕ - ਦੇ ਡਿੱਗ ਜਾਣ ਤੋਂ ਬਾਅਦ ਇੱਕ ਹੋਰ ਬੈਂਕ ‘ ਕ੍ਰੈਡਿਟ ਸੂਇਸ’ ਵਿੱਤੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ।

ਪਰ ਕ੍ਰੈਡਿਟ ਸੂਇਸ ਦੇ ਨਾਲ ਕਹਾਣੀ ਵਿਸ਼ਵ ਅਰਥਾਂ ਵਿੱਚ SVB ਜਾਂ ਸਿਗਨੇਚਰ ਬੈਂਕ ਨਾਲੋਂ ਵੱਖਰੀ ਅਤੇ ਵਧੇਰੇ ਚਿੰਤਾਜਨਕ ਹੈ ਅਤੇ ਵਿਸ਼ਵਵਿਆਪੀ ਤੌਰ ’ਤੇ, ਇਸ ਦਾ ਭਾਰਤ ’ਤੇ ਵੀ ਪ੍ਰਭਾਵ ਪੈ ਸਕਦਾ ਹੈ।

**ਕ੍ਰੈਡਿਟ ਸੂਇਸ ਦੀ ਭਾਰਤ ਵਿੱਚ ਮਹੱਤਤਾ :** ਤੁਸੀਂ ਸਵਿਸ ਬੈਂਕਾਂ ਅਤੇ ਕਾਲੇ ਧਨ ਬਾਰੇ ਜ਼ਰੂਰ ਸੁਣਿਆ ਹੋਵੇਗਾ। ਅਕਸਰ ਸਵਿਸ ਬੈਂਕ ਵਿੱਚ ਪੈਸਾ ਹੋਣਾ ਕਾਲੇ ਧਨ ਦੇ ਬਰਾਬਰ ਹੁੰਦਾ ਹੈ। ਕ੍ਰੈਡਿਟ ਸੂਇਸ ਇੱਕ ਅਜਿਹਾ ਸਵਿਸ ਬੈਂਕ ਹੈ। ਇਹ ਸਵਿਟਜ਼ਰਲੈਂਡ ਦਾ ਦੂਜਾ ਸਭ ਤੋਂ ਵੱਡਾ ਬੈਂਕ ਹੈ।

2014 ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਕਿ ਦੋ ਬੈਂਕਾਂ - ਯੂਬੀਐਸ ਅਤੇ ਕ੍ਰੈਡਿਟ ਸੂਇਸ - ਸਵਿਸ ਬੈਂਕਿੰਗ ਪ੍ਰਣਾਲੀ ਵਿੱਚ ਅਮੀਰ ਭਾਰਤੀਆਂ ਦੁਆਰਾ ਰੱਖੇ ਕੁੱਲ ਧਨ ਦਾ ਲਗਭਗ ਦੋ ਤਿਹਾਈ ਹਿੱਸਾ ਬਣਾਉਂਦੇ ਹਨ।

ਸਵਿਸ ਬੈਂਕ ਆਪਣੀਆਂ ਸਖ਼ਤ ਤੇ ਗੁਪਤ ਕੰਧਾਂ ਲਈ ਮਸ਼ਹੂਰ ਹਨ।

ਮੌਜੂਦਾ ਭਾਰਤੀ ਬੈਂਕਿੰਗ ਦ੍ਰਿਸ਼ ਵਿੱਚ, ਕ੍ਰੈਡਿਟ ਸੂਇਸ ਭਾਰਤ ਵਿੱਚ 12ਵਾਂ ਸਭ ਤੋਂ ਵੱਡਾ ਵਿਦੇਸ਼ੀ ਬੈਂਕ ਹੈ ਅਤੇ ਇਸ ਕੋਲ 20,700 ਕਰੋੜ ਰੁਪਏ ਤੱਕ ਦੀ ਜਾਇਦਾਦ ਹੈ। 20,700 ਕਰੋੜ ਰੁਪਏ ਸਾਡੇ ਵਿੱਚੋਂ ਬਹੁਤੇ ਅਮੀਰ ਭਾਰਤੀਆਂ ਲਈ ਵੱਡੀ ਰਕਮ ਦੀ ਤਰ੍ਹਾਂ ਲੱਗ ਸਕਦੇ ਹਨ, ਪਰ ਭਾਰਤੀ ਬੈਂਕਿੰਗ ਖੇਤਰ ਵਿੱਚ, ਇਹ ਸੰਪਤੀਆਂ ਦਾ ਸਿਰਫ਼ 0.1% ਹੈ।





ਭਾਵ, ਕ੍ਰੈਡਿਟ ਸੂਇਸ ਭਾਰਤ ਲਈ ਸਿੱਧੀ ਚਿੰਤਾ ਦਾ ਵਿਸ਼ਾ ਨਹੀਂ ਹੈ। ਹਾਲਾਂਕਿ, ਇਹ SVB ਦੇ ਮੁਕਾਬਲੇ ਬਹੁਤ ਵੱਡੀ ਚਿੰਤਾ ਹੈ। ਰਿਪੋਰਟਾਂ ਦਾ ਕਹਿਣਾ ਹੈ ਕਿ ਆਰਬੀਆਈ ਨੇੜਿਓਂ ਨਜ਼ਰ ਰੱਖੀ ਹੋਈ ਹੈ।

ਜੈਫਰੀਜ਼ ਇੰਡੀਆ (ਵੇਲਥ ਮੈਨੇਜਮੈਂਟ) ਦੇ ਵਿਸ਼ਲੇਸ਼ਕ ਪ੍ਰਖਰ ਸ਼ਰਮਾ ਦਾ ਕਹਿਣਾ ਹੈ ਕਿ ਕ੍ਰੈਡਿਟ ਸੂਇਸ ਭਾਰਤ ਲਈ SVB ਨਾਲੋਂ ਵੱਡੀ ਚਿੰਤਾ ਹੈ।

ਇਹ ਇਸ ਲਈ ਹੈ ਕਿਉਂਕਿ ਕ੍ਰੈਡਿਟ ਸੂਇਸ ਵੱਡੀ ਗਲੋਬਲ ਵਿੱਤੀ ਪ੍ਰਣਾਲੀ ਨਾਲ ਜੁੜਿਆ ਹੋਇਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ ਦੇ ਡੈਰੀਵੇਟਿਵਜ਼ ਮਾਰਕੀਟ ਨਾਮਕ ਕਿਸੇ ਚੀਜ਼ ਵਿੱਚ ਬੈਂਕ ਦੀ ਵੱਡੀ ਮੌਜੂਦਗੀ ਹੈ।

ਡੈਰੀਵੇਟਿਵਜ਼ ਵਿੱਤੀ ਇਕਰਾਰਨਾਮੇ ਹਨ ਜੋ ਸੰਪਤੀਆਂ ਦੇ ਸਮੂਹ ਤੋਂ ਆਪਣਾ ਮੁੱਲ ਕਮਾਉਂਦੇ ਹਨ।ਭਾਰਤ ਲਈ, ਇਹ ਇੱਕ ਮਹੱਤਵਪੂਰਨ ਰਿਣਦਾਤਾ ਵੀ ਹੈ, ਕਿਉਂਕਿ ਕੁਝ ਟਵਿੱਟਰ ਉਪਭੋਗਤਾ ਲੋਕਾਂ ਨੂੰ ਇਹ ਯਾਦ ਦਿਵਾਉਣ ਵਿੱਚ ਰੁੱਝੇ ਹੋਏ ਹਨ ਕਿ ਕ੍ਰੈਡਿਟ ਸੂਇਸ ਨੇ ਹਿੰਡਨਬਰਗ ਦੀ ਰਿਪੋਰਟ ਦੇ ਬਾਅਦ ਅਡਾਨੀ ਸਮੂਹ ਦੀਆਂ ਸੰਸਥਾਵਾਂ ਦੁਆਰਾ ਕੁਝ ਕਰਜ਼ਿਆਂ ਲਈ ਜਮਾਂਦਰੂ ਵਜੋਂ ਬਾਂਡਾਂ ਨੂੰ ਰੱਦ ਕਰ ਦਿੱਤਾ ਹੈ।

ਕ੍ਰੈਡਿਟ ਸੂਇਸ ਹੁਣ SV ਅਤੇ ਸਿਗਨੇਚਰ ਬੈਂਕ ਦੇ ਨਾਲ ਸ਼ੈਂਬਲਸ ਵਿੱਚ ਹੈ।

ਉਨ੍ਹਾਂ ਨੇ ਅਡਾਨੀ ਨੂੰ ਵਿਸ਼ਵ ਪੱਧਰ ’ਤੇ ਸਰਾਪ ਦੇਣ ਲਈ ਪੂਰਾ ਮਹੀਨਾ ਲਾਇਆ ਅਤੇ ਹੁਣ ਪੂਰੀ ਦੁਨੀਆ ਅਮਰੀਕਾ, ਯੂਐਸ ਬੈਂਕਾਂ ਅਤੇ ਇਸ ਦੇ ਪਤਨ ਬਾਰੇ ਵੱਡੇ ਪੱਧਰ ’ਤੇ ਗੱਲ ਕਰ ਰਹੀ ਹੈ।

ਕ੍ਰੈਡਿਟ ਸੂਇਸ ਨਾਲ ਕੀ ਹੋ ਰਿਹਾ ਹੈ ?

ਜਦੋਂ ਕਿ ਕ੍ਰੈਡਿਟ ਸੂਇਸ ਦੀਆਂ ਸਮੱਸਿਆਵਾਂ ਕੁਝ ਵੱਡੇ ਅਮਰੀਕੀ ਬੈਂਕਾਂ ਦੀ ਏੜੀ ’ਤੇ ਆਉਂਦੀਆਂ ਹਨ, ਸਵਿਸ ਬੈਂਕ ਦੀਆਂ ਸਮੱਸਿਆਵਾਂ ਬਾਕੀਆਂ ਨਾਲੋਂ ਬਹੁਤ ਵੱਖਰੀਆਂ ਹਨ।

ਜਦੋਂ ਘੋਟਾਲਿਆਂ ਦੀ ਸੂਚੀ ਵਿੱਚ ਇਸਦਾ ਨਾਮ ਵੇਖਣ ਦੀ ਗੱਲ ਆਉਂਦੀ ਹੈ ਤਾਂ ਕ੍ਰੈਡਿਟ ਸੂਇਸ ਇੱਕ ਬ੍ਰੇਕ ਨਹੀਂ ਫੜਦੀ ਜਾਪਦੀ ਹੈ।

ਕੋਕੀਨ ਮਨੀ ਲਾਂਡਰਿੰਗ ਤੋਂ ਲੈ ਕੇ ਜਾਸੂਸੀ ਤੱਕ, ਬੈਂਕ ਨੇ ਇਹ ਸਭ ਦੇਖਿਆ ਹੈ।ਇਹ ਅਮਰੀਕਾ, ਇੱਥੋਂ ਤੱਕ ਕਿ ਭਾਰਤ ਅਤੇ ਸਵਿਟਜ਼ਰਲੈਂਡ ਵਿੱਚ ਵੀ ਰੈਗੂਲੇਟਰੀ ਏਜੰਸੀਆਂ ਨੂੰ ਅਰਬਾਂ ਡਾਲਰ ਦਾ ਜੁਰਮਾਨਾ ਅਦਾ ਕਰ ਰਿਹਾ ਹੈ।

ਕ੍ਰੈਡਿਟ ਸੂਇਸ ਦੇ ਸਭ ਤੋਂ ਵੱਡੇ ਸ਼ੇਅਰ ਧਾਰਕ ਸਾਊਦੀ ਨੈਸ਼ਨਲ ਬੈਂਕ ਨੇ ਕਿਹਾ ਕਿ ਉਹ ਰੈਗੂਲੇਟਰੀ ਮੁੱਦਿਆਂ ਨੂੰ ਲੈ ਕੇ ਬੈਂਕ ਵਿੱਚ ਹੋਰ ਨਕਦੀ ਦਾ ਟੀਕਾ ਨਹੀਂ ਲਵੇਗਾ, ਇਸ ਤੋਂ ਬਾਅਦ ਤਾਜ਼ਾ ਗੜਬੜ ਹੋਈ ਹੈ।

ਇਸ ਨੇ ਪਹਿਲਾਂ ਹੀ ਉਛਲ ਰਹੇ (ਅਮਰੀਕਾ ਦੇ ਬੈਂਕ ਅਸਫਲਤਾਵਾਂ ਦੇ ਕਾਰਨ) ਨਿਵੇਸ਼ਕਾਂ ਵਿੱਚ ਦਹਿਸ਼ਤ ਪੈਦਾ ਕੀਤੀ,ਨਾਲ ਹੀ, ਕ੍ਰੈਡਿਟ ਸੂਇਸ ਦੇ ਯੂਐਸ ਸ਼ੇਅਰਧਾਰਕਾਂ ਨੇ ਹੁਣ ਬੈਂਕ ’ਤੇ ਇਹ ਦਾਅਵਾ ਕਰਦੇ ਹੋਏ ਧੋਖਾਧੜੀ ਲਈ ਮੁਕੱਦਮਾ ਕੀਤਾ ਹੈ ਕਿ ਉਸਨੇ ਆਪਣੀ ਵਿੱਤੀ ਸਥਿਤੀ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ ਹੈ।

ਸ਼ੇਅਰਧਾਰਕਾਂ ਨੇ ਕਿਹਾ ਕਿ ਬੈਂਕ ਨੇ ਕਈ ਘੋਟਾਲਿਆਂ ਤੋਂ ਬਾਅਦ ਨਿਵੇਸ਼ਕਾਂ ਨੂੰ ਮਹੱਤਵਪੂਰਨ ਗਾਹਕਾਂ ਦੀ ਨਿਕਾਸੀ ਬਾਰੇ ਸੂਚਿਤ ਨਹੀਂ ਕੀਤਾ।

ਹਫੜਾ-ਦਫੜੀ ਦੇ ਵਿਚਕਾਰ, ਸਵਿਸ ਕੇਂਦਰੀ ਬੈਂਕ 100 ਸਾਲ ਪੁਰਾਣੇ ਬੈਂਕ ਦੇ ਬਚਾਅ ਲਈ ਆਇਆ, ਉਸਨੇ ਐਮਰਜੈਂਸੀ ਫੰਡਾਂ ਦੇ ਰੂਪ ਵਿੱਚ 54 ਬਿਲੀਅਨ ਡਾਲਰ ਦੀ ਸਹਾਇਤਾ ਕੀਤੀ।

ਕ੍ਰੈਡਿਟ ਸੂਇਸ ਬੈਂਕ ਨੇ ਪਿਛਲੇ ਸਾਲ $ 7.8 ਬਿਲੀਅਨ ਦਾ ਨੁਕਸਾਨ ਕੀਤਾ ਸੀ, ਨੂੰ ਇੱਕ ਬੈਂਕ ਦੁਆਰਾ ਬਚਾਇਆ ਜਾ ਰਿਹਾ ਹੈ ਜਿਸ ਨੂੰ ਪਿਛਲੇ ਸਾਲ $ 143 ਬਿਲੀਅਨ ਦਾ ਨੁਕਸਾਨ ਹੋਇਆ ਸੀ।

# ਅਮਰੀਕੀ ਜ਼ਿੰਦਗੀ ਦੀ ਚਮਕ-ਦਮਕ ਪਿੱਛੇ ਡਰਾਉਣੀ ਹਕੀਕਤ ਉਦਾਸੀ ਤੇ ਡਿਪਰੈਸ਼ਨ



ਪ੍ਰੋ. ਬਲਵਿੰਦਰ ਪਾਲ ਸਿੰਘ
9815700916

## ਦੁਨੀਆ ਭਰ ਵਿੱਚ 246 ਮਿਲੀਅਨ ਲੋਕ ਮਾਨਸਿਕ ਰੋਗਾਂ ਤੋਂ ਪੀੜ੍ਹਤ

ਅਮਰੀਕੀ ਨੌਜਵਾਨਾਂ ਦੀ ਜੀਵਨ ਸ਼ੈਲੀ ਭਾਰਤ ਸਮੇਤ ਦੁਨੀਆ ਭਰ ਦੇ ਨੌਜਵਾਨਾਂ ਲਈ ਖਿੱਚ ਦਾ ਕੇਂਦਰ ਰਹੀ ਹੈ। ਇਸ ਅਮੀਰ ਦੇਸ਼ ਦਾ ਬੰਧਨਾਂ ਤੋਂ ਮੁਕਤ ਸਮਾਜ, ਬਹੁਤ ਮਸ਼ਹੂਰ ਵਿੱਦਿਅਕ ਅਦਾਰੇ ਭਾਰਤੀ ਨੌਜਵਾਨਾਂ ਦੀ ਖਿੱਚ ਦਾ ਕਾਰਣ ਹਨ ਪਰ ਅਸਲ ਤਸਵੀਰ ਬਹੁਤ ਡਰਾਵਣੀ ਹੈ। ਹੁਣੇ ਜਿਹੇ ਅਮਰੀਕਾ ਦੀ ਪ੍ਰਮੁੱਖ ਸਿਹਤ ਏਜੰਸੀ 'ਸੈਂਟਰਜ਼ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ' ਨੇ ਸਰਕਾਰੀ ਅੰਕੜਿਆਂ ਦੇ ਆਧਾਰ 'ਤੇ ਯੂਥ ਰਿਸਕ ਬਿਹੇਵੀਅਰ ਸਰਵੇਖਣ 2011-2021 ਦੀ ਰਿਪੋਰਟ ਜਾਰੀ ਕੀਤੀ ਹੈ।

ਇਹ ਰਿਪੋਰਟ ਸੰਯੁਕਤ ਰਾਜ ਅਮਰੀਕਾ ਦੇ ਹਾਈ ਸਕੂਲ ਦੇ ਵਿਦਿਆਰਥੀਆਂ ਬਾਰੇ ਇੱਕ ਸਰਵੇਖਣ ਦੇ ਅੰਕੜੇ ਪੇਸ਼ ਕਰਦੀ ਹੈ।ਇਹ ਰਿਪੋਰਟ ਦਰਸਾਉਂਦੀ ਹੈ ਕਿ 2011 ਵਿੱਚ, 28 ਪ੍ਰਤੀਸ਼ਤ ਅਮਰੀਕੀ ਹਾਈ ਸਕੂਲ ਦੇ ਵਿਦਿਆਰਥੀ ਲੰਬੇ ਸਮੇਂ ਤੋਂ ਉਦਾਸੀ ਅਤੇ ਨਿਰਾਸ਼ਾ ਕਾਰਣ ਪੀੜ੍ਹਤ ਸਨ, ਜੋ 2021 ਵਿੱਚ ਵੱਧ ਕੇ 42 ਪ੍ਰਤੀਸ਼ਤ ਹੋ ਗਏ। ਸਾਲ 2021 ਵਿੱਚ ਵਿਦਿਆਰਥਣਾਂ ਵਿੱਚ ਇਹ ਸਥਿਤੀ 57 ਫੀਸਦੀ ਤੱਕ ਦੇਖੀ ਗਈ। ਸਾਲ 2021 ਵਿੱਚ, ਸਾਰੇ ਮਰਦ ਵਿਦਿਆਰਥੀਆਂ ਵਿੱਚੋਂ 29 ਪ੍ਰਤੀਸ਼ਤ ਦੀ 'ਮਾੜੀ ਮਾਨਸਿਕ ਸਿਹਤ' ਸਥਿਤੀ ਪਾਈ ਗਈ, ਜਦੋਂ ਕਿ ਵਿਦਿਆਰਥਣਾਂ ਵਿੱਚ ਇਹ ਸਥਿਤੀ 41 ਪ੍ਰਤੀਸ਼ਤ ਪਾਈ ਗਈ।

2011 ਦੇ ਇੱਕ ਸਰਵੇਖਣ ਵਿੱਚ ਪਾਇਆ ਗਿਆ ਹੈ ਕਿ 16 ਪ੍ਰਤੀਸ਼ਤ ਅਮਰੀਕੀ ਹਾਈ ਸਕੂਲ ਦੇ ਵਿਦਿਆਰਥੀ (ਮੁੰਡੇ ਅਤੇ ਕੁੜੀਆਂ ਦੋਵੇਂ) ਗੰਭੀਰਤਾ ਨਾਲ ਆਤਮ ਹੱਤਿਆ ਦੀ ਕੋਸ਼ਿਸ਼ ਬਾਰੇ ਵਿਚਾਰ ਕਰ ਰਹੇ ਸਨ, ਜੋ ਕਿ 2021 ਵਿੱਚ 22 ਪ੍ਰਤੀਸ਼ਤ ਤੱਕ ਵੱਧ ਗਿਆ ਹੈ। ਵਿਦਿਆਰਥਣਾਂ ਵਿੱਚ ਇਹ 30 ਪ੍ਰਤੀਸ਼ਤ ਪਾਈ ਗਈ। ਦੂਜੇ ਸ਼ਬਦਾਂ ਵਿੱਚ, ਸਾਲ 2021 ਦੌਰਾਨ, ਲਗਭਗ ਇੱਕ ਤਿਹਾਈ ਅਮਰੀਕੀ ਹਾਈ ਸਕੂਲ ਦੀਆਂ ਕੁੜੀਆਂ ਨੇ ਗੰਭੀਰਤਾ ਨਾਲ ਖੁਦਕੁਸ਼ੀ ਬਾਰੇ ਸੋਚਿਆ ਹੋਵੇਗਾ। ਸਾਲ 2011 ਵਿੱਚ, 8 ਪ੍ਰਤੀਸ਼ਤ ਅਮਰੀਕੀ ਹਾਈ ਸਕੂਲ ਦੇ ਵਿਦਿਆਰਥੀਆਂ ਨੇ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ। ਸਾਲ 2021 ਵਿੱਚ, ਇਹ ਪ੍ਰਤੀਸ਼ਤਤਾ ਵੱਧ ਕੇ 10 ਹੋ ਗਈ।



ਦੂਜੇ ਸ਼ਬਦਾਂ ਵਿੱਚ, ਸਾਲ 2021 ਦੌਰਾਨ, 10 ਵਿੱਚੋਂ 1 ਅਮਰੀਕੀ ਹਾਈ ਸਕੂਲ ਵਿਦਿਆਰਥੀ ਖੁਦਕੁਸ਼ੀ ਦੀ ਕੋਸ਼ਿਸ਼ ਕਰਨ ਦਾ ਯਤਨ ਕੀਤਾ। ਇਹ ਬਹੁਤ ਹੀ ਹੈਰਾਨ ਕਰਨ ਵਾਲਾ ਅੰਕੜਾ ਹੈ। ਦੂਜੇ ਪਾਸੇ ਜੇਕਰ ਵਿਦਿਆਰਥਣਾਂ ਨਾਲ ਸਬੰਧਤ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਇਹ ਪ੍ਰਤੀਸ਼ਤਤਾ ਹੋਰ ਵੀ ਜ਼ਿਆਦਾ 13 ਫੀਸਦੀ ਤੋਂ ਵੀ ਵੱਧ ਪਾਈ ਗਈ।

ਇਹ ਅੰਕੜੇ ਦੱਸਦੇ ਹਨ ਕਿ ਅਮਰੀਕੀ ਨੌਜਵਾਨਾਂ ਅਤੇ ਖਾਸ ਕਰਕੇ ਹਾਈ ਸਕੂਲ ਦੇ ਵਿਦਿਆਰਥੀਆਂ ਦੇ ਜੀਵਨ ਵਿੱਚ ਬਾਹਰੀ ਚਮਕ ਦੇ ਪਿੱਛੇ, ਉਨ੍ਹਾਂ ਦੀ ਅਸਲ ਸਥਿਤੀ ਬਹੁਤ ਚਿੰਤਾਜਨਕ ਹੈ।ਉਹ ਮਾਨਸਿਕ ਤੌਰ ਉਪਰ ਬਿਮਾਰ ਹਨ। ਉਸ ਦੇ ਜੀਵਨ ਵਿੱਚ ਡੂੰਘੀ ਉਦਾਸੀ ਅਤੇ ਸਟਰੈਸ ਹੈ। ਇੰਨਾ ਹੀ ਨਹੀਂ ਵਿਦਿਆਰਥਣਾਂ ਵਿੱਚ ਇਹ ਰੁਝਾਨ ਹੋਰ ਵੀ ਜ਼ਿਆਦਾ ਹੈ। ਇਸ ਸੰਦਰਭ ਵਿੱਚ ਅਮਰੀਕੀ ਸਮਾਜ ਨੂੰ ਡੂੰਘਾਈ ਨਾਲ ਸੋਚਣਾ ਚਾਹੀਦਾ ਹੈ ਕਿ ਉਚ ਆਮਦਨ ਅਤੇ ਖਪਤ ਦੇ ਬਾਵਜੂਦ ਉਥੋਂ ਦੇ ਨੌਜਵਾਨਾਂ ਵਿੱਚ ਇੰਨਾ ਦਰਦ ਅਤੇ ਸਟਰੈਸ ਕਿਉਂ ਹੈ।

ਇੰਨਾ ਹੀ ਨਹੀਂ, ਅਮਰੀਕਾ ਦੇ ਚੋਟੀ ਦੇ ਬੱਚਿਆਂ ਦੀ ਸਿਹਤ ਸੰਸਥਾਵਾਂ ਨੇ ਚੇਤਾਵਨੀ ਦਿੱਤੀ ਹੈ ਕਿ ਬੱਚਿਆਂ ਦੀ ਮਾਨਸਿਕ ਸਿਹਤ ਦੇ ਨਜ਼ਰੀਏ ਤੋਂ ਅਮਰੀਕਾ ਵਿੱਚ ਇਸ ਸਮੇਂ ਮਾਨਸਿਕ ਸਿਹਤ ਸੰਬੰਧੀ ਐਮਰਜੈਂਸੀ ਦੀ ਸਥਿਤੀ ਹੈ। ਪਰ ਅਮਰੀਕਾ ਸਰਕਾਰ ਕੋਲ ਇਸ ਦਾ ਹਲ ਨਹੀਂ। ਡਾਕਟਰ ਸਿਰਫ ਲਛਣਾਂ ਦਾ ਇਲਾਜ ਕਰਦੇ ਹਨ ,ਪਰ ਮਾਨਸਿਕ ਸਿਹਤ ਦੇ ਵਿਗਾੜ ਦੇ ਅਸਲੀ ਕਾਰਣਾਂ ਨੂੰ ਨਹੀਂ ਟੋਲ ਸਕੇ।ਅਮਰੀਕਾ ਦੇ ਸਰਕਾਰੀ ਪੱਧਰ ਦੇ ਅੰਕੜਿਆਂ 'ਤੇ ਆਧਾਰਿਤ ਸਰਵੇਖਣ ਰਿਪੋਰਟ ਇਹ ਵੀ ਦਰਸਾਉਂਦੀ ਹੈ ਕਿ ਵਿਕਾਸਸ਼ੀਲ ਦੇਸ਼ਾਂ ਦੇ ਨੌਜਵਾਨਾਂ ਲਈ ਬਾਹਰੀ ਚਮਕ ਦਮਕ ਦੇ ਭਰਮ ਜਾਲ ਪਿੱਛੇ ਕਿੰਨੀਆਂ ਤਕਲੀਫ਼ਾਂ ਤੇ ਦੁੱਖ ਛੁਪੇ ਹਨ, ਇਸ ਤੋਂ ਬਚਣਾ ਕਿੰਨਾ ਜ਼ਰੂਰੀ ਹੈ।

ਇਹ ਵੀ ਹਕੀਕਤ ਹੈ ਕਿ ਇਸ ਸਦੀ ਵਿੱਚ ਪੱਛਮੀਕਰਨ ਤੇ ਸੰਸਾਰੀਕਰਨ ਕਾਰਣ ਸੰਸਾਰ ਭਰ ਵਿੱਚ ਮਨੋਰੋਗੀਆਂ ਦੀ ਗਿਣਤੀ ਦਿਨੋਂ-ਦਿਨ ਵਧ ਰਹੀ ਹੈ। ਇਕ ਰਿਪੋਰਟ ਅਨੁਸਾਰ ਦੁਨੀਆ ਭਰ ਵਿਚ 246 ਮਿਲੀਅਨ ਲੋਕ ਮਾਨਸਿਕ ਰੋਗਾਂ ਤੋਂ ਪੀੜ੍ਹਤ ਹਨ ਤੇ ਹਰ ਪੰਜ ਬੱਚਿਆਂ 'ਚੋਂ ਇਕ ਮਾਨਸਿਕ ਤਣਾਅ ਹੰਢਾ ਰਿਹਾ ਹੈ। 15 ਤੋਂ 25 ਸਾਲ ਦੀ ਉਮਰ ਦੇ ਬੱਚੇ ਜਾਂ ਨੌਜਵਾਨ ਅੱਜ ਕੱਲ੍ਹ ਗੰਭੀਰ ਮਾਨਸਿਕ ਤਣਾਅ ਵਿੱਚ ਰਹਿੰਦੇ ਹਨ। ਹੁਣ ਤਾਂ 14 ਸਾਲ ਤੋਂ ਘੱਟ ਉਮਰ ਦੇ ਬੱਚੇ ਵੀ ਮਾਨਸਿਕ ਤਣਾਅ ਵਿੱਚ ਰਹਿੰਦੇ ਹਨ। ਇਹ ਸੱਚ ਹੈ ਕਿ ਸੰਸਾਰੀਕਰਨ ਦੇ ਯੁਗ ਕਾਰਣ ਮਨੁੱਖ ਰੋਬੋਟ ਦੀ ਤਰ੍ਹਾਂ ਹੋ ਗਿਆ ਹੈ। ਪਦਾਰਥਵਾਦੀ ਦੌੜ, ਮਹਿੰਗਾਈ, ਭ੍ਰਿਸ਼ਟ-ਤੰਤਰ, ਅਸ਼ਲੀਲਤਾ, ਰਿਸ਼ਤਿਆਂ ਦੀ ਟੁੱਟ-ਭੱਜ, ਇਕੱਲਤਾ , ਬੇਲੋੜੀਆਂ ਇੱਛਾਵਾਂ, ਸਬਰ ਸੰਤੋਖ ਦੀ ਘਾਟ ਆਦਿ ਸਭ ਮਨੁੱਖ ਨੂੰ ਮਨੋਰੋਗੀ ਬਣਾ ਰਹੇ ਹਨ ਅਤੇ ਆਤਮ ਹੱਤਿਆਵਾਂ, ਗੁੱਸਾ, ਤਲਾਕ, ਲੁੱਟ-ਖਸੁੱਟ, ਅਪਰਾਧ, ਆਦਿ ਸਮਸਿਆਵਾਂ ਇਸ ਕਾਰਣ ਵਧ ਰਹੀਆਂ ਹਨ।

ਸਤਿਗੁਰਾਂ ਦਾ ਫ਼ੁਰਮਾਨ ਹੈ : ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ॥ ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ॥ (ਪੰਨਾ 755)

ਅੰਗਰੇਜ਼ੀ ਦੀ ਪ੍ਰਸਿੱਧ ਪਤ੍ਰਿਕਾ 'ਸਾਇੰਸ ਐਂਡ ਹੈਲਥ' ਵਿੱਚ ਮੈਰੀ ਬੇਕਰ ਐਂਡੀ ਦਾ ਇੱਕ ਕਥਨ ਹੈ "ਪਰਮਾਤਮਾ ਹੀ ਮਨ ਹੈ ਤੇ ਰਬ ਬੇਅੰਤ ਹੈ, ਇਸ ਪ੍ਰਕਾਰ ਸਭ ਕੁਝ ਮਨ ਹੀ ਹੈ।"ਮਨ ਦੀ ਅਡੋਲਤਾ ਦਾ ਹੋਣਾ ਸਭ ਤੋਂ ਉਚੀ ਸਥਿਤੀ ਹੁੰਦੀ ਹੈ। ਇਸ ਤਰ੍ਹਾਂ ਪ੍ਰਸਿੱਧ ਇਨਕਲਾਬੀ ਲੇਖਕ ਰੂਸੋ ਦੇ ਇਹ ਸ਼ਬਦ ਬਹੁਤ ਸਾਰਥਕ ਹਨ "ਇੱਕ ਕਮਜ਼ੋਰ ਸਰੀਰ ਵਿੱਚ ਮਨ ਵੀ ਨਿਤਾਣਾ ਹੋ ਜਾਂਦਾ ਹੈ।" ਗੁਰਬਾਣੀ ਅਨੁਸਾਰ ਜਦੋਂ ਮਨ ਦੀ ਅਵਸਥਾ ਨਿਤਾਣੀ ਹੋ ਕੇ ਡਾਵਾਂਡੋਲ ਹੋ ਜਾਂਦੀ ਹੈ ਤਾਂ ਉਸ ਸਮੇਂ ਮਨ ਦੀ ਚੰਚਲਤਾ ਜੀਵ ਨੂੰ ਪ੍ਰੇਸ਼ਾਨ ਕਰਦੀ ਹੈ। ਗੁਰਬਾਣੀ ਵਿੱਚ ਮਨ ਨੂੰ ਇੱਕ ਬਾਂਦਰ ਨਾਲ ਤੁਲਨਾ ਦਿੱਤੀ ਗਈ ਹੈ, ਜੋ ਇੱਕ ਬਾਂਸ ਨਾਲ ਬੰਨ੍ਹਿਆ ਹੁੰਦਾ ਹੈ। ਉਹ ਘੜੀ-ਮੁੜੀ ਉਸ 'ਤੇ ਚੜ੍ਹਦਾ ਤੇ ਉਤਰਦਾ ਹੈ। ਚੰਚਲ ਮਨ ਨਾਲ ਹੀ ਮਨੁੱਖ ਵਿੱਚ ਸਦਾਚਾਰਕ ਗੁਣਾਂ ਦਾ ਅਭਾਵ ਹੋ ਜਾਂਦਾ ਹੈ। ਵਿਅਕਤੀ ਨੂੰ ਹਰ ਸਮੇਂ ਆਪਣੇ ਮਨ ਦੇ ਸ਼ੀਸ਼ੇ ਵਿੱਚੋਂ ਝੂਠ ਜਾਂ ਸੱਚ ਦੀ ਤਸਵੀਰ ਮਿਲਦੀ ਹੈ, ਇਹ ਉਸ 'ਤੇ ਹੀ ਨਿਰਭਰ ਕਰਦਾ ਹੈ ਕਿ ਉਹ ਕਿਹੜੇ ਰਸਤੇ ਨੂੰ ਚੁਣਦਾ ਹੈ। -

ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਵਾਰੁ॥ ਮਨੁ ਦਾਤਾ ਮਨੁ ਮੰਗਤਾ ਮਨੁ ਸਿਰਿ ਗੁਰੂ ਕਰਤਾਰੁ॥ ਪੰਚ ਮਾਰਿ ਸੁਖੁ ਪਾਇਆ ਐਸਾ ਬ੍ਰਹਮੁ ਵੀਚਾਰੁ॥ (ਪੰਨਾ 1330)

ਮਨ ਕੀ ਹੈ ? ਸਤਿਗੁਰੂ ਨਾਨਕ ਜੀ ਸਮਝਾਉਂਦੇ ਹਨ ਕਿ ਕਦੀ ਇਹ ਮਨ (ਭਾਵ ਮਨੁੱਖ ਦੇ ਫੁਰਨੇ) ਦੁਨੀਆਂ ਤੋਂ ਉਦਾਸ ਜੋਗੀ, ਕਦੀ ਦੁਨੀਆਂ ਦੇ ਭੋਗਾਂ ਵਿੱਚ ਪਰਵਿਰਤ ਹੁੰਦਾ, ਕਦੀ ਮਨ ਦੀ ਭਟਕਣਾ ਕਾਰਣ ਮਨੁੱਖ ਮੂਰਖਤ ਹੋ ਜਾਂਦਾ ਹੈ। ਕਦੀ ਮਾਇਆ ਦੀ ਖੁਮਾਰੀ ਵਿੱਚ ਦਾਤਾ ਬਣਦਾ ਹੈ ਤੇ ਕਦੀ ਮੰਗਤਾ ਬਣ ਜਾਂਦਾ ਹੈ। ਪਰ ਜਿੰਨਾ ਚਿਰ ਮਨ ਦੇ ਸਿਰ ਉਪਰ ਗੁਰੂ-ਕਰਤਾਰ ਦੇ

# ਭਾਰਤ ਵਿੱਚ 'ਮਹੱਤਵਪੂਰਨ ਮਨੁੱਖੀ ਅਧਿਕਾਰਾਂ' ਨਾਲ ਦੁਰਵਿਵਹਾਰ : ਯੂਐਸ ਰਿਪੋਰਟ

ਸੰਯੁਕਤ ਰਾਜ ਦੇ ਵਿਦੇਸ਼ ਵਿਭਾਗ ਦੁਆਰਾ ਸੋਮਵਾਰ, 20 ਮਾਰਚ ਨੂੰ ਜਾਰੀ ਮਨੁੱਖੀ ਅਧਿਕਾਰਾਂ ਦੀ ਅਮਰੀਕੀ ਰਿਪੋਰਟ ਵਿੱਚ ਭਾਰਤ 'ਚ 'ਮਹੱਤਵਪੂਰਣ ਮਨੁੱਖੀ ਅਧਿਕਾਰ ਮੁੱਦਿਆਂ' ਅਤੇ ਦੁਰਵਿਵਹਾਰ ਨੂੰ ਸੂਚੀਬੱਧ ਕੀਤਾ ਗਿਆ ਹੈ, ਜਿਸ ਵਿੱਚ ਧਾਰਮਿਕ ਘੱਟ ਗਿਣਤੀਆਂ ਅਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਦੀ ਗੱਲ ਕੀਤੀ ਗਈ ਹੈ।ਇਹ ਖੋਜ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਦੇ ਲਗਭਗ ਇੱਕ ਸਾਲ ਬਾਅਦ ਸਾਹਮਣੇ ਆਈ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਉਸ ਗੱਲ ਦੀ ਨਿਗਰਾਨੀ ਕਰ ਰਿਹਾ ਹੈ ਜਿਸ ਵਿੱਚ ਸ਼ਾਮਿਲ ਭਾਰਤ ਸਰਕਾਰ, ਪੁਲਿਸ ਅਤੇ ਜੇਲ੍ਹ ਅਧਿਕਾਰੀਆਂ ਦੁਆਰਾ ਮਨੁੱਖੀ ਅਧਿਕਾਰਾਂ ਦੇ ਘਾਣ ਵਿੱਚ ਵਾਧਾ ਹੋਇਆ। ਸਿੱਧੇ ਤੌਰ ਉੱਤੇ ਵਾਸ਼ਿੰਗਟਨ ਦੁਆਰਾ ਏਸ਼ੀਆਈ ਰਾਸ਼ਟਰ ਦੇ ਅਧਿਕਾਰਾਂ ਦੀ ਨਿੰਦਾ ਹੈ। ਇਸ ਰਿਪੋਰਟ ਮੁਤਾਬਕ ਪ੍ਰੈਸ ਦੀ ਆਜ਼ਾਦੀ ਨੂੰ ਚੁਣੌਤੀਆਂ ਅਤੇ ਹਿੰਸਾ ਮੁੱਖ ਰੂਪ 'ਚ ਸ਼ਾਮਲ ਹਨ। ਜੋ ਧਾਰਮਿਕ ਅਤੇ ਨਸਲੀ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ।

ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੇ ਮਹੱਤਵਪੂਰਨ ਮੁੱਦਿਆਂ ਵਿੱਚ ਸਰਕਾਰ ਜਾਂ ਇਸਦੇ ਏਜੰਟਾਂ ਦੁਆਰਾ ਗੈਰ-ਨਿਆਇਕ ਹੱਤਿਆਵਾਂ ਕਰਨ ਦੀਆਂ ਭਰੋਸੇਯੋਗ ਰਿਪੋਰਟਾਂ ਇਸ ਵਿਚ ਸ਼ਾਮਲ ਹਨ ਜਿਵੇਂ ਪੁਲਿਸ ਅਤੇ ਜੇਲ੍ਹ ਅਧਿਕਾਰੀਆਂ ਦੁਆਰਾ ਤਸ਼ੱਦਦ ਜਾਂ ਬੇਰਹਿਮ, ਅਣਮਨੁੱਖੀ ਜਾਂ ਅਪਮਾਨਜਨਕ ਸਲੂਕ ਜਾਂ ਸਜ਼ਾ; ਸਿਆਸੀ ਕੈਦੀ ਜਾਂ ਨਜ਼ਰਬੰਦ ਅਤੇ ਪੱਤਰਕਾਰਾਂ ਦੀਆਂ ਗੈਰ-ਵਾਜਬ ਗ੍ਰਿਫਤਾਰੀਆਂ ਜਾਂ ਮੁਕੱਦਮੇ ਚਲਾਏ ਗਏ ਹਨ ਇਸ ਸਭ ਨੂੰ ਯੂਐਸ ਰਿਪੋਰਟ ਵਿੱਚ ਸ਼ਾਮਲ ਕੀਤਾ ਗਿਆ ਹੈ।ਐਡਵੋਕੇਸੀ ਗਰੁੱਪਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਿੰਦੂ ਰਾਸ਼ਟਰਵਾਦੀ ਭਾਰਤੀ ਜਨਤਾ ਪਾਰਟੀ ਦੇ ਅਧੀਨ ਹਾਲ ਹੀ ਦੇ ਸਾਲਾਂ ਵਿੱਚ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਵਿਗੜ ਰਹੀ ਸਥਿਤੀ ਨੂੰ ਦੇਖ ਕੇ ਚਿੰਤਾ ਜ਼ਾਹਰ ਕੀਤੀ ਹੈ।








ਹਿਊਮਨ ਰਾਈਟਸ ਵਾਚ ਅਨੁਸਾਰ, ਭਾਰਤ ਸਰਕਾਰ ਦੀਆਂ ਨੀਤੀਆਂ ਅਤੇ ਕਾਰਵਾਈਆਂ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ ਜਦਕਿ ਮੋਦੀ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਉਸਦੀ ਹਿੰਦੂ ਰਾਸ਼ਟਰਵਾਦੀ ਸੱਤਾਧਾਰੀ ਪਾਰਟੀ ਨੇ 2014 ਵਿੱਚ ਸੱਤਾ ਵਿੱਚ ਆਉਣ ਤੋਂ ਬਾਅਦ ਧਾਰਮਿਕ ਧਰੁਵੀਕਰਨ ਨੂੰ ਉਤਸ਼ਾਹਿਤ ਕੀਤਾ ਹੈ।

ਆਲੋਚਕ 2019 ਦੇ ਨਾਗਰਿਕਤਾ ਕਾਨੂੰਨ ਵੱਲ ਇਸ਼ਾਰਾ ਕਰਦੇ ਹਨ ਜਿਸਨੂੰ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਦਫਤਰ ਨੇ ਗੁਆਂਢੀ ਦੇਸ਼ਾਂ ਦੇ ਮੁਸਲਿਮ ਪ੍ਰਵਾਸੀਆਂ ਨੂੰ ਛੱਡ ਕੇ 'ਬੁਨਿਆਦੀ ਤੌਰ 'ਤੇ ਵਿਤਕਰੇ ਵਾਲਾ' ਦੱਸਿਆ ਹੈ; ਧਰਮ ਪਰਿਵਰਤਨ ਵਿਰੋਧੀ ਕਾਨੂੰਨ ਜੋ ਵਿਸ਼ਵਾਸ ਦੀ ਆਜ਼ਾਦੀ ਦੇ ਸੰਵਿਧਾਨਕ ਤੌਰ 'ਤੇ ਸੁਰੱਖਿਅਤ ਅਧਿਕਾਰ ਨੂੰ ਚੁਣੌਤੀ ਦਿੰਦਾ ਹੈ ਅਤੇ ਜਿਸ ਵਿਚ 2019 'ਚ ਮੁਸਲਿਮ ਬਹੁਗਿਣਤੀ ਵਾਲੇ ਕਸ਼ਮੀਰ ਦਾ ਵਿਸ਼ੇਸ਼ ਦਰਜਾ ਰੱਦ ਕਰਨਾ।ਸਰਕਾਰ ਇਹ ਕਹਿ ਕੇ ਦੋਸ਼ਾਂ ਨੂੰ ਖਾਰਜ ਕਰਦੀ ਹੈ ਕਿ ਉਸ ਦੀਆਂ ਨੀਤੀਆਂ ਦਾ ਉਦੇਸ਼ ਸਾਰੇ ਭਾਈਚਾਰਿਆਂ ਦਾ ਵਿਕਾਸ ਕਰਨਾ ਹੈ।

> ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਨੂੰਨ ਮਨੁੱਖੀ ਅਧਿਕਾਰਾਂ ਅਤੇ ਵਿਅਕਤੀਆਂ ਜਾਂ ਸਮੂਹਾਂ ਦੀਆਂ ਬੁਨਿਆਦੀ ਆਜ਼ਾਦੀਆਂ ਨੂੰ ਉਤਸ਼ਾਹਿਤ ਕਰਨ ਅਤੇ ਸੁਰੱਖਿਅਤ ਕਰਨ ਲਈ, ਕੁਝ ਤਰੀਕਿਆਂ ਨਾਲ ਕੰਮ ਕਰਨ ਜਾਂ ਕੁਝ ਕਾਰਵਾਈਆਂ ਤੋਂ ਬਚਣ ਲਈ ਸਰਕਾਰਾਂ ਦੀਆਂ ਜ਼ਿੰਮੇਵਾਰੀਆਂ ਨਿਰਧਾਰਤ ਕਰਦਾ ਹੈ। ਸੰਯੁਕਤ ਰਾਸ਼ਟਰ ਦੀਆਂ ਮਹਾਨ ਪ੍ਰਾਪਤੀਆਂ ਵਿੱਚੋਂ ਇੱਕ ਮਨੁੱਖੀ ਅਧਿਕਾਰਾਂ ਦੇ ਕਾਨੂੰਨ ਦੀ ਇੱਕ ਵਿਆਪਕ ਸੰਸਥਾ ਦੀ ਸਿਰਜਣਾ ਹੈ - ਇੱਕ ਵਿਆਪਕ ਅਤੇ ਅੰਤਰਰਾਸ਼ਟਰੀ ਤੌਰ 'ਤੇ ਸੁਰੱਖਿਅਤ ਕੋਡ ਜਿਸਦੀ ਸਾਰੀਆਂ ਕੌਮਾਂ ਮੈਂਬਰ ਬਣ ਸਕਦੀਆਂ ਹਨ ਅਤੇ ਸਾਰੇ ਲੋਕ ਇੱਛਾ ਅਨੁਸਾਰ ਭਾਗ ਲੈ ਸਕਦੇਂ ਹਨ। ਸੰਯੁਕਤ ਰਾਸ਼ਟਰ ਨੇ ਨਾਗਰਿਕ, ਸੱਭਿਆਚਾਰਕ, ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਅਧਿਕਾਰਾਂ ਸਮੇਤ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਵਾਨਿਤ ਅਧਿਕਾਰਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਪਰਿਭਾਸ਼ਿਤ ਕੀਤਾ ਹੈ। ਇਹਨਾਂ ਅਧਿਕਾਰਾਂ ਨੂੰ ਪ੍ਰੋਤਸਾਹਿਤ ਕਰਨ ਅਤੇ ਉਹਨਾਂ ਦੀ ਰੱਖਿਆ ਕਰਨ ਅਤੇ ਰਾਜਾਂ ਨੂੰ ਉਹਨਾਂ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਸਹਾਇਤਾ ਕਰਨ ਲਈ ਵਿਧੀ ਵੀ ਸਥਾਪਿਤ ਕੀਤੀ ਹੈ।
>
> ਕਾਨੂੰਨ ਦੀ ਇਸ ਸੰਸਥਾ ਦੀ ਬੁਨਿਆਦ ਸੰਯੁਕਤ ਰਾਸ਼ਟਰ ਦਾ ਚਾਰਟਰ ਅਤੇ ਮਨੁੱਖੀ ਅਧਿਕਾਰਾਂ ਦਾ ਵਿਸ਼ਵਵਿਆਪੀ ਘੋਸ਼ਣਾ ਪੱਤਰ ਹਨ, ਕ੍ਰਮਵਾਰ 1945 ਅਤੇ 1948 ਵਿੱਚ ਜਨਰਲ ਅਸੈਂਬਲੀ ਦੁਆਰਾ ਅਪਣਾਇਆ ਗਿਆ। ਉਦੋਂ ਤੋਂ, ਸੰਯੁਕਤ ਰਾਸ਼ਟਰ ਨੇ ਹੌਲੀ-ਹੌਲੀ ਔਰਤਾਂ, ਬੱਚਿਆਂ, ਅਪਾਹਜ ਵਿਅਕਤੀਆਂ, ਘੱਟ ਗਿਣਤੀਆਂ ਅਤੇ ਹੋਰ ਕਮਜ਼ੋਰ ਸਮੂਹਾਂ ਲਈ ਵਿਸ਼ੇਸ਼ ਮਾਪਦੰਡਾਂ ਨੂੰ ਸ਼ਾਮਲ ਕਰਨ ਲਈ ਮਨੁੱਖੀ ਅਧਿਕਾਰ ਕਾਨੂੰਨ ਦਾ ਵਿਸਥਾਰ ਕੀਤਾ ਹੈ, ਜਿਨ੍ਹਾਂ ਕੋਲ ਹੁਣ ਅਜਿਹੇ ਅਧਿਕਾਰ ਹਨ ਜੋ ਉਨ੍ਹਾਂ ਨੂੰ ਵਿਤਕਰੇ ਤੋਂ ਬਚਾਉਂਦੇ ਹਨ ਜੋ ਕਿ ਬਹੁਤ ਸਾਰੇ ਸਮਾਜਾਂ ਵਿੱਚ ਲੰਬੇ ਸਮੇਂ ਤੋਂ ਆਮ ਸੀ।

2022 ਵਿੱਚ, ਅਧਿਕਾਰੀਆਂ ਨੇ ਭਾਰਤ ਦੇ ਕੁਝ ਹਿੱਸਿਆਂ ਵਿੱਚ ਗੈਰ-ਕਾਨੂੰਨੀ ਦੁਕਾਨਾਂ ਅਤੇ ਸੰਪਤੀਆਂ ਨੂੰ ਵੀ ਢਾਹ ਦਿੱਤਾ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਮੁਸਲਮਾਨਾਂ ਦੀ ਮਲਕੀਅਤ ਸਨ। ਆਲੋਚਕਾਂ ਦਾ ਕਹਿਣਾ ਹੈ ਕਿ ਢਾਹੁਣ ਦੀ ਮੁਹਿੰਮ ਭਾਰਤ ਦੇ 20 ਕਰੋੜ ਮੁਸਲਮਾਨਾਂ ਨੂੰ ਡਰਾਉਣ ਦੀ ਕੋਸ਼ਿਸ਼ ਸੀ। ਸਰਕਾਰ ਨੇ ਢਾਹੇ ਜਾਣ ਦਾ ਬਚਾਅ ਕਰਦਿਆਂ ਕਿਹਾ ਕਿ ਉਹ ਕਾਨੂੰਨ ਨੂੰ ਲਾਗੂ ਕਰ ਰਹੇ ਹਨ।

ਮਨੁੱਖੀ ਅਧਿਕਾਰ ਕਾਰਕੁੰਨਾਂ ਨੇ ਰਿਪੋਰਟ ਕੀਤੀ ਕਿ ਸਰਕਾਰ ਕਥਿਤ ਤੌਰ 'ਤੇ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਨਿਸ਼ਾਨਾ ਬਣਾ ਰਹੀ ਹੈ ਅਤੇ ਉਨ੍ਹਾਂ ਦੇ ਘਰਾਂ ਅਤੇ ਰੋਜ਼ੀ-ਰੋਟੀ ਨੂੰ ਤਬਾਹ ਕਰਨ ਲਈ ਬੁਲਡੋਜ਼ਰਾਂ ਦੀ ਵਰਤੋਂ ਕਰ ਰਹੀ ਹੈ, ਬਿਨਾਂ ਉਚਿਤ ਪ੍ਰਕਿਰਿਆ ਦੇ, ਅਮਰੀਕੀ ਰਿਪੋਰਟ ਸੋਮਵਾਰ ਨੂੰ ਜਾਰੀ ਕੀਤੀ ਗਈ।ਜਦੋਂ ਤੋਂ ਮੋਦੀ ਨੇ 2014 ਵਿੱਚ ਅਹੁਦਾ ਸੰਭਾਲਿਆ ਹੈ, ਭਾਰਤ ਵਿਸ਼ਵ ਪ੍ਰੈੱਸ ਫ੍ਰੀਡਮ ਇੰਡੈਕਸ ਵਿੱਚ 140ਵੇਂ ਸਥਾਨ ਤੋਂ ਖਿਸਕ ਗਿਆ ਹੈ, ਜੋ ਕਿ ਗੈਰ-ਲਾਭਕਾਰੀ ਰਿਪੋਰਟਰਜ਼ ਵਿਦਾਊਟ ਬਾਰਡਰਜ਼ ਦੁਆਰਾ ਸਾਲਾਨਾ ਦਰਜਾਬੰਦੀ ਹੈ, ਪਿਛਲੇ ਸਾਲ 150ਵੇਂ ਸਥਾਨ 'ਤੇ ਆ ਗਿਆ ਹੈ, ਇਹ ਹੁਣ ਤੱਕ ਦਾ ਸਭ ਤੋਂ ਘੱਟ ਹੈ। ਇੰਟਰਨੈਟ ਐਡਵੋਕੇਸੀ ਵਾਚਡੌਗ ਐਕਸੈਸ ਨਾਓ ਦਾ ਕਹਿਣਾ ਹੈ ਕਿ ਭਾਰਤ ਲਗਾਤਾਰ ਪੰਜ ਸਾਲਾਂ ਲਈ ਦੁਨੀਆ ਵਿੱਚ ਸਭ ਤੋਂ ਵੱਧ ਇੰਟਰਨੈਟ ਬੰਦ ਕਰਨ ਦੀ ਸੂਚੀ ਵਿੱਚ ਵੀ ਸਿਖਰ 'ਤੇ ਹੈ, ਜਿਸ ਵਿੱਚ 2022 ਵੀ ਸ਼ਾਮਲ ਹੈ।

(ਬਾਕੀ ਸਫ਼ਾ 30 'ਤੇ)

# ਇਤਿਹਾਸ 'ਚ ਚੋਟੀ ਦੇ 10 ਸਭ ਤੋਂ ਘਾਤਕ ਭੂਚਾਲ





ਦੁਨੀਆਂ ਦੇ ਵੱਖ ਵੱਖ ਇਲਾਕਿਆਂ ਵਿੱਚ ਅਕਸਰ ਭੂਚਾਲ ਆਉਣ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ, ਜਿਹਨਾਂ ਵਿੱਚ ਕਈ ਵਾਰੀ ਕਾਫੀ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਹੈ। ਇਥੇ ਅਸੀਂ ਦੁਨੀਆਂ ਦੇ 10 ਸਭ ਤੋਂ ਖਤਰਨਾਕ ਭੂਚਾਲਾਂ ਬਾਰੇ ਜਾਣਕਾਰੀ ਦੇ ਰਹੇ ਹਾਂ, ਜਿਹਨਾਂ ਵਿੱਚ ਕਾਫੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਸੀ।

**ਅਫਗਾਨਿਸਤਾਨ** : ਸਭ ਤੋਂ ਪਹਿਲਾਂ ਗਲ ਕਰਦੇ ਹਾਂ ਅਫਗਾਨਿਸਤਾਨ ਵਿੱਚ ਆਏ ਭੂਚਾਲ ਦੀ।

ਅਫਗਾਨਿਸਤਾਨ ਦੇ ਲੋਕ ਦਹਾਕਿਆਂ ਦੀ ਜੰਗ ਤੋਂ ਲੈ ਕੇ ਗਰੀਬੀ ਤੱਕ ਕੁਝ ਦੁਖਦਾਈ ਦੌਰ ਵਿੱਚੋਂ ਗੁਜ਼ਰ ਰਹੇ ਹਨ। ਹਾਲਾਂਕਿ, ਸੰਕਟ ਕਦੇ ਵੀ ਜਲਦੀ ਖਤਮ ਹੁੰਦਾ ਨਹੀਂ ਜਾਪਦਾ। ਪਿਛਲੇ ਸਾਲ 22 ਜੂਨ ਨੂੰ ਪੂਰਬੀ ਅਫਗਾਨਿਸਤਾਨ ਦੇ ਇੱਕ ਪਹਾੜੀ ਅਤੇ ਦੂਰ-ਦੁਰਾਡੇ ਖੇਤਰ ਵਿੱਚ 5.9 ਤੀਬਰਤਾ ਦਾ ਇੱਕ ਸ਼ਕਤੀਸ਼ਾਲੀ ਭੂਚਾਲ ਆਇਆ। ਭੂਚਾਲ ਵਿੱਚ ਘੱਟੋ-ਘੱਟ 1,000 ਤੋਂ ਵੱਧ ਲੋਕ ਮਾਰੇ ਗਏ ਸਨ ਅਤੇ 1,500 ਤੋਂ ਵੱਧ ਲੋਕ ਜ਼ਖਮੀ ਹੋਏ ਸਨ।

6 ਤੋਂ ਵੱਧ ਤੀਬਰਤਾ ਵਾਲੇ ਭੂਚਾਲਾਂ ਨੂੰ ਅਕਸਰ ਗੰਭੀਰ ਮੰਨਿਆ ਜਾਂਦਾ ਹੈ। ਹਾਲਾਂਕਿ, 5.9 ਤੀਬਰਤਾ ਵਾਲਾ ਭੂਚਾਲ ਅਫਗਾਨਿਸਤਾਨ ਜਾਂ ਦੁਨੀਆ ਨੂੰ ਪ੍ਰਭਾਵਿਤ ਕਰਨ ਵਾਲਾ ਸਭ ਤੋਂ ਸ਼ਕਤੀਸ਼ਾਲੀ ਭੂਚਾਲ ਨਹੀਂ ਸੀ ਪਰ ਅਫਗਾਨਿਸਤਾਨ ਵਿੱਚ ਕਰੀਬ ਦੋ ਦਹਾਕਿਆਂ ਵਿੱਚ ਇਹ ਪਹਿਲਾ ਸਭ ਤੋਂ ਘਾਤਕ ਭੂਚਾਲ ਸੀ। ਅਜਿਹਾ ਸਭ ਤੋਂ ਭਿਆਨਕ ਭੂਚਾਲ 1991 ਵਿੱਚ ਆਇਆ ਸੀ, ਜਦੋਂ 800 ਤੋਂ ਵੱਧ ਲੋਕ ਮਾਰੇ ਗਏ ਸਨ।

ਸਾਲ 1998 ਵਿੱਚ ਵੀ ਅਫਗਾਨਿਸਤਾਨ ਦੇ ਹਿੰਦੂ ਕੁਸ਼ ਖੇਤਰ ਵਿੱਚ ਦੋ ਭੂਚਾਲ ਆਏ ਸਨ, ਕੁਝ ਮਹੀਨਿਆਂ ਦੇ ਅੰਤਰਾਲ ਵਿੱਚ। ਇਹ ਹਿੰਦੂ ਕੁਸ਼ ਖੇਤਰ ਵਿੱਚ ਆਉਣ ਵਾਲਾ ਹਾਲੀਆ ਇਤਿਹਾਸ ਵਿੱਚ ਸਭ ਤੋਂ ਭਿਆਨਕ ਭੂਚਾਲ ਹੈ, ਜੋ ਕਿ ਇਸ ਸਮੇਂ ਪ੍ਰਭਾਵਿਤ ਖੇਤਰ ਹੈ।ਤਖਾਰ ਪ੍ਰਾਂਤ ਵਿੱਚ ਆਏ ਪਹਿਲੇ ਭੂਚਾਲ ਵਿੱਚ ਲਗਭਗ 2,300 ਲੋਕ ਮਾਰੇ ਗਏ ਸਨ (ਕੁਝ ਲੋਕਾਂ ਨੇ 4,000 ਲੋਕਾਂ ਦੀ ਮੌਤ ਦਾ ਅਨੁਮਾਨ ਲਗਾਇਆ ਸੀ)। ਮਈ ਵਿੱਚ ਇਸੇ



ਖੇਤਰ ਵਿੱਚ 6.6 ਤੀਬਰਤਾ ਦਾ ਦੂਜਾ ਭੂਚਾਲ ਆਇਆ ਸੀ, ਜਿਸ ਵਿੱਚ ਲਗਭਗ 4,700 ਲੋਕ ਮਾਰੇ ਗਏ ਸਨ।

**ਹੈਤੀ:** ਹੈਤੀ ਵਿੱਚ 7 ਤੀਬਰਤਾ ਦੇ ਭੂਚਾਲ ਕਾਰਨ ਘੱਟੋ-ਘੱਟ 3,16,000 ਲੋਕ ਮਾਰੇ ਗਏ। ਹਾਲਾਂਕਿ ਮਰਨ ਵਾਲਿਆਂ ਦੀ ਗਿਣਤੀ ਵਿਵਾਦਿਤ ਹੈ, ਕੁਝ ਲੋਕ ਇਹ ਅੰਕੜਾ 2,20,000 ਤੱਕ ਪਹੁੰਚਾਉਂਦੇ ਹਨ। ਭੂਚਾਲ ਇੰਨਾ ਜ਼ਬਰਦਸਤ ਸੀ ਕਿ ਗੁਆਂਢੀ ਦੇਸ਼ਾਂ ਕਿਊਬਾ ਅਤੇ ਵੈਨੇਜ਼ੁਏਲਾ ਨੇ ਵੀ ਭੂਚਾਲ ਦੇ ਝਟਕੇ ਮਹਿਸੂਸ ਕੀਤੇ। ਇਹ ਅਜੇ ਵੀ ਦੁਨੀਆ ਵਿੱਚ ਦਰਜ ਕੀਤੀਆਂ ਸਭ ਤੋਂ ਵੱਧ ਵਿਨਾਸ਼ਕਾਰੀ ਕੁਦਰਤੀ ਆਫ਼ਤਾਂ ਵਿੱਚੋਂ ਇੱਕ ਹੈ। ਨਤੀਜੇ ਵਜੋਂ ਹੈਤੀ ਵਿੱਚ ਲੱਖਾਂ ਲੋਕ ਬੇਘਰ ਹੋ ਗਏ।

**ਇੰਡੋਨੇਸ਼ੀਆ** : ਇੰਡੋਨੇਸ਼ੀਆ ਦੇ ਸੁਮਾਤਰਾ ਵਿੱਚ ਸਾਲ 2004 ਵਿੱਚ ਆਇਆ 9.1 ਤੀਬਰਤਾ ਦਾ ਭੂਚਾਲ ਇਤਿਹਾਸ ਵਿੱਚ ਦਰਜ ਕੀਤਾ ਗਿਆ ਤੀਜਾ ਸਭ ਤੋਂ ਸ਼ਕਤੀਸ਼ਾਲੀ ਭੂਚਾਲ ਹੈ। ਅਜੇ ਤੱਕ 10 ਤੀਬਰਤਾ ਦੇ ਭੂਚਾਲ ਦਾ ਕੋਈ ਰਿਕਾਰਡ ਨਹੀਂ ਹੈ। ਭੂਚਾਲ ਕਾਰਨ ਇੰਡੋਨੇਸ਼ੀਆ, ਸ਼੍ਰੀਲੰਕਾ, ਭਾਰਤ ਅਤੇ ਥਾਈਲੈਂਡ ਵਿੱਚ ਘੱਟੋ-ਘੱਟ 2,27,899 ਲੋਕ ਮਾਰੇ ਗਏ ਸਨ। ਇੰਡੋਨੇਸ਼ੀਆ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਸੀ। ਹਿੰਦ ਮਹਾਸਾਗਰ ਵਿੱਚ ਭੂਚਾਲ ਕਾਰਨ 15-30 ਮੀਟਰ ਦੀ ਉਚਾਈ ਤੱਕ ਵਿਨਾਸ਼ਕਾਰੀ ਸੁਨਾਮੀ ਵੀ ਆਈ।

**ਚੀਨ** : ਦੱਖਣ-ਪੱਛਮੀ ਚੀਨ ਦੇ ਸਿਚੁਆਨ ਸੂਬੇ ਵਿੱਚ ਸਾਲ 2008 ਵਿੱਚ 7.9-8.0 ਤੀਬਰਤਾ ਦੇ ਭੂਚਾਲ ਕਾਰਨ 87,000 ਲੋਕ ਮਾਰੇ ਗਏ ਅਤੇ 3,70,000 ਤੋਂ ਵੱਧ ਲੋਕ ਜ਼ਖਮੀ ਹੋ ਗਏ।ਸਾਲ 1976 ਦੌਰਾਨ ਚੀਨ ਦੇ ਤਾਂਗਸ਼ਾਨ ਵਿੱਚ ਆਏ 7.5 ਤੀਬਰਤਾ ਦੇ ਭੂਚਾਲ ਵਿੱਚ 2,42,000 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ।

**ਜਾਪਾਨ** : ਦੁਨੀਆ ਦਾ ਦੂਜਾ 9.1 ਤੀਬਰਤਾ ਦਾ ਭੂਚਾਲ ਸਾਲ 2011 ਦੌਰਾਨ ਜਾਪਾਨ ਵਿੱਚ ਆਇਆ। ਨਤੀਜੇ ਵਜੋਂ ਸੁਨਾਮੀ ਨੇ ਲਗਭਗ 18,000 ਲੋਕਾਂ ਦੀ ਜਾਨ ਲੈ ਲਈ। ਭੂਚਾਲ ਦੇ ਨਤੀਜੇ ਵਜੋਂ ਫੁਕੁਸ਼ੀਮਾ ਪਰਮਾਣੂ ਪਾਵਰ ਪਲਾਂਟ ਨੂੰ ਵੀ ਨੁਕਸਾਨ ਪਹੁੰਚਿਆ ਅਤੇ ਪਰਮਾਣੂ ਤਬਾਹੀ ਵੀ ਹੋਈ।ਜਾਪਾਨ ਵਿੱਚ 1923 ਵਿੱਚ 7.9 ਦੀ ਤੀਬਰਤਾ ਵਾਲੇ ਭੂਚਾਲ ਕਾਰਨ 1,42,000 ਤੋਂ ਵੱਧ ਲੋਕ ਮਾਰੇ ਗਏ ਸਨ। ਇਸ ਦੇ ਨਤੀਜੇ ਵਜੋਂ ਉਸ ਸਮੇਂ ਅੱਧੀਆਂ ਇੱਟਾਂ ਦੀਆਂ ਇਮਾਰਤਾਂ ਵੀ ਢਹਿ ਗਈਆਂ। ਭੂਚਾਲ ਨੇ 12 ਮੀਟਰ ਦੀ ਉਚਾਈ ਨਾਲ ਸੁਨਾਮੀ ਵੀ ਸ਼ੁਰੂ ਕੀਤੀ। ਭੂਚਾਲ ਦੇ ਬਾਅਦ ਅੱਗ ਅਤੇ ਬਵੰਡਰ ਸਨ।

**ਨੇਪਾਲ** : ਸਾਲ 2015 ਵਿਸ਼ਵ ਲਈ ਨਿਸ਼ਚਿਤ ਤੌਰ 'ਤੇ ਮਾੜਾ ਰਿਹਾ ਕਿਉਂਕਿ ਸ਼ਕਤੀਸ਼ਾਲੀ ਭੁਚਾਲਾਂ ਨੇ ਕਈ ਦੇਸ਼ਾਂ ਨੂੰ ਹਿਲਾ ਦਿੱਤਾ ਸੀ। ਸਾਲ 2015 ਦੌਰਾਨ ਨੇਪਾਲ ਵਿੱਚ 7.8 ਦੀ ਤੀਬਰਤਾ ਵਾਲੇ ਭੂਚਾਲ ਨੇ 8,000 ਤੋਂ ਵੱਧ ਲੋਕਾਂ ਦੀ ਜਾਨ ਲੈ ਲਈ, ਜਿਸ ਨਾਲ ਲੱਖਾਂ ਲੋਕ ਬੇਘਰ ਹੋ ਗਏ। ਨੇਪਾਲ ਵਿੱਚ 1934 ਤੋਂ ਬਾਅਦ ਇਹ ਸਭ ਤੋਂ ਭਿਆਨਕ ਕੁਦਰਤੀ ਆਫ਼ਤ ਸੀ।

**ਚਿਲੀ** : ਸਾਲ 1960 ਦੌਰਾਨ ਚਿਲੀ ਵਿੱਚ ਆਇਆ 9.5 ਤੀਬਰਤਾ ਦਾ ਭੂਚਾਲ ਇਤਿਹਾਸ ਵਿੱਚ ਮਾਪਿਆ ਗਿਆ ਸਭ ਤੋਂ ਸ਼ਕਤੀਸ਼ਾਲੀ ਭੂਚਾਲ ਹੈ। ਇਹ ਤਬਾਹੀ ਲਗਭਗ 10 ਮਿੰਟ ਤੱਕ ਚੱਲੀ ਅਤੇ ਲਗਭਗ 1,000-6,000 ਲੋਕ ਮਾਰੇ ਗਏ।

(ਬਾਕੀ ਸਫ਼ਾ 31 'ਤੇ)

## ਕਿਸਾਨ ਮਹਾਂਪੰਚਾਇਤ: ਖੇਤੀ ਖੇਤਰ ਉੱਪਰ ਕੀਤੇ ਜਾ ਰਹੇ ਹਮਲਿਆਂ ਵਿਰੁੱਧ ਦੇਸ਼ ਭਰ 'ਚ ਹੋਵੇਗਾ ਵੱਡਾ ਕਿਸਾਨ ਅੰਦੋਲਨ

**ਪੰਜਾਬ, ਹਰਿਆਣਾ, ਉੱਤਰਾਖੰਡ, ਉੱਤਰ ਪ੍ਰਦੇਸ਼ ਤੇ ਰਾਜਸਥਾਨ ਸੂਬਿਆਂ ਦੇ ਕਿਸਾਨ ਰਾਮ ਲੀਲਾ ਮੈਦਾਨ ਵਿੱਚ ਹੋਏ ਇਕੱਠੇ**




ਨਵੀਂ ਦਿੱਲੀ/ਏ.ਟੀ.ਨਿਊਜ਼ :- ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਦਿੱਲੀ ਦੇ ਰਾਮਲੀਲਾ ਮੈਦਾਨ ਵਿੱਚ ਇਕੱਠੇ ਹੋਏ ਕਿਸਾਨਾਂ ਨੇ ਮਹਾਪੰਚਾਇਤ ਕਰ ਕੇ ਐਲਾਨ ਕੀਤਾ ਕਿ ਉਹ ਕਾਰਪੋਰੇਟ ਤੇ ਕੇਂਦਰ ਸਰਕਾਰ ਦੇ ਗੱਠਜੋੜ ਵੱਲੋਂ ਖੇਤੀ ਖੇਤਰ ਉੱਪਰ ਕੀਤੇ ਜਾ ਰਹੇ ਹਮਲਿਆਂ ਵਿਰੁੱਧ ਦੇਸ਼ ਭਰ 'ਚ ਮਜ਼ਬੂਤ ਕਿਸਾਨ ਅੰਦੋਲਨ ਵਿੱਢਣਗੇ। ਮੋਰਚੇ ਨੇ ਹਰ ਸੂਬੇ 'ਚ ਕਨਵੈਨਸ਼ਨਾਂ ਕਰਨ ਦਾ ਸੱਦਾ ਦਿੱਤਾ। ਸੰਯੁਕਤ ਕਿਸਾਨ ਮੋਰਚੇ ਦੇ 15 ਮੈਂਬਰੀ ਵਫਦ ਨੇ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੂੰ ਮਿਲ ਕੇ ਮੰਗ ਪੱਤਰ ਸੌਂਪਿਆ। ਵਫ਼ਦ ਵਿੱਚ ਯੁੱਧਵੀਰ ਸਿੰਘ, ਵੀ.ਵੈਂਕੱਟਰਮਈਆ, ਹਨਨਮੁੱਲਾ, ਹਰਿੰਦਰ ਸਿੰਘ ਲੱਖੋਵਾਲ ਤੇ ਜੋਗਿੰਦਰ ਸਿੰਘ ਉਗਰਾਹਾਂ ਆਦਿ ਸ਼ਾਮਲ ਸਨ।

ਮੋਰਚੇ ਵੱਲੋਂ ਡਾ. ਦਰਸ਼ਨ ਪਾਲ ਨੇ ਦੱਸਿਆ ਕਿ 30 ਅਪਰੈਲ ਨੂੰ ਦਿੱਲੀ ਵਿੱਚ ਮੋਰਚੇ ਦੀ ਕੌਮੀ ਪੱਧਰ ਦੀ ਮੀਟਿੰਗ ਕਰ ਕੇ ਅੰਦੋਲਨ ਦੀ ਅਗਲੀ ਰੂਪ-ਰੇਖਾ ਤੈਅ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਹਰ ਸੂਬੇ ਵਿੱਚ ਮੋਰਚੇ ਦੀ ਮਜ਼ਬੂਤੀ ਲਈ ਸਮਾਗਮ ਉਲੀਕੇ ਜਾਣਗੇ। ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਕਿਸਾਨਾਂ ਖ਼ਿਲਾਫ਼ ਕੇਸ ਵਾਪਸ ਲੈਣ ਲਈ ਸ੍ਰੀ ਤੋਮਰ ਨੇ ਸਹਿਮਤੀ ਦਿੱਤੀ ਹੈ ਅਤੇ ਬਿਜਲੀ ਬਿੱਲ ਵਿੱਚੋਂ ਕਿਸਾਨ ਵਿਰੋਧੀ ਮੱਦਾਂ ਹਟਾਉਣ ਬਾਰੇ ਵੀ ਦੱਸਿਆ।

ਪੰਜਾਬ, ਹਰਿਆਣਾ, ਉੱਤਰਾਖੰਡ, ਉੱਤਰ ਪ੍ਰਦੇਸ਼ ਤੇ ਰਾਜਸਥਾਨ ਆਦਿ ਸੂਬਿਆਂ ਦੇ ਕਿਸਾਨ ਪਿਛਲੇ ਦਿਨੀਂ ਗੁਰਦੁਆਰਿਆਂ 'ਚ ਇਕੱਤਰ ਹੋਏ ਅਤੇ ਰਾਮਲੀਲਾ ਮੈਦਾਨ ਵਿੱਚ ਪੁੱਜੇ। ਕੇਂਦਰ ਸਰਕਾਰ ਵੱਲੋਂ ਕਿਸਾਨ ਸੰਘਰਸ਼ ਦੌਰਾਨ ਕੀਤੇ ਵਾਅਦਿਆਂ ਤੋਂ ਪਿੱਛੇ ਹਟ ਜਾਣ ਕਰਕੇ ਵਿਸ਼ਵਾਸਘਾਤ ਵਿਰੁੱਧ ਕਿਸਾਨਾਂ ਦੀਆਂ ਮੰਗਾਂ ਉਭਾਰਨ ਲਈ ਮਹਾਪੰਚਾਇਤ ਕੀਤੀ ਗਈ। ਮੋਰਚੇ ਨੇ ਫਸਲਾਂ ਦੀ ਖਰੀਦ ਸਬੰਧੀ ਐਮਐਸਪੀ ਗਾਰੰਟੀ ਕਾਨੂੰਨ ਬਣਾਉਣ, ਕਿਸਾਨਾਂ ਸਿਰ ਚੜ੍ਹੇ ਕਰਜ਼ੇ ਨੂੰ ਮੁਆਫ ਕਰਨ, ਐਮਐਸਪੀ ਸਬੰਧੀ ਸਰਕਾਰ ਵੱਲੋਂ ਬਣਾਈ ਕਮੇਟੀ ਰੱਦ ਕਰ ਕੇ ਕੀਤੇ ਵਾਅਦੇ ਅਨੁਸਾਰ ਸੰਯੁਕਤ ਕਿਸਾਨ ਮੋਰਚੇ ਦੀ ਢੁਕਵੀਂ ਪ੍ਰਤੀਨਿਧਤਾ ਹੇਠ ਕਮੇਟੀ ਦਾ ਮੁੜ ਗਠਨ ਕਰਨ, ਬਿਜਲੀ ਸੋਧ ਬਿਲ 2022 ਰੱਦ ਕਰਨ, ਕਿਸਾਨਾਂ ਦੀ ਬਜਾਏ ਕਾਰਪੋਰੇਟ ਦੇ ਮੁਨਾਫੇ ਵਧਾਉਣ ਵਾਲੀ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਰੱਦ ਕਰਨ, ਫਸਲ ਬੀਮਾ ਯੋਜਨਾ ਲਾਗੂ ਕਰਨ, ਕੁਦਰਤੀ ਆਫ਼ਤ ਕਾਰਨ ਖਰਾਬ ਹੋਈਆਂ ਆਲੂ, ਪਿਆਜ਼ ਤੇ ਸਰ੍ਹੋਂ ਸਮੇਤ ਸਾਰੀਆਂ ਫਸਲਾਂ ਦਾ ਮੁਆਵਜ਼ਾ ਦੇਣ, ਕਿਸਾਨੀ ਸੰਘਰਸ਼ ਦੌਰਾਨ ਦਰਜ ਕੀਤੇ ਕੇਸਾਂ ਨੂੰ ਵਾਪਸ ਲੈਣ ਅਤੇ ਦਿੱਲੀ ਮੋਰਚੇ 'ਚ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਢੁਕਵਾਂ ਮੁਆਵਜ਼ਾ ਦੇਣ ਆਦਿ ਮੰਗਾਂ ਨੂੰ ਉਭਾਰਿਆ।

(ਬਾਕੀ ਸਫ਼ਾ 30 'ਤੇ)

## ਕਸ਼ਮੀਰ 'ਚ ਪ੍ਰਧਾਨ ਮੰਤਰੀ ਦਫ਼ਤਰ ਦਾ ਨਕਲੀ ਅਧਿਕਾਰੀ ਬਣ ਕੇ ਪ੍ਰਸ਼ਾਸਨ ਤੇ ਪੁਲਿਸ ਨੂੰ ਦਿੱਤਾ ਧੋਖਾ

**ਸਭ ਤੋਂ ਉੱਚੀ ਪੱਧਰ ਦੀ ਜ਼ੈੱਡ ਪਲੱਸ ਸੁਰੱਖਿਆ ਲੈਕੇ ਸਰਹੱਦੀ ਇਲਾਕਿਆਂ ਦਾ ਦੌਰਾ ਕੀਤਾ**



ਜੰਮੂ-ਕਸ਼ਮੀਰ ਵਿੱਚ ਪ੍ਰਧਾਨ ਮੰਤਰੀ ਦਫ਼ਤਰ ਦਾ ਨਕਲੀ ਅਧਿਕਾਰੀ ਬਣ ਕੇ ਘੁੰਮਣ ਵਾਲੇ ਕਿਰਨ ਪਟੇਲ ਨੇ ਜੰਮੂ-ਕਸ਼ਮੀਰ ਦੇ ਤਿੰਨ 'ਦੌਰੇ' ਕੀਤੇ ਜਿਨ੍ਹਾਂ ਦੌਰਾਨ ਇਸ ਨੂੰ ਸਭ ਤੋਂ ਉੱਚੀ ਪੱਧਰ ਦੀ ਜ਼ੈੱਡ ਪਲੱਸ ਸੁਰੱਖਿਆ ਮੁਹੱਈਆ ਕਰਵਾਈ ਗਈ ਤੇ ਉਹ ਸਰਕਾਰੀ ਖ਼ਰਚੇ ਉਪਰ ਫਾਈਵ ਸਟਾਰ ਹੋਟਲਾਂ ਵਿੱਚ ਠਹਿਰਿਆ। ਉਹ ਸਰਕਾਰੀ ਸੁਰੱਖਿਆ ਲੈ ਕੇ ਬਾਰਾਮੂਲਾ ਤੇ ਬਡਗਾਮ ਜ਼ਿਲ੍ਹਿਆਂ ਵਿੱਚ ਗਿਆ ਅਤੇ ਉਸ ਨੇ ਸਰਹੱਦੀ ਇਲਾਕਿਆਂ ਦਾ 'ਦੌਰਾ' ਵੀ ਕੀਤਾ। ਉਹ ਗੁਜਰਾਤ ਦਾ ਰਹਿਣ ਵਾਲਾ ਹੈ ਅਤੇ ਕਸ਼ਮੀਰ ਤੋਂ ਗੁਜਰਾਤ ਕੀਤੇ ਗਏ ਫੋਨਾਂ ਵਿੱਚ ਉਸ ਨੇ ਇਹ ਦਾਅਵਾ ਕੀਤਾ ਕਿ ਉਹ ਪ੍ਰਧਾਨ ਮੰਤਰੀ ਦਾ ਸੁਨੇਹਾ ਜੰਮੂ-ਕਸ਼ਮੀਰ ਤੋਂ ਕੱਛ ਪਹੁੰਚਾਉਣ ਦਾ ਵਾਅਦਾ ਪੂਰਾ ਕਰੇਗਾ। ਉਸ ਨੇ ਪਹਿਲਗਾਮ ਦਾ ਇਹ ਕਹਿ ਕੇ ਦੌਰਾ ਕੀਤਾ ਕਿ ਉਸ ਨੂੰ ਉਸ ਇਲਾਕੇ ਵਿੱਚ ਹੋਟਲ ਤੇ ਸੈਰ-ਸਪਾਟੇ ਦੀਆਂ ਸਹੂਲਤਾਂ ਸੁਧਾਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਉਹ ਨਕਲੀ ਪਛਾਣ ਪੱਤਰਾਂ ਨਾਲ ਆਪਣੇ ਆਪ ਨੂੰ ਪ੍ਰਧਾਨ ਮੰਤਰੀ ਦਫ਼ਤਰ ਵਿੱਚ ਤਾਇਨਾਤ 'ਐਡੀਸ਼ਨਲ ਡਾਇਰੈਕਟਰ (ਸਟਰੈਟਜੀ ਅਤੇ ਕੰਪੇਨਜ਼)' ਦਰਸਾਉਣ ਵਿੱਚ ਕਾਮਯਾਬ ਹੁੰਦਾ ਰਿਹਾ। ਸਰੋਤਾਂ ਅਨੁਸਾਰ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਇਕ ਕਾਰਕੁਨ ਨੂੰ ਉਸ 'ਤੇ ਸ਼ੱਕ ਹੋਇਆ ਜਿਸ ਕਾਰਨ ਉਸ ਨੇ ਉੱਚ ਅਧਿਕਾਰੀਆਂ ਨਾਲ ਸੰਪਰਕ ਕੀਤਾ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਜੰਮੂ-ਕਸ਼ਮੀਰ ਦੇ ਦੋ 'ਦੌਰਿਆਂ' ਤੋਂ ਬਾਅਦ ਉਹ ਰੂਸ ਵੀ ਗਿਆ। ਉਹ ਇਹ ਝੂਠਾ ਦਾਅਵਾ ਵੀ ਕਰਦਾ

(ਬਾਕੀ ਸਫ਼ਾ 29 'ਤੇ)

# ਹਿੰਡਨਬਰਗ ਦੀ ਰਿਪੋਰਟ ਬਾਰੇ ਸਾਂਝੀ ਪਾਰਲੀਮਾਨੀ ਕਮੇਟੀ ਤੋਂ ਜਾਂਚ ਕਰਵਾਉਣ ਤੋਂ ਇਨਕਾਰੀ ਮੋਦੀ ਸਰਕਾਰ



ਡਾ. ਅਮਨਪ੍ਰੀਤ ਸਿੰਘ ਬਰਾੜ



ਭਾਰਤੀਆਂ ਨੂੰ ਆਦਤ ਹੈ ਕਿ ਆਪਣੇ ਵਿਤ ਮੁਤਾਬਕ ਔਖੇ ਸਮੇਂ ਲਈ ਕੁਝ ਨਾ ਕੁਝ ਪੈਸਾ ਬਚਾ ਕੇ ਰੱਖੋ ਪਰ 2016 ਦੀ ਨੋਟਬੰਦੀ ਨੇ ਜੋ ਕਿਸੇ ਦੀ ਥੋੜ੍ਹੀ ਬਹੁਤੀ ਪੂੰਜੀ ਆਸੇ-ਪਾਸੇ ਸੀ, ਸਾਰੀ ਬੈਂਕਾਂ ਵਿੱਚ ਜਮ੍ਹਾ ਹੋ ਗਈ। ਜਦੋਂ ਬੈਂਕਾਂ ਦਾ ਦਿੱਤਾ ਕਰਜ਼ਾ ਡੁੱਬਣ ਲੱਗਿਆ ਅਤੇ ਬੈਂਕ ਵੇਚਣ ਦੀ ਗੱਲ ਆਈ ਤਾਂ ਲੋਕਾਂ ਨੇ ਪੈਸਾ ਸ਼ੇਅਰਾਂ ਵਿੱਚ ਲਗਾਉਣਾ ਸ਼ੁਰੂ ਕਰ ਦਿੱਤਾ ਕਿਉਂਕਿ ਸੈਂਸੈਕਸ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰ ਰਿਹਾ ਸੀ। ਮੱਧ ਤੇ ਹੇਠਲੇ ਵਰਗ ਦਾ ਜੀਵਨ ਬੀਮਾ ਨਿਗਮ (ਐੱਲਆਈਸੀ) ਨਾਲ ਬੜਾ ਡੂੰਘਾ ਰਿਸ਼ਤਾ ਹੈ ਪਰ ਪਿਛਲੇ ਕੁਝ ਦਿਨਾਂ ਵਿੱਚ ਉਹਨਾਂ ਦਾ ਇਹ ਵਿਸ਼ਵਾਸ ਬੈਂਕਾਂ ਅਤੇ ਸ਼ੇਅਰ ਮਾਰਕਿਟ ਨੂੰ ਲੈ ਕੇ ਤਾਂ ਡਗਮਗਾਇਆ ਹੀ ਸੀ। ਹੁਣ ਸ਼ੱਕ ਦੀ ਸੂਈ ਐੱਲਆਈਸੀ ਵੱਲ ਵੀ ਵਧ ਗਈ ਹੈ। ਇਸ ਦਾ ਮੁੱਖ ਕਾਰਨ ਬਣੀ ਹਿੰਡਨਬਰਗ ਦੀ ਰਿਪੋਰਟ ਜਿਸ ਕਰ ਕੇ ਭਾਰਤ ਦੇ ਸਭ ਤੋਂ ਅਮੀਰ ਸ਼ਖ਼ਸ ਅਤੇ ਵੱਡੇ ਕਾਰਪੋਰੇਟ ਘਰਾਣੇ ਅਡਾਨੀ ਗਰੁੱਪ ਦੇ ਸ਼ੇਅਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ। ਚਿੰਤਾ ਉਦੋਂ ਬਣੀ ਜਦੋਂ ਇਹ ਪਤਾ ਲੱਗਾ ਕਿ ਕਾਫੀ ਸਰਕਾਰੀ ਬੈਂਕਾਂ ਨੇ ਇਸ ਗਰੁੱਪ ਨੂੰ ਕਰਜ਼ਾ ਦਿੱਤਾ ਹੈ ਅਤੇ ਐੱਲਆਈਸੀ ਨੇ ਵੀ ਇਸ ਵਿੱਚ ਨਿਵੇਸ਼ ਕੀਤਾ ਹੈ।

ਹਿੰਡਨਬਰਗ ਰਿਪੋਰਟ: ਹਿੰਡਨਬਰਗ ਅਮਰੀਕੀ ਰਿਸਰਚ ਕੰਪਨੀ ਹੈ ਜਿਸ ਨੇ ਕਈ ਵਧੀਆ ਖੋਜ ਰਿਪੋਰਟਾਂ ਸਮੇਂ ਸਮੇਂ ਪੇਸ਼ ਕੀਤੀਆਂ ਹਨ। 24 ਜਨਵਰੀ 2023 ਨੂੰ ਉਹਨਾਂ ਨੇ ਆਪਣੀ 3 ਸਾਲ ਤੋਂ ਚੱਲ ਰਹੀ ਖੋਜ ਜਨਤਕ ਕੀਤੀ। ਇਸ ਰਿਪੋਰਟ ਵਿੱਚ ਭਾਰਤ ਦੇ ਸਭ ਤੋਂ ਅਮੀਰ ਅਤੇ ਸੰਸਾਰ ਭਰ ਦੇ ਤੀਜੇ ਅਮੀਰ ਆਦਮੀ ਨੂੰ ਲੈ ਕੇ ਸਨਸਨੀਖੇਜ਼ ਖੁਲਾਸੇ ਕੀਤੇ। ਇਸ ਵਿੱਚ ਉਹਨਾਂ ਸਪੱਸ਼ਟ ਕਿਹਾ ਕਿ ਅਡਾਨੀ ਗਰੁੱਪ ਨੇ ਆਪਣੇ ਸ਼ੇਅਰਾਂ ਦੀ ਕੀਮਤ ਆਪ ਵਧਾਈ ਹੈ ਜਦਕਿ ਕੰਪਨੀ ਕੋਲ ਓਨੀ ਸਮਰੱਥਾ ਨਹੀਂ ਕਿ ਉਹਨਾਂ ਦੇ ਸ਼ੇਅਰਾਂ ਦੀ ਕੀਮਤ ਇਸ ਤਰ੍ਹਾਂ ਦੀ ਹੋ ਸਕੇ। ਇਹ ਰਿਪੋਰਟ ਆਉਣ ਨਾਲ ਅਡਾਨੀ ਗਰੁੱਪ ਦੀਆਂ ਸਾਰੀਆਂ ਕੰਪਨੀਆਂ ਦੇ ਸ਼ੇਅਰਾਂ ਦੀਆਂ ਕੀਮਤਾਂ ਹੇਠਾਂ ਆਉਣ ਲੱਗੀਆਂ। ਤਕਰੀਬਨ ਇਕ ਹਫਤੇ ਅੰਦਰ ਹੀ ਅਡਾਨੀ ਦੀਆਂ ਕੰਪਨੀਆਂ ਵਿੱਚ 100 ਅਰਬ ਡਾਲਰ ਦੀ ਗਿਰਾਵਟ ਆਈ। ਇਸ ਨਾਲ ਫੋਰਬਸ ਦੀ ਲਿਸਟ ਵਿੱਚ ਜੋ ਅਡਾਨੀ ਅਮੀਰਾਂ ਦੀ ਸੂਚੀ ਵਿੱਚ ਤੀਜੇ ਸਥਾਨ 'ਤੇ ਸੀ, ਖਿਸਕ ਕੇ 27ਵੇਂ ਸਥਾਨ 'ਤੇ ਪਹੁੰਚ ਗਏ।

ਇਹ ਰਿਪੋਰਟ ਆਉਣ ਤੋਂ ਬਾਅਦ ਭਾਰਤ ਵਿੱਚ ਕਿਸੇ ਵੀ ਅਦਾਰੇ ਨੇ ਕੋਈ ਜਾਂਚ ਸ਼ੁਰੂ ਨਹੀਂ ਕੀਤੀ। ਸਿਰਫ ਆਰਬੀਆਈ ਨੇ ਬੈਂਕਾਂ ਤੋਂ ਵੇਰਵਾ ਮੰਗਿਆ ਕਿ ਕਮਰਸ਼ੀਅਲ ਬੈਂਕ ਦੱਸਣ ਕਿ ਕਿਸ ਬੈਂਕ ਨੇ ਕਿੰਨਾ ਕਰਜ਼ਾ ਦਿੱਤਾ ਹੈ। ਹੁਣ ਸੁਪਰੀਮ ਕੋਰਟ ਨੇ ਇਸ ਮਸਲੇ ਦੀ ਜਾਂਚ ਲਈ ਕਮੇਟੀ ਬਣਾਈ ਹੈ। ਇਸ ਵਿਚਾਲੇ ਐੱਲਆਈਸੀ ਨੇ ਵੀ ਮੀਟਿੰਗ ਕੀਤੀ ਅਤੇ ਆਪਣੇ ਨਿਵੇਸ਼ ਦੀ ਸਮੀਖਿਆ ਕੀਤੀ। ਇਸ ਦੇ ਉਲਟ ਵਿਦੇਸ਼ੀ ਕੰਪਨੀਆਂ ਜਿਵੇਂ ਕਰੈਡਿਟ ਸਵਿਸ ਰੇਟਿੰਗ ਨੇ ਅਡਾਨੀ ਗਰੁੱਪ ਦੇ ਬਾਂਡ ਖਰੀਦਣ ਜਾਂ ਕਰਜ਼ਾ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ। ਇਸੇ ਤਰ੍ਹਾਂ ਦਾ ਫੈਸਲਾ ਸਿਟੀ ਬੈਂਕ ਨੇ ਵੀ ਕੀਤਾ। ਇਸ ਤੋਂ ਬਾਅਦ ਸੰਸਾਰ ਦੀਆਂ ਹੋਰ ਕਈ ਬੈਂਕਾਂ ਸਟੇਨਡਰਡ ਚਾਰਟਰਡ ਨੇ ਵੀ ਸਵਿਸ ਕਰੈਡਿਟ ਅਤੇ ਸਿਟੀ ਬੈਂਕ ਦਾ ਰਾਹ ਫੜਿਆ। ਉਸ ਤੋਂ ਬਾਅਦ ਡੋਅ ਜੇਨਸ ਨੇ ਵੀ ਅਡਾਨੀ ਗਰੁੱਪ ਨੂੰ ਆਪਣੇ ਪੋਰਟਫੋਲੀਓ ਵਿਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ।

ਇਸੇ ਦੌਰਾਨ ਅਡਾਨੀ ਗਰੁੱਪ ਨੇ ਆਪਣੀ ਸਫਾਈ ਵਿੱਚ 413 ਪੰਨਿਆਂ ਦੀ ਰਿਪੋਰਟ ਜਾਰੀ ਕੀਤੀ। ਅਸਲ ਵਿੱਚ ਇਸ ਦੇ 30 ਪੰਨਿਆਂ ਵਿਚੋਂ ਹੀ ਥੋੜ੍ਹੀ ਬਹੁਤੀ ਗੱਲ ਨਿਕਲਦੀ ਹੈ ਪਰ ਨਾ ਇਹ ਜਵਾਬ ਅਤੇ ਨਾ ਹੀ ਅਡਾਨੀ ਦੀ ਆਪਣੀ ਵੀਡੀਓ ਲੋਕਾਂ ਨੂੰ ਤਸੱਲੀ ਦੇ ਸਕੀ, ਸ਼ੇਅਰ ਲਗਾਤਾਰ ਡਿੱਗਦੇ ਰਹੇ। ਇਸ ਵੀਡੀਓ ਵਿੱਚ ਅਡਾਨੀ ਗਰੁੱਪ ਨੇ ਕੋਰਟ ਜਾਣ ਦੀ ਗੱਲ ਕਹੀ ਜਿਸ ਦੇ ਜਵਾਬ ਵਿਚ ਹਿੰਡਨਬਰਗ ਨੇ ਕਿਹਾ- ਜ਼ਰੂਰ ਜਾਓ। ਇਸੇ ਦੌਰਾਨ ਅਡਾਨੀ ਗਰੁੱਪ ਨੇ ਆਪਣਾ 20000 ਕਰੋੜ ਦਾ ਐੱਫਪੀਓ ਜਾਰੀ ਕਰਨਾ ਸੀ ਜਿਸ ਤੋਂ ਇਹ ਪਿੱਛੇ ਨਹੀਂ ਹਟੇ। ਐੱਫਪੀਓ ਪੂਰਾ ਸਬਸਕ੍ਰਾਈਬ ਵੀ ਹੋ ਗਿਆ ਪਰ ਉਸੇ ਦਿਨ ਅਡਾਨੀ ਗਰੁੱਪ ਨੇ ਇਹ ਵਾਪਿਸ ਲੈ ਲਿਆ ਅਤੇ ਸਭ ਦੇ ਪੈਸੇ ਵਾਪਿਸ ਦੇਣ ਲਈ ਕਿਹਾ। ਲੱਗਦਾ ਹੈ ਕਿ ਇਹ ਪੈਸਾ ਕਾਰਪੋਰੇਟ ਦੀ ਸਾਖ ਬਚਾਉਣ ਲਈ ਲਗਾਇਆ, ਜੋ ਬਾਅਦ ਵਿੱਚ ਵਾਪਿਸ ਹੋ ਗਿਆ।

ਬੈਂਕਾਂ ਅਤੇ ਐੱਲਆਈਸੀ 'ਤੇ ਸਵਾਲ ਕਿਉਂ: ਜਦੋਂ 1992 ਵਿੱਚ ਹਰਸ਼ਦ ਮਹਿਤਾ ਘੁਟਾਲਾ ਹੋਇਆ ਸੀ ਤਾਂ ਮਾਰਕਿਟ ਦਾ ਦਿਵਾਲਾ ਨਿਕਲ ਗਿਆ ਸੀ। ਉਸ ਸਮੇਂ ਯੂਨਿਟ ਟਰਸਟ ਆਫ ਇੰਡੀਆ ਅਤੇ ਨੈਸ਼ਨਲ ਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ, ਦੋਵੇਂ ਹੀ ਖੁਦਕੁਸ਼ੀ ਕਰ ਗਏ ਸਨ। ਅਸਲ ਵਿੱਚ ਦੋਹਾਂ ਕੰਪਨੀਆਂ ਨੇ ਹੀ ਸ਼ੇਅਰਾਂ ਵਿੱਚ ਨਿਵੇਸ਼ ਕੀਤਾ ਹੋਇਆ ਸੀ ਅਤੇ ਸ਼ੇਅਰਾਂ ਦੇ ਭਾਅ ਡਿੱਗਣ ਨਾਲ ਕੰਪਨੀਆਂ ਦਾ ਪੈਸਾ ਡੁੱਬਿਆ। ਇਹ ਪੈਸਾ ਅਸਲ ਵਿੱਚ ਲੋਕਾਂ ਦਾ ਸੀ। ਦੂਜਾ, ਜਦੋਂ 2008 ਵਿੱਚ ਡਾਟਕਾਮ ਘੁਟਾਲਾ ਹੋਇਆ, ਉਦੋਂ ਵੀ ਨਕਲੀ ਆਈਟੀ ਕੰਪਨੀਆਂ ਨੇ ਆਪ ਰਲ ਕੇ ਆਪਣੇ ਸ਼ੇਅਰ ਉੱਪਰ ਚੁੱਕੇ, ਫਿਰ ਆਪ ਹੀ ਆਪਣਾ ਪੈਸਾ ਕੱਢ ਕੇ ਸ਼ੇਅਰ ਸੁੱਟ ਦਿੱਤੇ ਜਿਸ ਨਾਲ ਸਿੱਧਾ ਲੋਕਾਂ ਦਾ ਨੁਕਸਾਨ ਹੋਇਆ। ਉਸ ਤੋਂ ਬਾਅਦ 2011 ਵਿੱਚ ਵਿਜੇ ਮਾਲਿਆ ਦੀ ਕਿੰਗਫਿਸ਼ਰ ਏਅਰਲਾਈਨਜ਼ ਦਾ ਦਿਵਾਲਾ ਨਿਕਲਿਆ ਪਰ ਉਸ ਦਾ ਅਸਰ ਸਾਨੂੰ ਚਾਰ ਕੁ ਸਾਲਾਂ ਵਿੱਚ ਪਤਾ ਲੱਗਾ ਅਤੇ 2016 ਵਿੱਚ ਉਹ ਦੇਸ਼ ਛੱਡ ਕੇ ਫਰਾਰ ਹੋ ਗਿਆ। ਇਸ ਨਾਲ ਸਾਡੇ ਬੈਂਕਾਂ ਨੂੰ ਵੱਡਾ ਝਟਕਾ ਲੱਗਾ। ਅਖ਼ਬਾਰਾਂ ਦੇ ਅੰਕੜਿਆਂ ਮੁਤਾਬਕ ਤਕਰੀਬਨ 9000 ਕਰੋੜ ਸਿਰਫ ਐੱਸਬੀਆਈ ਦਾ ਹੀ ਸੀ। ਇਸ ਤੋਂ ਬਾਅਦ ਪੀਐੱਨਬੀ ਦਾ ਘੁਟਾਲਾ ਹੋਇਆ ਜਿਸ ਵਿੱਚ ਮੇਹੁਲ ਚੌਕਸੀ ਅਤੇ ਨੀਰਵ ਮੋਦੀ ਤਕਰੀਬਨ 11000 ਕਰੋੜ ਦਾ ਚੂਨਾ ਲਗਾ ਕੇ ਨਿਕਲ ਗਏ।

ਇਸ ਦੌਰਾਨ ਬੈਂਕਾਂ ਦੀ ਹਾਲਤ ਪਤਲੀ ਹੋਣੀ ਸ਼ੁਰੂ ਹੋ ਗਈ, ਵੱਡਿਆਂ ਨੂੰ ਪਤਾ ਲੱਗ ਗਿਆ ਕਿ ਪੈਸੇ ਲਓ ਤੇ ਨਿਕਲ ਜਾਓ। ਕੋਈ ਕੁਝ ਨਹੀਂ ਕਰ ਸਕਦਾ। ਉਹਨਾਂ ਆਪਣੀਆਂ ਜਾਇਦਾਦਾਂ ਪਹਿਲਾਂ ਹੀ ਬਾਹਰ ਬਣਾਈਆਂ ਹੋਈਆਂ ਹਨ। ਬਥੇਰੇ ਕਾਰਪੋਰੇਟ ਘਰਾਣੇ ਹਨ ਜਿਨ੍ਹਾਂ ਦੇ ਕਰਜ਼ੇ ਵੱਟੇ ਖਾਤੇ ਪਾ ਦਿੱਤੇ। ਪਿਛਲੇ 5 ਸਾਲਾਂ ਵਿੱਚ ਤਕਰੀਬਨ ਦਸ ਲੱਖ ਕਰੋੜ ਰੁਪਇਆ ਬੈਂਕਾਂ ਨੇ ਮੁਆਫ ਕੀਤਾ। ਇਸ ਵਿੱਚ ਤਕਰੀਬਨ 7,72,000 ਕਰੋੜ ਦੇ ਕਰੀਬ ਸਰਕਾਰੀ ਅਤੇ 2,32,000 ਕਰੋੜ ਦੇ ਕਰੀਬ ਪ੍ਰਾਈਵੇਟ ਬੈਂਕਾਂ ਦਾ ਹੈ। ਵਿੱਤ ਮੰਤਰੀ ਨੇ ਦਸੰਬਰ 2022 ਵਿੱਚ ਪਾਰਲੀਮੈਂਟ ਵਿੱਚ ਬਿਆਨ ਦਿੱਤਾ ਸੀ ਕਿ ਵੱਟੇ ਖਾਤੇ ਪਾਉਣ ਤੋਂ ਬਾਅਦ ਵੀ ਉਗਰਾਹੀ ਦੀ ਪ੍ਰਕਿਰਿਆ ਚੱਲਦੀ ਰਹਿੰਦੀ ਹੈ ਪਰ ਪੰਜ ਸਾਲਾਂ ਵਿੱਚ 10 ਲੱਖ ਕਰੋੜ ਵਿਚੋਂ ਤਕਰੀਬਨ ਇਕ ਲੱਖ ਬੱਤੀ ਹਜ਼ਾਰ ਕਰੋੜ ਹੀ ਵਾਪਿਸ ਲੈ ਸਕੇ। ਸਮਝਣ ਦੀ ਲੋੜ ਹੈ ਕਿ 2019 ਵਿੱਚ ਜਦੋਂ ਪੀਐੱਮਸੀ (ਪੰਜਾਬ ਮਹਾਰਾਸ਼ਟਰ ਕੋਆਪਰੇਟਿਵ) ਬੈਂਕ ਦਾ ਘੁਟਾਲਾ ਆਇਆ ਅਤੇ ਉਸ ਤੋਂ ਬਾਅਦ ਬਾਕੀ ਬੈਂਕਾਂ ਦੇ ਹਾਲਾਤ ਸਾਹਮਣੇ ਆਏ ਤਾਂ ਬੈਂਕਾਂ ਨੂੰ ਆਪਸ ਵਿੱਚ ਇਕੱਠੇ ਕਰ ਕੇ ਬਚਾ ਲਿਆ ਗਿਆ। ਅੱਗੇ ਹੁਣ ਇਹ ਰਸਤਾ ਵੀ ਖਤਮ ਹੁੰਦਾ ਜਾਂਦਾ ਹੈ। ਅਡਾਨੀ ਗਰੁੱਪ 'ਤੇ ਕੁੱਲ ਕਰਜ਼ਾ ਤਕਰੀਬਨ 1,80,000 ਕਰੋੜ ਦਾ ਹੈ।

ਅਡਾਨੀ ਗਰੁੱਪ ਦੇ ਸ਼ੇਅਰ ਡਿੱਗਣ 'ਤੇ ਐੱਸਬੀਆਈ ਦੇ ਚੇਅਰਮੈਨ ਦਾ ਬਿਆਨ ਆਇਆ ਹੈ ਕਿ ਬੈਂਕ ਦਾ ਸਿਰਫ 27000 ਕਰੋੜ ਹੈ ਜੋ ਕੁੱਲ ਪੂੰਜੀ ਦਾ 0.88 ਪ੍ਰਤੀਸ਼ਤ ਹੀ ਲੱਗਾ ਹੈ। ਇਹ ਗੱਲ ਉਹੀ ਕਹਿੰਦਾ ਹੈ ਜਿਸ ਦੀ ਆਪਣੀ ਜੇਬ ਵਿਚੋਂ ਪੈਸਾ ਨਹੀਂ ਲੱਗਾ ਹੁੰਦਾ।

(ਬਾਕੀ ਸਫ਼ਾ 31 'ਤੇ)

# ਪੰਜਾਬੀ ਨੌਜਵਾਨਾਂ ਦੇ ਪ੍ਰਵਾਸ ਦਾ ਕਾਰਣ ਹੈ ਬੇਰੁਜ਼ਗਾਰੀ ਤੇ ਮਹਿੰਗੀ ਪੜ੍ਹਾਈ

ਬਹਾਦਰ ਸਿੰਘ




ਵਿਦੇਸ਼ਾਂ ਵਿੱਚ ਜਾਣ ਦਾ ਚਾਅ ਪੰਜਾਬੀ ਮੁੰਡੇ-ਕੁੜੀਆਂ ਵਿੱਚ ਏਨਾ ਹੈ ਕਿ ਉਹ ਜ਼ਿੰਦਗੀ ਲਈ ਬਹੁਤ ਹੀ ਅਹਿਮ ਸਿੱਖਿਆ ਨੂੰ ਅਲਵਿਦਾ ਕਹਿਣ ਦੇ ਚੱਕਰ ਵਿੱਚ ਹਨ।ਪੰਜਾਬ ਦੇ ਪਿੰਡਾਂ ਵਿੱਚ ਇਕ ਗੱਲ ਸਾਫ਼ ਦਿਖਾਈ ਦਿੰਦੀ ਹੈ ਕਿ ਹਰ ਘਰ ਵਿਚੋਂ ਪੰਜਾਬੀ ਬੱਚੇ ਬਾਹਰ ਜਾਣ ਦੀ ਤਾਂਘ ਵਿੱਚ ਹਨ। ਉਨ੍ਹਾਂ ਦੇ ਮਾਪੇ ਵੀ ਬੱਚਿਆਂ ਨੂੰ ਬਾਹਰ ਭੇਜਣ ਲਈ ਉਤਾਵਲੇ ਹਨ। ਜਦੋਂ ਮਾਪਿਆਂ ਨਾਲ ਬੱਚਿਆਂ ਦੀ ਪੜ੍ਹਾਈ ਬਾਰੇ ਗੱਲ ਕਰੀਦੀ ਹੈ ਤਾਂ ਉਹ ਇਹੀ ਕਹਿੰਦੇ ਹਨ ਕਿ ਉਨ੍ਹਾਂ ਦੇ ਬੱਚੇ ਨੇ ਤਾਂ ਬਾਹਰ ਭਾਵ ਵਿਦੇਸ਼ ਹੀ ਜਾਣਾ ਹੈ। ਉਹ ਆਪਣੇ ਬੱਚਿਆਂ ਦੀ ਉੱਚ ਪੜ੍ਹਾਈ ਦੀ ਗੱਲ ਨਹੀਂ ਕਰਦੇ, ਸਗੋਂ ਕਹਿੰਦੇ ਹਨ ਕਿ ਜਦੋਂ ਬਾਹਰ ਹੀ ਜਾਣਾ ਹੈ ਤਾਂ ਬਹੁਤੇ ਪੜ੍ਹਨ ਜਾਂ ਪੜ੍ਹਾਈ ਵਿੱਚ ਵੱਧ ਸਮਾਂ ਲਗਾਉਣ ਦਾ ਕੀ ਲਾਭ ਹੈ। ਉਹ ਇਹ ਦਲੀਲ ਵੀ ਦਿੰਦੇ ਹਨ ਕਿ ਪੜ੍ਹਾਈ ਕਰਨ ਲਈ ਬੱਚਾ ਸਟੱਡੀ ਵੀਜ਼ਾ ਲੈ ਕੇ ਬਾਹਰ ਚਲਾ ਜਾਵੇਗਾ।

ਬਹੁਤ ਸਾਰੇ ਬੁੱਧੀਜੀਵੀ ਕਹਿੰਦੇ ਹਨ ਕਿ ਜਦੋਂ ਸਰਕਾਰਾਂ ਰੁਜ਼ਗਾਰ ਦੇਣ ਵਿੱਚ ਅਸਫ਼ਲ ਹੋਣ ਤਾਂ ਬੱਚਿਆਂ ਨੂੰ ਰੋਜ਼ੀ-ਰੋਟੀ ਲਈ ਬਾਹਰ ਹੀ ਜਾਣਾ ਪੈਣਾ ਹੈ। ਗਰੀਬ ਕਿਸਾਨ ਜਾਂ ਮਜ਼ਦੂਰ ਪਰਿਵਾਰ ਇਹ ਸੋਚ ਕੇ ਵੀ ਬੱਚਿਆਂ ਨੂੰ ਬਾਹਰ ਭੇਜ ਰਹੇ ਹਨ ਕਿ ਇੱਥੇ ਵਿਹਲੇ ਫਿਰਨ ਨਾਲੋਂ ਉਨ੍ਹਾਂ ਦੇ ਬੱਚੇ ਬਾਹਰ ਚੰਗੀ ਕਮਾਈ ਕਰ ਸਕਣਗੇ। ਕਈਆਂ ਨੂੰ ਡਾਲਰਾਂ ਦੀ ਚਮਕ-ਦਮਕ ਵੀ ਬੱਚੇ ਬਾਹਰ ਭੇਜਣ ਲਈ ਉਕਸਾਉਂਦੀ ਹੈ। ਉਹ ਇਸ ਗੱਲ ਤੋਂ ਸੱਚੇ ਹਨ ਕਿ ਇੱਥੇ ਡਿਗਰੀਆਂ ਪ੍ਰਾਪਤ ਕਰ ਕੇ ਜੇ ਵਿਹਲੇ ਹੀ ਫਿਰਨਾ ਹੈ ਤਾਂ ਬਾਹਰ ਜਾਣਾ ਹੀ ਚੰਗਾ ਹੈ।

ਇਸ ਲਹਿਰ ਦੇ ਵਿਆਪਕ ਅਸਰ ਸਾਹਮਣੇ ਆ ਰਹੇ ਹਨ। ਪਿੰਡਾਂ ਵਿੱਚ ਬੱਚੇ ਬਾਰ੍ਹਵੀਂ ਤੋਂ ਅੱਗੇ ਪੜ੍ਹਨਾ ਪਸੰਦ ਨਹੀਂ ਕਰ ਰਹੇ, ਜਿਸ ਕਰ ਕੇ ਉਹ ਜਲਦੀ ਤੋਂ ਜਲਦੀ ਆਇਲੈਟ ਪਾਸ ਕਰ ਕੇ ਵਿਦੇਸ਼ਾਂ ਵਿੱਚ ਜਾਣ ਨੂੰ ਤਰਜੀਹ ਦੇ ਰਹੇ ਹਨ। ਪੰਜਾਬੀ ਮਾਪੇ ਵੀ ਜਾਣ ਗਏ ਹਨ ਕਿ ਬੱਚੇ ਦੇ ਬੀਏ, ਐੱਮਏ ਪਾਸ ਕਰਨ ਦਾ ਕੋਈ ਲਾਭ ਨਹੀਂ ਹੈ, ਸਗੋਂ ਉਸ ਨੂੰ ਆਇਲੈਟ ਕਰਵਾ ਕੇ ਛੇਤੀ ਜਹਾਜ਼ ਚੜ੍ਹਾਇਆ ਜਾਵੇ। ਇਸ ਤਰ੍ਹਾਂ ਬੱਚਿਆਂ ਵਿੱਚ ਕਾਲਜ ਵਿਦਿਆ ਦਾ ਰੁਝਾਨ ਦਿਨ ਪ੍ਰਤੀ ਦਿਨ ਘੱਟਦਾ ਜਾ ਰਿਹਾ ਹੈ। ਸ਼ਹਿਰਾਂ ਵਿੱਚ ਥਾਂ-ਥਾਂ ਆਇਲੈਟ ਕਰਵਾਉਣ ਵਾਲਿਆਂ ਦੇ ਬੋਰਡ ਲੱਗੇ ਹੋਏ ਹਨ, ਜਿਹੜੇ ਕਿ ਚੰਗੀਆਂ ਫੀਸਾਂ ਲੈ ਰਹੇ ਹਨ।ਬੱਚਿਆਂ ਅਤੇ ਮਾਪਿਆਂ ਨੂੰ ਪਤਾ ਹੈ ਕਿ ਕੇਵਲ ਆਇਲੈਟ ਹੀ ਬਾਹਰ ਜਾਣ ਦਾ ਰਾਹ ਹੈ, ਇਸ ਲਈ ਇੰਗਲਿਸ਼ ਜ਼ਰੂਰੀ ਹੈ। ਇਸ ਤਰ੍ਹਾਂ ਸਕੂਲਾਂ, ਕਾਲਜਾਂ ਵਿੱਚ ਵਿਗਿਆਨ ਪੜ੍ਹਨ ਵਾਲਿਆਂ ਦੀ ਗਿਣਤੀ ਲਗਾਤਾਰ ਘੱਟਦੀ ਜਾ ਰਹੀ ਹੈ ਤੇ ਇਸ ਦੇ ਉਲਟ ਆਇਲੈਟ ਕਰਵਾਉਣ ਵਾਲੇ ਕੋਚਿੰਗ ਸੈਂਟਰ ਵਿੱਚ ਮੁੰਡੇ-ਕੁੜੀਆਂ ਵੀ ਭੀੜ ਵਧਦੀ ਜਾ ਰਹੀ ਹੈ।

ਵਿਦੇਸ਼ਾਂ ਵਿੱਚ ਜਾਣ ਦੇ ਇਸ ਰੁਝਾਨ ਨਾਲ ਪੰਜਾਬ ਦੇ ਆਰਥਿਕ ਅਤੇ ਸਮਾਜਿਕ ਖੇਤਰ ਉਤੇ ਵੀ ਬੜਾ ਪ੍ਰਭਾਵਸ਼ਾਲੀ ਅਸਰ ਦੇਖਣ ਨੂੰ ਮਿਲ ਰਿਹਾ ਹੈ। ਪਿੰਡਾਂ ਵਿੱਚ ਲੋਕ ਪੰਦਰਾਂ-ਪੰਦਰਾਂ, ਵੀਹ-ਵੀਹ ਲੱਖ ਰੁਪਏ ਲਗਾ ਕੇ ਬੱਚਿਆਂ ਨੂੰ ਬਾਹਰ ਭੇਜ ਰਹੇ ਹਨ। ਇਸ ਸਾਰੇ ਪੈਸੇ ਦੀ ਕਮੀ ਪੰਜਾਬ ਨੂੰ ਸਹਿਣ ਕਰਨੀ ਪੈਂਦੀ ਹੈ। ਦੂਜੇ ਪਾਸੇ ਬਹੁਤ ਸਾਰੇ ਗਰੀਬ ਕਿਸਾਨ ਜ਼ਮੀਨ ਵੇਚ ਕੇ ਜਾਂ ਬੈਂਕਾਂ ਤੋਂ ਕਰਜ਼ਾ ਲੈ ਕੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਭੇਜ ਰਹੇ ਹਨ। ਇਸੇ ਤਰ੍ਹਾਂ ਸਮਾਜਿਕ ਜੀਵਨ ਵੀ ਪ੍ਰਭਾਵਿਤ ਹੋ ਰਿਹਾ ਹੈ, ਜਿਨ੍ਹਾਂ ਮੁੰਡਿਆਂ ਪਾਸੋਂ ਆਇਲੈਟ ਪਾਸ ਨਹੀਂ ਹੁੰਦੀ ਜਾਂ ਚੰਗੇ ਬੈਂਡ ਨਹੀਂ ਆਉਂਦੇ ਤਾਂ ਉਹ ਆਇਲੈਟ ਪਾਸ ਕੁੜੀਆਂ ਨਾਲ ਵਿਆਹ ਕਰਵਾ ਕੇ ਬਾਹਰ ਜਾਣ ਲਈ ਕਾਹਲੇ ਪੈ ਜਾਂਦੇ ਹਨ ਅਤੇ ਲੜਕੀ ਵਾਲਿਆਂ ਦੀ ਰਜਾਮੰਦੀ ਨਾਲ ਵਿਆਹ 'ਤੇ ਆਪ ਹੀ ਖਰਚਾ ਕਰਦੇ ਹਨ। ਕਈ ਵਾਰ ਤਾਂ ਦੇਖਣ ਵਿੱਚ ਆਇਆ ਹੈ ਕਿ ਗੈਰ ਸੰਵਿਧਾਨਕ ਵਿਆਹ ਰਚਾ ਕੇ ਬਾਹਰ ਜਾਣ ਦੀ ਕਾਹਲ ਵਿੱਚ ਸਮਾਜ ਦੀ ਵੀ ਪ੍ਰਵਾਹ ਨਹੀਂ ਕਰਦੇ। ਨੌਜਵਾਨ ਪੀੜੀ ਤੋਂ ਹੁਣ ਪੰਜਾਬ ਦੇ ਪਿੰਡ ਸੱਖਣੇ ਨਜ਼ਰ ਆ ਰਹੇ ਹਨ। ਉਂਝ ਵੀ ਪਿੰਡਾਂ ਵਿੱਚ ਜੇ ਅਸੀਂ ਨਜ਼ਰ ਮਾਰੀਏ ਤਾਂ ਵੱਡੀਆਂ-ਵੱਡੀਆਂ ਕੋਠੀਆਂ ਖਾਲੀ ਪਈਆਂ ਹਨ ਅਤੇ ਉਨ੍ਹਾਂ ਦੇ ਮਾਲਕ ਵਿਦੇਸ਼ਾਂ ਵਿੱਚ ਰਹਿ ਰਹੇ ਹਨ। ਕਈ ਹਾਲਾਤਾਂ ਵਿੱਚ ਤਾਂ ਕੇਵਲ ਬਜ਼ੁਰਗ ਲੋਕ ਹੀ ਪਿੰਡਾਂ ਵਿੱਚ ਰਹਿੰਦੇ ਹਨ, ਜਿਨ੍ਹਾਂ ਦਾ ਬੁਢਾਪਾ ਕੁੱਝ ਦਰਦ ਮਈ ਬਣ ਜਾਂਦਾ ਹੈ। ਬੱਚਿਆਂ ਤੋਂ ਬਿਨਾਂ ਮਾਪਿਆਂ ਦਾ ਇਕੱਲੇ ਰਹਿਣਾ ਕੋਈ ਸੌਖਾ ਕੰਮ ਨਹੀਂ ਹੈ। ਮੋਹ ਅਤੇ ਸਨੇਹ ਦੀਆਂ ਤੰਦਾਂ ਵੀ ਟੁੱਟਦੀਆਂ ਨਜ਼ਰ ਆਉਂਦੀਆਂ ਹਨ।

ਮੁੜ ਸਿੱਖਿਆ ਦੇ ਖੇਤਰ ਦੀ ਗੱਲ ਕਰਦੇ ਹਾਂ। ਕਿੰਨਾ ਚੰਗਾ ਹੋਵੇ ਜੇ ਨੌਜਵਾਨ ਪੀੜ੍ਹੀ ਆਪਣੇ ਪੰਜਾਬ ਵਿੱਚ ਖ਼ੂਬ ਚੰਗੀ ਪੜ੍ਹਾਈ ਕਰ ਕੇ, ਕੋਈ ਚੰਗੀ ਡਿਗਰੀ ਪ੍ਰਾਪਤ ਕਰ ਕੇ ਵਿਦੇਸ਼ਾਂ ਨੂੰ ਜਾਣ ਤਾਂ ਕਿ ਵਿਦੇਸ਼ਾਂ ਵਿੱਚ ਵੀ ਉਨ੍ਹਾਂ ਨੂੰ ਵਧੀਆ ਰੁਜ਼ਗਾਰ ਮਿਲੇ ਅਤੇ ਉਨ੍ਹਾਂ ਦੀ ਜ਼ਿੰਦਗੀ ਚੰਗੀ ਬਣ ਸਕੇ, ਉਹ ਕਮਾਈ ਵੀ ਚੰਗੀ ਕਰ ਲੈਣ ਪਰ ਜੇ ਬੱਚਿਆਂ ਨੇ ਬਾਹਰ ਜਾ ਕੇ ਮਜ਼ਦੂਰੀ ਹੀ ਕਰਨੀ ਹੈ ਤਾਂ ਮਜ਼ਦੂਰੀ ਤਾਂ ਇੱਥੇ ਵੀ ਬਥੇਰੀ ਹੈ। ਬੱਚਿਆਂ ਨੂੰ ਇਹ ਗੱਲ ਜ਼ਰੂਰ ਸਮਝ ਲੈਣੀ ਚਾਹੀਦੀ ਹੈ ਕਿ ਉਹ ਜਿੱਥੇ ਮਰਜ਼ੀ ਰੁਜ਼ਗਾਰ ਲੱਭਣ, ਚੰਗੀ ਸਿੱਖਿਆ ਹੀ ਉਨ੍ਹਾਂ ਦੇ ਕੰਮ ਆਵੇਗੀ।

ਪਰ ਗੱਲ ਇੰਨੀ ਵੱਧ ਚੁੱਕੀ ਹੈ ਕਿ ਪੰਜਾਬ ਹੀ ਨਹੀਂ, ਦੂਜੇ ਸੂਬਿਆਂ ਦੇ ਬੱਚੇ ਵੀ ਵਿਦੇਸ਼ਾਂ ਵਿੱਚ ਜਾਣ ਲਈ ਕਾਹਲੇ ਹਨ। ਯੂ ਪੀ ਦੇ ਤਿਰਾਈ ਇਲਾਕੇ ਵਿੱਚ ਸਿੱਖ ਕਿਸਾਨਾਂ ਦੀ ਗਿਣਤੀ ਬਹੁਤ ਵੱਧ ਹੈ, ਉਥੋਂ ਦੇ ਬੱਚੇ ਵੀ ਆਪਣੀ ਪੜ੍ਹਾਈ ਦੀ ਥਾਂ ਛੇਤੀ ਤੋਂ ਛੇਤੀ ਬਾਹਰ ਜਾਣ ਲਈ ਕਾਹਲੇ ਹਨ।ਕਈ ਸਿਆਣੇ ਲੋਕ ਇਸ ਗੱਲ ਦੀ ਵੀ ਪੁਸ਼ਟੀ ਕਰਦੇ ਹਨ ਕਿ ਦੇਸ਼ ਵਿੱਚ ਉੱਚ ਵਿਦਿਆ ਬਹੁਤ ਮਹਿੰਗੀ ਹੋ ਚੁੱਕੀ ਹੈ। ਕਾਲਜਾਂ ਦੀਆਂ ਫੀਸਾਂ ਇੰਨੀਆਂ ਜ਼ਿਆਦਾ ਹੋ ਚੁੱਕੀਆਂ ਹਨ ਕਿ ਗਰੀਬ ਮਾਪੇ ਆਪਣੇ ਬੱਚਿਆਂ ਨੂੰ ਕਾਲਜਾਂ ਜਾਂ ਯੂਨੀਵਰਸਿਟੀਆਂ ਵਿੱਚ ਨਹੀਂ ਪੜ੍ਹਾ ਸਕਦੇ। ਜੇ ਕੋਈ ਬੱਚਾ, ਪੜ੍ਹਾਈ ਵਿੱਚ ਚੰਗਾ ਹੁਸ਼ਿਆਰ ਹੈ ਅਤੇ ਉਸ ਦੇ ਮਾਪੇ ਵੀ ਉਸ ਨੂੰ ਇੰਜਨੀਅਰ ਜਾਂ ਡਾਕਟਰ ਬਣਾਉਣਾ ਚਾਹੁੰਦੇ ਹਨ ਤਾਂ ਇੱਕ ਡਾਕਟਰ ਅਤੇ ਇੰਜਨੀਅਰ ਬਣਨ ਲਈ ਲੱਖਾਂ ਰੁਪਏ ਲਗਾਉਣ ਦੀ ਉਨ੍ਹਾਂ ਦੀ ਆਰਥਿਕ ਸਥਿਤੀ ਨਹੀਂ ਹੈ ਤਾਂ ਉਹ ਵੀ ਇਹ ਹੀ ਕਹਿ ਦਿੰਦੇ ਹਨ ਕਿ ਜੇ 20-25 ਲੱਖ ਰੁਪਿਆ ਲਗਾ ਕੇ ਬੱਚੇ ਨੂੰ ਡਾਕਟਰੀ ਕਰਵਾਉਣੀ ਹੈ ਤਾਂ ਕਿਉਂ ਨਾ ਉਸ ਨੂੰ ਏਨੇ ਪੈਸੇ ਲਗਾ ਕੇ ਬਾਹਰ ਹੀ ਸੈੱਟ ਕਰਵਾ ਦਿੱਤਾ ਜਾਵੇ।ਇਸ ਨਾਲ ਸਾਡੇ ਬੁੱਧੀਜੀਵੀ ਬੱਚੇ ਵੀ ਪੜ੍ਹਾਈ ਛੱਡ ਬਾਹਰ ਜਾ ਰਹੇ ਹਨ, ਜਿਸ ਨਾਲ ਦੇਸ਼ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ।ਗੱਲ ਬਿਲਕੁਲ ਸਾਫ਼ ਹੈ ਕਿ ਪੰਜਾਬ ਦੇ ਸਿੱਖਿਆ ਸ਼ਾਸਤਰੀ ਇਸ ਗੱਲ ਤੋਂ ਬਹੁਤ ਚਿੰਤਤ ਹਨ ਕਿ ਪੰਜਾਬ ਦੀ ਸਿੱਖਿਆ ਦਾ ਕੀ ਬਣੇਗਾ ? ਜੇ ਬੱਚੇ ਦਸਵੀਂ, ਬਾਰ੍ਹਵੀਂ ਤੋਂ ਅੱਗੇ ਪੜ੍ਹਨਗੇ ਹੀ ਨਹੀਂ ਤਾਂ ਪੰਜਾਬ ਕਿਸ ਤਰ੍ਹਾਂ ਤਰੱਕੀ ਕਰੇਗਾ। ਵਿਗਿਆਨ ਦਾ ਖੇਤਰ ਕਿਸ ਤਰ੍ਹਾਂ ਦੂਜਿਆਂ ਮੁਲਕਾਂ ਦੀ ਬਰਾਬਰੀ ਕਰੇਗਾ। ਇਸ ਲਈ ਸਿੱਖਿਆ ਦੀ ਸੰਭਾਲ ਬਹੁਤ ਜ਼ਰੂਰੀ ਹੈ।

# ਪੰਜਾਬੀ ਸੱਭਿਆਚਾਰ ਤੇ ਭਾਸ਼ਾ ਦੀ ਸ਼ੁੱਧਤਾ ਨੂੰ ਬਣਾਈ ਰੱਖਣ ਲਈ ਠੋਸ ਕਦਮ ਚੁੱਕਣ ਵਿੱਦਿਅਕ ਅਦਾਰੇ

ਯਸ਼ਪ੍ਰੀਤ ਕੌਰ ਲੈਕਚਰਾਰ



ਪੰਜਾਬ ਦੇ ਸਰਕਾਰੀ ਅਤੇ ਗੈਰ ਸਰਕਾਰੀ ਵਿੱਦਿਅਕ ਅਦਾਰਿਆਂ ਵਿੱਚ ਕਈ ਤਰ੍ਹਾਂ ਦੇ ਸੱਭਿਆਚਾਰਕ ਵਿਗਾੜ ਆ ਰਹੇ ਹਨ। ਜਿਸ ਦਾ ਪਹਿਲਾ ਤੇ ਵੱਡਾ ਕਾਰਨ ਦਸਵੀਂ ਜਾਂ ਬਾਰ੍ਹਵੀਂ ਦੀ ਮੁੱਢਲੀ ਸਿੱਖਿਆ ਲੈ ਕੇ ਪੰਜਾਬੀ ਬੱਚਿਆਂ ਦਾ ਬਾਹਰਲੇ ਦੇਸ਼ਾਂ ਨੂੰ ਪ੍ਰਵਾਸ ਕਰ ਜਾਣਾ ਹੈ। ਪੰਜਵੀਂ ਵਿੱਚ ਪੜ੍ਹਦੇ ਪੰਜਾਬੀ ਬੱਚੇ ਨੂੰ ਪੁੱਛੀਏ ਕਿ ਵੱਡਾ ਹੋ ਕੇ ਕੀ ਕਰਨਾ ਤਾਂ ਅਨਭੋਲ ਬੱਚਾ ਬੜੇ ਫ਼ਖ਼ਰ ਨਾਲ ਜਵਾਬ ਦਿੰਦਾ ਕਿ ਮੈਂ ਕੈਨੇਡਾ ਜਾਣਾ ਤੇ ਮਾਂ-ਬਾਪ ਖ਼ੁਸ਼ ਹੁੰਦੇ ਕਿ ਸਾਡਾ ਬੱਚਾ ਬਾਹਰ ਜਾਵੇਗਾ। ਇਹ ਸੋਚਣ ਸਮਝਣ ਵਾਲੀ ਗੱਲ ਹੈ ਕਿ, ਕੀ ਕਾਰਨ ਹੈ ਕਿਉਂ ਪੰਜਾਬੀ ਮਾਪੇ ਛੇਤੀ ਤੋਂ ਛੇਤੀ ਆਪਣੇ ਬੱਚਿਆਂ ਨੂੰ ਪੰਜਾਬ ਦੀ ਧਰਤੀ ਤੋਂ ਸੱਤ ਸਮੁੰਦਰ ਪਾਰ ਅਮਰੀਕਾ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਭੇਜ ਦੇਣਾ ਚਾਹੁੰਦੇ ਹਨ। ਕਿਉਂ ਚੰਗੇ-ਭਲੇ ਸਰਦੇ-ਪੁੱਜਦੇ ਘਰ-ਪਰਿਵਾਰ ਵੀ ਬਾਹਰਲੇ ਮੁਲਕ ਚਲੇ ਜਾਣ ਦੀ ਦੌੜ ਵਿੱਚ ਲੱਗੇ ਹੋਏ ਹਨ। ਹੁਣ ਗੱਲ ਵਿਦੇਸ਼ਾਂ ਵਿੱਚ ਕਮਾਈਆਂ ਕਰਨ ਜਾਣ ਤੱਕ ਤੋਂ ਬਹੁਤ ਅੱਗੇ ਨਿਕਲ ਚੁੱਕੀ ਹੈ। ਜੋ ਕੋਈ ਵੀ ਜਾ ਰਿਹਾ ਹੈ ਉਹ ਕਮਾਈਆਂ ਕਰਕੇ ਜਾਂ ਪੜ੍ਹਾਈ ਪੂਰੀ ਕਰਕੇ ਮੁੜ ਪੰਜਾਬ ਪਰਤਣ ਲਈ ਨਹੀਂ, ਸਗੋਂ ਹਮੇਸ਼ਾਂ ਲਈ ਪੰਜਾਬ ਤੋਂ ਦੂਰ ਜਾ ਕੇ ਵਸਣ ਲਈ ਜਾ ਰਿਹਾ ਹੈ। ਜਦੋਂ ਆਪ ਪੰਜਾਬੀ ਪੰਜਾਬ ਤੋਂ ਆਪਣੇ ਬੱਚਿਆਂ ਨੂੰ ਦੂਰ ਭਜਾ ਰਹੇ ਹਨ, ਉਚੇਰੀ ਸਿੱਖਿਆ ਦੇ ਅਦਾਰੇ ਖਾਲੀ ਕਰ ਰਹੇ ਹਨ ਤਾਂ ਫਿਰ ਉਨ੍ਹਾਂ ਅਦਾਰਿਆਂ ਵਿੱਚ ਬਾਹਰਲੇ ਸੂਬਿਆਂ ਦੇ ਬੱਚੇ ਹੀ ਪੜ੍ਹਨਗੇ।

ਪੰਜਾਬ ਦੇ ਵਿੱਦਿਅਕ ਅਦਾਰਿਆਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਹੁਣ ਹਰ ਸਾਲ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਵਿਦਿਆਰਥੀਆਂ ਦਾ ਵਾਧਾ ਹੋ ਰਿਹਾ ਹੈ। ਖ਼ਾਸ ਕਰਕੇ ਉੱਚ-ਵਿੱਦਿਅਕ ਅਦਾਰਿਆਂ ਵਿੱਚ ਤਾਂ ਗੈਰ-ਪੰਜਾਬੀ ਵਿਦਿਆਰਥੀਆਂ ਦੀ ਗਿਣਤੀ ਬਰਾਬਰਤਾ ਦੀ ਹੱਦ ਤੱਕ ਪਹੁੰਚ ਚੁੱਕੀ ਹੈ।

ਪੰਜਾਬ ਦੇ ਵਿੱਦਿਅਕ ਅਦਾਰਿਆਂ ਵਿੱਚ ਸੱਭਿਆਚਾਰਕ ਵਿਗਾੜ ਦਾ ਦੂਜਾ ਕਾਰਨ ਹੈ, ਪੰਜਾਬੀਆਂ ਵੱਲੋਂ ਖ਼ੁਦ ਆਪਣੀ ਭਾਸ਼ਾ ਤੇ ਸੱਭਿਆਚਾਰ ਨੂੰ ਵਿਸਾਰਨਾ। ਧਰਮ ਚਾਹੇ ਕਿਸੇ ਦਾ ਕੋਈ ਵੀ ਹੋਵੇ, ਪਰ ਮਾਂ-ਬੋਲੀ ਹਰ ਬੰਦੇ ਦੀ ਓਹੀ ਹੁੰਦੀ ਹੈ, ਜੋ ਉਸ ਦੇ ਸੂਬੇ ਦੀ ਹੁੰਦੀ ਹੈ, ਪਰ ਪੰਜਾਬ ਵਿੱਚ ਇਸ ਤਰ੍ਹਾਂ ਨਹੀਂ ਹੋ ਰਿਹਾ। ਇੰਝ ਲਗਦਾ ਜਿਵੇਂ ਪੰਜਾਬ ਦੇ ਜਾਇਆਂ ਨੇ ਹੀ ਪੰਜਾਬੀ ਬੋਲੀ ਨੂੰ ਪੱਛੜੀ ਹੋਈ ਅਤੇ ਦੂਜੇ ਦਰਜੇ ਦੀ ਬੋਲੀ ਸਾਬਤ ਕਰਨ ਦੀ ਜ਼ਿੱਦ ਫੜੀ ਹੋਈ ਹੈ। ਸਰਕਾਰ ਚਾਹੇ ਪੰਜਾਬੀ ਬੋਲੀ ਦੇ ਹੱਕ ਵਿੱਚ ਕੋਈ ਕਾਨੂੰਨ ਬਣਾਈ ਜਾਵੇ, ਪਰ ਪੜ੍ਹੇ-ਲਿਖੇ ਤੇ ਸਿਆਣੇ ਪੰਜਾਬੀ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਰਦੇ। ਭੋਰਾ-ਭਰ ਬੱਚਿਆਂ ਨਾਲ ਪੰਜਾਬੀ ਮਾਪੇ ਹਮਕਾ-ਤੁਮਕਾ ਜਾਂ ਕੈਟ-ਡੌਗ ਕਰ ਰਹੇ ਹੁੰਦੇ ਨੇ, ਜਿਵੇਂ ਪੰਜਾਬੀ ਅਨਪੜ੍ਹਾਂ ਦੀ ਬੋਲੀ ਹੋਵੇ ਤੇ ਹਿੰਦੀ ਜਾਂ ਅੰਗਰੇਜ਼ੀ ਪੜ੍ਹੇ-ਲਿਖਿਆਂ ਦੀ। ਜਦੋਂ ਕਿ ਕੋਈ ਵੀ ਬੋਲੀ ਕਿਸੇ ਦਾ ਘੱਟ ਜਾਂ ਵੱਧ ਪੜ੍ਹੇ-ਲਿਖੇ ਹੋਣ ਦਾ ਸਬੂਤ ਨਹੀਂ ਪੇਸ਼ ਕਰਦੀ। ਬੋਲੀ ਤਾਂ ਸਗੋਂ ਨਵੀਂ ਪੀੜ੍ਹੀ ਨੂੰ ਸੱਭਿਆਚਾਰ ਨਾਲ ਜੋੜਦੀ ਹੈ ਤੇ ਦੁਨੀਆਂ ਵਿੱਚ ਵੱਖਰੀ ਪਛਾਣ ਬਣਾਉਂਦੀ ਹੈ। ਵਿੱਦਿਅਕ ਅਦਾਰਿਆਂ ਅੰਦਰ ਪੰਜਾਬੀ ਬੋਲਣ ਉੱਤੇ ਲਗਾਈਆਂ ਜਾਂਦੀਆਂ ਬੇਵਜਾਹ ਦੀਆਂ ਪਾਬੰਦੀਆਂ ਸਾਡੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਤੋਂ ਤੋੜ ਰਹੀਆਂ ਹਨ।

ਤੀਜਾ ਅਹਿਮ ਕਾਰਨ ਹੈ ਮਨੋਰੰਜਨ ਦੇ ਨਾਂ ਹੇਠ ਅੱਜ ਦੇ ਗੀਤਕਾਰਾਂ, ਗਾਇਕਾਂ, ਡਾਂਸਰਾਂ ਅਤੇ ਫੈਸ਼ਨ ਮਾਡਲਾਂ ਵਲੋਂ ਸ਼ਰੇਆਮ ਫੈਲਾਈ ਜਾ ਰਹੀ ਲੱਚਰਤਾ। ਇਸ ਲੱਚਰਤਾ ਵੱਲੋਂ ਵੀ ਸਿੱਧਾ ਹਮਲਾ ਵਿੱਦਿਅਕ ਅਦਾਰਿਆਂ ਵਿੱਚ ਹੋ ਰਹੇ ਫੰਕਸ਼ਨਾਂ ਦੇ ਰਾਹੀਂ ਪੰਜਾਬ ਦੀ ਨੌਜਵਾਨੀ ਉੱਪਰ ਹੋ ਰਿਹਾ ਹੈ। ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿੱਚ ਨਰਸਰੀ ਕਲਾਸਾਂ ਤੋਂ ਹੀ ਫੈਂਸੀ ਡਰੈੱਸ ਮੁਕਾਬਲਿਆਂ ਦੇ ਨਾਂ ਉੱਪਰ ਬੱਚਿਆਂ ਅੰਦਰ ਫੈਸ਼ਨ ਦਾ ਰੁਝਾਨ ਪੈਦਾ ਕਰ ਦਿੱਤਾ ਜਾਂਦਾ ਹੈ। ਸਮਾਰਟ, ਬਿਊਟੀਫੁੱਲ ਅਤੇ ਮਾਡਰਨ ਦਿਸਣ ਦੀ ਹੋੜ ਵਿੱਚ ਪੰਜਾਬੀ ਪਹਿਰਾਵਾ ਪੰਜਾਬ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚੋਂ ਦਿਨੋ-ਦਿਨ ਗਾਇਬ ਹੋ ਰਿਹਾ ਹੈ।

ਪੰਜਾਬ ਦਾ ਦਰਦ ਰੱਖਣ ਵਾਲੇ ਹਰ ਪੰਜਾਬੀ ਲਈ ਇਹ ਚਿੰਤਾ ਦਾ ਵਿਸ਼ਾ ਹੈ, ਕਿਉਂ ਅਤੇ ਕਿਵੇਂ ਸਾਡਾ ਸੱਭਿਆਚਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਆਓ ! ਵਕਤ ਰਹਿੰਦੇ ਇਸ ਗੱਲ ਉੱਪਰ ਵਿਚਾਰ ਕਰੀਏ ਅਤੇ ਹੱਲ ਲੱਭੀਏ ਤਾਂ ਜੋ ਪੰਜਾਬ ਦੀਆਂ ਆਉਣ ਵਾਲੀਆਂ ਨਸਲਾਂ ਪੰਜਾਬੀ ਸੱਭਿਆਚਾਰ ਦੀ ਪਾਕੀਜ਼ਗੀ ਨੂੰ ਮਾਣ ਸਕਣ। ਵਿਦੇਸ਼ਾਂ ਵਿੱਚ ਜਾਣਾ ਕੋਈ ਬੁਰੀ ਗੱਲ ਨਹੀਂ ਹੈ, ਪਰ ਕੁਝ ਸਮਝੋ ਤੇ ਖਿਆਲ ਕਰੋ ਕਿ ਕਿਉਂ ਅਸੀਂ ਅੱਲੜ ਉਮਰ ਦੇ ਬੱਚਿਆਂ ਨੂੰ ਆਪਣੇ ਵਤਨ, ਆਪਣੇ ਪੰਜਾਬ ਤੋਂ ਉਸ ਵਕਤ ਦੂਰ ਭੇਜ ਦਿੰਦੇ ਹਾਂ, ਜਦੋਂ ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਦਿਆਂ ਅਸਲ ਵਿੱਚ ਉਨ੍ਹਾਂ ਪੰਜਾਬ ਅਤੇ ਪੰਜਾਬੀਅਤ ਨੂੰ ਜਾਣਨਾ ਅਤੇ ਪਹਿਚਾਣਨਾ ਹੁੰਦਾ ਹੈ, ਇਹ ਬਿਲਕੁਲ ਓਵੇਂ ਹੀ ਹੈ ਜਿਵੇਂ ਕੋਈ ਫੁੱਲ ਦੇ ਖਿੜਨ ਤੋਂ ਪਹਿਲਾਂ ਹੀ ਉਸ ਨੂੰ ਬੂਟੇ ਨਾਲੋਂ ਤੋੜ ਦੇਵੇ। ਘੱਟ ਤੋਂ ਘੱਟ ਗ੍ਰੈਜੂਏਸ਼ਨ ਤੱਕ ਦੀ ਪੜ੍ਹਾਈ ਤਾਂ ਆਪਣੇ ਬੱਚਿਆਂ ਨੂੰ ਆਪਣੇ ਕੋਲ ਪੰਜਾਬ ਦੀ ਸਰ-ਜ਼ਮੀਨ ਉੱਪਰ ਹਾਸਲ ਕਰਨ ਦਾ ਮੌਕਾ ਦੇਵੋ। ਪੰਜਾਬ ਦੇ ਜਾਇਆਂ ਨੂੰ ਪੰਜਾਬੀ ਫੁਲਵਾੜੀ ਦੀ ਮਹਿਕ ਦੀ ਪਛਾਣ ਤਾਂ ਕਰਨ ਦਿਓ, ਉਨ੍ਹਾਂ ਦੇ ਖ਼ੁਦ ਦੇ ਅੰਦਰ ਪੰਜਾਬੀਅਤ ਦੇ ਫੁੱਲ ਨੂੰ ਖਿੜਨ ਦਿਓ। ਹੋਰ ਬੋਲੀਆਂ ਜੀ-ਸਦਕੇ ਸਿੱਖੋ ਤੇ ਸਿਖਾਉ, ਪਰ ਆਪਣੀ ਬੋਲੀ ਨੂੰ ਪੂਰਾ ਅਦਬ ਸਤਿਕਾਰ ਦਿੰਦੇ ਹੋਏ ਮਾਣ ਨਾਲ ਬੋਲੋ, ਪੜ੍ਹੋ ਅਤੇ ਪੜ੍ਹਾਉ। ਜੇ ਬੱਚੇ ਮਾਂ-ਬੋਲੀ ਭੁੱਲ ਗਏ ਤਾਂ ਮੁੱਢਲੀਆਂ ਇਨਸਾਨੀ ਕਦਰਾਂ-ਕੀਮਤਾਂ ਵੀ ਭੁੱਲ ਜਾਣਗੇ।

ਪੰਜਾਬ ਦੇ ਸਕੂਲ-ਕਾਲਜਾਂ ਵਿੱਚ ਬੇਸ਼ੱਕ ਕਦੇ-ਕਦਾਈਂ ਧਾਰਮਿਕ ਮਸਲੇ ਵੀ ਬਣ ਜਾਂਦੇ ਹਨ ਪਰ ਸੱਭਿਆਚਾਰ ਦੇ ਖੇਤਰ ਵਿੱਚ ਪੰਜਾਬੀ ਸਿੱਖਿਆ ਪ੍ਰਣਾਲੀ ਦਾ ਪੱਧਰ ਵਧੇਰੇ ਨਿਘਾਰ ਵੱਲ ਜਾ ਰਿਹਾ ਹੈ। ਇਥੇ ਵਿੱਦਿਅਕ ਸੰਸਥਾਵਾਂ ਦੇ ਪ੍ਰਬੰਧਕਾਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਹ ਸੱਚ ਹੈ ਕਿ ਗੈਰ-ਪੰਜਾਬੀ ਵਿਦਿਆਰਥੀਆਂ ਦੀ ਆਮਦ ਪੰਜਾਬ ਦੇ ਵਿੱਦਿਅਕ ਅਦਾਰਿਆਂ ਵਿੱਚ ਲਗਾਤਾਰ ਵਧ ਰਹੀ ਹੈ, ਭਾਵੇਂ ਕਿ ਉਹਨਾਂ ਦੇ ਆਉਣ ਉੱਪਰ ਕੋਈ ਵੀ ਅਦਾਰਾ ਪਾਬੰਦੀ ਨਹੀਂ ਲਗਾ ਸਕਦਾ, ਪਰ ਫਿਰ ਵੀ ਸਕੂਲ-ਕਾਲਜ ਪ੍ਰਬੰਧਕਾਂ ਨੂੰ ਪੰਜਾਬੀ ਸੱਭਿਆਚਾਰ ਦੀ ਨਿਰੋਲਤਾ ਨੂੰ ਬਣਾਈ ਰੱਖਣ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ। ਪੰਜਾਬ ਦੇ ਅਮੀਰ ਅਤੇ ਸਦੀਆਂ ਪੁਰਾਣੇ ਸੱਭਿਆਚਾਰ ਨੂੰ ਸਾਡੀਆਂ ਆਉਣ ਵਾਲੀਆਂ ਨਸਲਾਂ ਤੱਕ ਪਹੁੰਚਾਉਣ ਲਈ ਸਖ਼ਤ ਨਿਯਮ ਬਣਾਉਣੇ ਚਾਹੀਦੇ ਹਨ। ਜਿਨ੍ਹਾਂ ਸੰਬੰਧੀ ਦਾਖਲਾ ਲੈਣ ਤੋਂ ਪਹਿਲਾਂ ਹਰ ਪੰਜਾਬੀ ਜਾਂ ਗੈਰ-ਪੰਜਾਬੀ ਵਿਦਿਆਰਥੀ ਅਤੇ ਮਾਪਿਆਂ ਨੂੰ ਸਾਫ਼ ਅਤੇ ਸਪੱਸ਼ਟ ਦੱਸ ਦੇਣਾ ਚਾਹੀਦਾ ਹੈ ਅਤੇ ਨਾਲ ਹੀ ਇਹ ਹਦਾਇਤ ਜਾਰੀ ਕਰ ਦੇਣੀ ਚਾਹੀਦੀ ਹੈ ਕਿ ਨਿਯਮਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਸਖ਼ਤੀ ਵਰਤਦਿਆਂ ਲੋੜੀਂਦੀਂ ਕਾਰਵਾਈ ਕੀਤੀ ਜਾਵੇਗੀ।



# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




## FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

## ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਸ਼ਹੀਦ ਭਗਤ ਸਿੰਘ ਦਾ ਸਿਧਾਂਤਕ ਇਨਕਲਾਬ

ਭਗਤ ਸਿੰਘ ਦੀ ਸਿਧਾਂਤਕ ਵਜੋਂ ਦਲੀਲ ਸੀ ਕਿ ਦਹਿਸ਼ਤਪਸੰਦੀ ਕਦੇ ਵੀ ਇਨਕਲਾਬੀਆਂ ਦਾ ਨਿਸ਼ਾਨਾ ਨਹੀਂ, ਨਾ ਹੀ ਉਹਨਾਂ ਦਾ ਵਿਸ਼ਵਾਸ ਹੈ ਕਿ ਇਕੱਲੀ ਦਹਿਸ਼ਤਪਸੰਦੀ ਹੀ ਇਨਕਲਾਬ ਲਿਆ ਸਕਦੀ ਹੈ। ਹੋਰਨਾਂ ਮੈਂਬਰਾਂ ਨੇ ਵੀ ਇਸ ਗੱਲੋਂ ਇਨਕਾਰ ਕੀਤਾ ਕਿ ਇਨਕਲਾਬ ਸਿਰਫ਼ ਬੰਬ ਅਤੇ ਪਿਸਤੌਲ ਦੀ ਪੂਜਾ ਹੈ। ਲੈਨਿਨ ਦੇ ਸਮਾਜ ਵਿੱਚ ਅਨਿਆਂ, ਦਮਨ, ਹਿੰਸਾ ਅਤੇ ਖ਼ੂਨ ਖ਼ਰਾਬੇ ਨੂੰ ਖਤਮ ਕਰਨਾ ਹੈ। ਹਿੰਸਾ, ਅਨਿਆਂ ਕਰਨ ਲਈ ਵਰਤੀ ਜਾਂਦੀ ਭੌਤਿਕ ਸ਼ਕਤੀ ਹੈ। ਇਨਕਲਾਬ ਯਕੀਨਨ ਇਸ ਦੇ ਹੱਕ ਵਿੱਚ ਨਹੀਂ।

ਸ਼ਹੀਦ ਭਗਤ ਸਿੰਘ ਭਾਰਤ ਦੀ ਆਜ਼ਾਦੀ ਦਾ ਇੱਕ ਰਾਸ਼ਟਰੀ ਆਗੂ ਸੀ। ਦੇਸ਼ ਦੀ ਆਜ਼ਾਦੀ ਪ੍ਰਾਪਤੀ ਦਾ ਜਜ਼ਬਾ ਅਤੇ ਮਾਨਵਵਾਦੀ ਸੋਚ ਡੂੰਘੇ ਸਾਹਿਤ ਅਧਿਐਨ ਦੀ ਜਾਗ੍ਰਿਤੀ ਉਹਨਾਂ ਨੂੰ ਵਿਰਾਸਤ ਵਿੱਚ ਮਿਲੀ ਸੀ। ਅੰਗਰੇਜ਼ਾਂ ਦਾ ਪੰਜਾਬ ਦੇ 1849 ਵਿੱਚ ਮੁਕੰਮਲ ਕਬਜ਼ਾ ਹੋ ਗਿਆ। ਪੰਜਾਬ ਵਿੱਚ ਅੰਗਰੇਜ਼ ਸਾਮਰਾਜ ਵਿਰੋਧੀ ਲਹਿਰ ਉੱਠਣ ਲੱਗੀ। ਇਸ ਸਮੇਂ 1885 ਈ. ਵਿੱਚ ਕੌਮੀ ਕਾਂਗਰਸ ਦੀ ਸਥਾਪਨਾ ਹੋਈ। ਭਾਰਤੀ ਭਾਸ਼ਾਵਾਂ ਦੇ ਛਾਪੇਖ਼ਾਨੇ ਨੇ ਆਮ ਜਨਤਕ ਰੋਸ ਨੂੰ ਫੈਲਾਉਣਾ ਸ਼ੁਰੂ ਕੀਤਾ। ਆਜ਼ਾਦੀ ਆਗੂਆਂ ਤੇ ਬਰਤਾਨਵੀ ਸਰਕਾਰ ਨੇ ਮੁਕਦਮੇ ਚਲਾ ਕੇ ਸਜ਼ਾਵਾਂ ਦਿੱਤੀਆਂ। ਪੰਜਾਬ ਵਿੱਚ ਕਿਸਾਨੀ ਮੁੱਦਿਆਂ ਨੂੰ ਲੈ ਕੇ ਲਹਿਰ ਆਰੰਭ ਹੋਈ। ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਅਤੇ ਚਾਚਾ ਅਜੀਤ ਸੰਨ 1906 ਵਿੱਚ ਕਾਂਗਰਸ ਦੇ ਇਜਲਾਸ ਵਿੱਚ ਪੰਜਾਬ ਤੋਂ ਸ਼ਾਮਲ ਹੋਏ। ਉਹਨਾਂ ਨੇ ਰਾਜਸੀ ਪ੍ਰਚਾਰ ਲਈ 'ਭਾਰਤ ਮਾਤਾ' ਅਖ਼ਬਾਰ ਸ਼ੁਰੂ ਕੀਤਾ। ਨੌਜਵਾਨ ਸੂਫ਼ੀ ਅੰਬਾ ਪ੍ਰਸ਼ਾਦ, ਲਾਲ ਚੰਦ ਫਲਕ, ਲਾਲਾ ਪਿੰਡੀਦਾਸ, ਉਹਨਾਂ ਨਾਲ ਆਣ ਜੁੜੇ। ਸਰਗਰਮੀਆਂ ਤੇਜ਼ ਕਰਨ ਲਈ 'ਅੰਜਮਨ ਮਹਿਬੂਬਾਨਿ ਵਤਨ' ਜਥੇਬੰਦੀ ਕਾਇਮ ਕਰ ਲਈ।

ਪੰਜਾਬ ਸਰਕਾਰ ਵੱਲੋਂ 'ਕਲੋਨੀ ਐਕਟ' ਲਾਗੂ ਕਰਨ ਦੀ ਤਜਵੀਜ਼ ਵਿਰੁੱਧ ਅਜੀਤ ਸਿੰਘ ਤੇ ਸਾਥੀਆਂ ਨੇ ਲੋਕਾਂ ਨੂੰ ਲਾਮਬੰਦ ਕੀਤਾ। ਕਾਨੂੰਨ ਦੁਆਰਾ ਸਰਕਾਰ ਵੱਲੋਂ 'ਬਾਰ ਦੇ ਇਲਾਕੇ' ਦੀ ਮਾਲਕੀ ਦੇ ਅਧਿਕਾਰ ਪ੍ਰਾਪਤ ਕਰਨਾ ਸੀ ਅਤੇ ਨਹਿਰੀ ਮਾਮਲੇ ਦੀ ਦਰ ਵਧਾਉਣਾ ਸੀ। ਮਾਰਚ 22, 1907 ਨੂੰ ਸਰਕਾਰ ਦਾ ਵਿਰੋਧ ਕੀਤਾ ਗਿਆ, ਇਸ ਮੌਕੇ ਇਕ ਨੌਜਵਾਨ ਬਾਂਕੇ ਦਿਆਲ ਨੇ ਪਗੜੀ ਸੰਭਾਲ ਜੱਟਾ ਗੀਤ ਗਾਇਆ। ਲੋਕਾਂ ਨੂੰ ਏਨਾ ਪਸੰਦ ਆਇਆ ਕਿ ਅੰਦੋਲਨ ਦਾ ਨਾਉਂ ਪਗੜੀ ਸੰਭਾਲ ਜੱਟਾ ਪੈ ਗਿਆ। ਅੰਦੋਲਨ ਨੂੰ ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਨੇ ਸੰਬੋਧਨ ਕੀਤਾ। ਦੋਹਾਂ ਨੂੰ 1907 ਵਿੱਚ ਬਰਮਾ ਦੀ ਮਾਡਲਾ ਜੇਲ੍ਹ ਭੇਜ ਦਿੱਤਾ, ਜਿਸ ਤੋਂ ਬਾਅਦ ਅੰਦੋਲਨ ਹੋਰ ਤੇਜ਼ ਹੋ ਗਿਆ। ਵੱਧਦਾ ਵਿਰੋਧ ਵੇਖ ਕੇ ਸਰਕਾਰ ਨੇ ਕਾਨੂੰਨ ਵਾਪਿਸ ਲੈ ਲਿਆ ਅਤੇ ਦੋਹਾਂ ਆਗੂਆਂ ਨੂੰ ਰਿਹਾਅ ਕਰ ਦਿੱਤਾ ਪਰ ਅਜੀਤ ਸਿੰਘ ਨੇ ਸਰਗਰਮੀਆਂ ਜਾਰੀ ਰੱਖੀਆਂ। ਸਰਕਾਰ ਉਹਨਾਂ ਨੂੰ ਗ੍ਰਿਫ਼ਤਾਰ ਕਰਨਾ ਚਾਹੁੰਦੀ ਸੀ ਉਹ ਅਗਸਤ 1909 ਵਿੱਚ ਸਾਥੀ ਅੰਬਾ ਪ੍ਰਸ਼ਾਦ ਨਾਲ ਦੇਸ਼ ਛੱਡ ਗਏ।

ਇਹਨਾਂ ਰਾਜਨੀਤਿਕ ਹਾਲਾਤਾਂ ਵਿੱਚ ਭਗਤ ਸਿੰਘ ਦਾ ਜਨਮ 28 ਸਤੰਬਰ 1907 ਨੂੰ ਪਿਤਾ ਕਿਸ਼ਨ ਸਿੰਘ ਅਤੇ ਮਾਤਾ ਵਿਦਿਆਵਤੀ ਦੇ ਘਰ ਪਿੰਡ ਬੰਗਾ ਚੱਕ ਨੰਬਰ 105 ਜੀ ਬੀ ਜ਼ਿਲ੍ਹਾ ਲਾਇਲਪੁਰ ਵਿੱਚ ਹੋਇਆ। ਭਗਤ ਸਿੰਘ ਦੇ ਦਾਦਾ ਅਰਜਨ ਸਿੰਘ ਇਕ ਧਾਰਮਿਕ, ਰਾਜਸੀ ਅਤੇ ਸਮਾਜ ਸੁਧਾਰਕ ਸਨ। ਉਹ ਮਿਡਲ ਪਾਸ ਸਨ ਅਤੇ ਜਲੰਧਰ ਦੇ ਪ੍ਰਸਿੱਧ ਵਕੀਲ ਰਾਏਜਾਦਾ ਭਗਤ ਰਾਮ ਦੇ ਮੁਨਸ਼ੀ ਸਨ। ਸੁਆਮੀ ਨੰਦ ਦੀ ਸੰਗਤ ਵਿੱਚ ਉਹ ਆਰੀਆ ਸਮਾਜੀ ਬਣ ਗਏ। ਉਹ ਕਾਂਗਰਸ ਵਿੱਚ ਵੀ ਸਰਗਰਮ ਹੋਣ ਲੱਗੇ। ਉਹਨਾਂ 1893 ਵਿੱਚ ਕਾਂਗਰਸ ਦੇ ਲਾਹੌਰ ਇਜਲਾਸ ਵਿੱਚ ਹਿੱਸਾ ਲਿਆ। ਉਹਨਾਂ ਦੇ ਤਿੰਨ ਪੁੱਤਰ ਕਿਸ਼ਨ ਸਿੰਘ, ਅਜੀਤ ਸਿੰਘ ਤੇ ਸਵਰਨ ਸਿੰਘ ਸਨ। ਤਿੰਨਾਂ ਦੀ ਪੜ੍ਹਾਈ ਜਲੰਧਰ ਦੇ ਸਾਈਂਦਾਸ ਐਂਗੋਲ ਸੰਸਕ੍ਰਿਤ ਹਾਈ ਸਕੂਲ ਵਿੱਚ ਹੋਈ।

ਭਗਤ ਸਿੰਘ 1911 ਵਿੱਚ ਪਿੰਡ ਦੇ ਡਿਸਟ੍ਰਿਕਟ ਬੋਰਡ ਪ੍ਰਾਇਮਰੀ ਸਕੂਲ ਵਿੱਚ ਦਾਖਲ ਹੋਏ ਅਤੇ ਚਾਰ ਜਮਾਤਾਂ ਪਾਸ ਕਰ ਲਈਆਂ। ਉਹ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸਨ। ਉਹ ਪੜਾਈ ਦੇ ਨਾਲ ਨਾਲ ਘਰ ਵਿੱਚ ਪਈਆਂ ਪੁਸਤਕਾਂ ਵੀ ਪੜ੍ਹਦੇ ਰਹੇ। ਇਸ ਪੁਸਤਕ ਅਧਿਐਨ ਨੇ ਉਹਨਾਂ ਨੂੰ ਸਮਕਾਲੀ ਸਮਾਜੀ ਸਿਆਸੀ ਮਸਲਿਆ ਨੂੰ ਸਮਝਣ ਦੇ ਯੋਗ ਬਣਾਇਆ। ਸੰਨ 1916 ਵਿੱਚ ਡੀ ਏ ਵੀ ਸਕੂਲ ਵਿੱਚ ਪੰਜਵੀਂ ਜਮਾਤ ਵਿੱਚ ਦਾਖਲਾ ਲਿਆ ਅਤੇ ਉਹ ਹੋਸਟਲ ਵਿੱਚ ਇਕ ਸਾਲ ਰਹੇ। ਉਹਨਾਂ ਉਰਦੂ ਇੰਗਲਿਸ਼ ਅਤੇ ਸੰਸਕ੍ਰਿਤ ਪੜ੍ਹੀ। ਜਨਵਰੀ 1921 ਵਿੱਚ ਗਾਂਧੀ ਜੀ ਵੱਲੋਂ ਨਾ ਮਿਲਵਰਤਣ ਲਹਿਰ ਚਲਾਈ। ਭਗਤ ਸਿੰਘ ਨੇ ਨੌਵੀਂ ਜਮਾਤ ਵਿੱਚ ਸਕੂਲ ਛੱਡ ਦਿੱਤਾ। ਫਿਰ ਨੈਸ਼ਨਲ ਕਾਲਜ ਵਿੱਚ ਦਾਖਲਾ ਲਿਆ। ਨੇੜੇ ਹੀ ਦਵਾਰਕਾ ਦਾਸ ਲਾਇਬ੍ਰੇਰੀ ਸੀ । ਅਜਿਹੇ ਅਦਾਰਿਆਂ ਵਿੱਚ ਰਾਜਨੀਤਿਕ ਤੌਰ 'ਤੇ ਨੌਜਵਾਨਾਂ ਨੂੰ ਤਿਆਰ ਕਰਨਾ ਸੀ। ਫਰਾਂਸ ਇਟਲੀ ਤੇ ਰੂਸ ਦੇ ਇਨਕਲਾਬ ਦਾ ਇਤਿਹਾਸ ਪੜ੍ਹਾਇਆ ਜਾਂਦਾ ਸੀ। ਆਜ਼ਾਦੀ ਸੰਘਰਸ਼ ਅਤੇ ਆਜ਼ਾਦੀ ਪ੍ਰਾਪਤੀ ਵਿਸ਼ੇ ਪਾਠ ਕ੍ਰਮ ਦਾ ਇੱਸਾ ਸਨ। ਵਿਦਿਆਰਥੀਆਂ ਵਿੱਚ ਦੇਸ਼ ਪਿਆਰ ਦੀ ਭਾਵਨਾ ਉਜਾਗਰ ਕਰਨਾ ਸੀ। ਇਥੇ ਭਗਤ ਸਿੰਘ ਨੂੰ ਨੈਸ਼ਨਲ ਕਾਲਜ ਵਿੱਚ ਪੜ੍ਹਦਿਆਂ ਆਪਣੀ ਸ਼ਖਸੀਅਤ ਸੰਵਾਰਨ ਦਾ ਮੌਕਾ ਸੀ। ਇਨਕਲਾਬੀ ਵਿਚਾਰਾਂ ਦੇ ਸਾਥੀ



ਉਸ ਦੇ ਦਾਇਰੇ ਵਿੱਚ ਸਨ। ਜਿਵੇਂ ਜੈ ਦੇਵ ਗੁਪਤਾ, ਸੁਖਦੇਵ, ਭਗਵਤੀ ਚਰਨ, ਰਾਮ ਚੰਦਰ ਆਦਿ। ਉਹਨਾਂ ਨੇ ਨੈਸ਼ਨਲ ਡਰਾਮਟਿਕ ਕਲੱਬ ਬਣਾਇਆ ਅਤੇ ਦੇਸ਼ ਪਿਆਰ ਦੇ ਨਾਟਕ ਪੇਸ਼ ਕੀਤੇ ਜਾਂਦੇ। ਮੁੱਖ ਪਾਤਰ ਭਗਤ ਸਿੰਘ ਹੀ ਹੁੰਦਾ ਸੀ।

ਹੁਣ ਤਕ ਭਗਤ ਸਿੰਘ ਕਾਰਲ ਮਾਰਕਸ, ਕਮਿਉਨਿਸਜ਼ਮ ਅਤੇ ਰੂਸੀ ਇਨਕਲਾਬ ਬਾਰੇ ਜਾਣਕਾਰੀ ਪ੍ਰਾਪਤ ਕਰ ਚੁਕਾ ਸੀ। ਸਿਆਸਤ ਦੇ ਪ੍ਰਭਾਵ ਲਈ ਉਹਨਾਂ ਨੇ ਲਿਖਿਆ ਹੈ ਕਿ ਟਾਲਸਟਾਏ, ਕਾਰਲ ਮਾਰਕਸ ਅਤੇ ਮੈਕਸਮਿ ਗੋਰਕੀ ਨੇ ਨਵਾਂ ਸਾਹਿਤ ਪੈਦਾ ਕਰਨ ਵਿੱਚ ਸਾਲਾਂ ਦੀ ਮਿਹਨਤ ਨਾ ਲਗਾਈ ਹੁੰਦੀ ਤਾਂ ਰੂਸ ਵਿੱਚ ਕ੍ਰਾਂਤੀ ਨਹੀਂ ਸੀ ਹੋ ਸਕਦੀ। ਕਮਿਉਨਿਜ਼ਮ ਦਾ ਪ੍ਰਚਾਰ ਤੇ ਪਸਾਰ ਦੂਰ ਰਿਹਾ। ਯੂਨਾਈਟਿਡ ਆਲ ਇੰਡੀਆ ਰੈਵੋਲਿਉਸ਼ਨਰੀ ਕਾਨਪੁਰ ਵਿੱਚ ਭਗਤ ਸਿੰਘ 1923 ਵਿੱਚ ਸ਼ਾਮਲ ਹੋ ਗਿਆ। ਉਸਨੇ ਐਫ ਏ ਪਾਸ ਕਰ ਲਈ ਸੀ। ਬੀ ਏ ਵਿੱਚ ਦਾਖਲਾ ਵੀ ਲੈ ਲਿਆ ਸੀ ਪਰ ਭਗਤ ਸਿੰਘ, ਸੁਖਦੇਵ , ਭਗਵਤੀ ਚਰਣ ਵੋਹਰਾ, ਹੰਸ ਰਾਜ ਵੋਹਰਾ, ਯਸ਼ਪਾਲ ਆਦਿ ਦੇਸ਼ ਦੀ ਆਜ਼ਾਦੀ ਨੂੰ ਸਮਰਪਿਤਾ ਹੋ ਗਏ ਸਨ।

ਭਗਤ ਸਿੰਘ ਇਕ ਬਹੁਪੱਖੀ ਸ਼ਖਸੀਅਤ ਦੇ ਮਾਲਕ ਸਨ, ਜਿਵੇਂ, ਇਨਕਲਾਬੀ, ਚਿੰਤਕ, ਮਾਨਵਤਾਵਾਦੀ, ਅਤੇ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਸਨ। ਹਥਲੇ ਲੇਖ ਵਿੱਚ ਉਹਨਾਂ ਦੇ ਸਿਧਾਂਤਕ ਇਨਕਲਾਬ 'ਤੇ ਵਿਚਾਰ ਹੈ।

ਭਗਤ ਸਿੰਘ ਅਤੇ ਸਾਥੀਆਂ ਨੇ ਹਥਿਆਰਬੰਦ ਇਨਕਲਾਬ ਰਾਹੀਂ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣਾ ਅਤੇ ਜਨਤਾ ਦੀ ਜਾਗ੍ਰਿਤ ਲਹਿਰ ਰਾਹੀਂ ਹਿੰਦੁਸਤਾਨ ਸਮਾਜ ਨੂੰ ਬਦਲਣਾ ਸੀ। ਭਗਤ ਸਿੰਘ ਨੇ ਹੀ ਇਨਕਲਾਬੀਆਂ ਨੂੰ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਦਿੱਤਾ ਅਤੇ ਇਸ ਨੂੰ ਕੌਮੀ ਜੈਕਾਰ 'ਬੰਦੇ ਮਾਤਰਮ' ਦਾ ਪੂਰਕ ਬਣਾਇਆ । ਮਾਡਰਨ ਰਿਵੀਊ ਦੇ ਸੰਪਾਦਕ ਨੂੰ ਲਿਖੇ ਇਕ ਖ਼ਤ ਵਿੱਚ ਭਗਤ ਸਿੰਘ ਤੇ ਬੀ ਕੇ ਦੱਤ ਨੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਦੀ ਵਿਆਖਿਆ ਕੀਤੀ। ਉਹਨਾਂ ਇਸ ਦੋਸ਼ ਨੂੰ ਗਲਤ ਸਾਬਿਤ ਕੀਤਾ ਕਿ ਇਹ ਨਾਅਰਾ ਆਰਥਿਕਤਾ ਦਾ ਪ੍ਰਤੀਕ ਹੈ। ਉਹਨਾਂ ਮੰਨਿਆ ਕਿ ਇਹ ਨਾਅਰਾ ਰੂਸੀ ਇਨਕਲਾਬੀਆਂ ਨੇ ਦਿੱਤਾ ਸੀ। ਭਗਤ ਸਿੰਘ ਤੇ ਸਾਥੀਆਂ ਵਾਸਤੇ ਇਨਕਲਾਬ ਅਰਾਜਕਤਾ ਨਹੀਂ, ਸਗੋਂ ਤਰੱਕੀ ਅਤੇ ਤਬਦੀਲੀ ਦੀ ਡੂੰਘੀ ਖ਼ਾਹਸ਼ ਦਾ ਪ੍ਰਗਟਾਵਾ ਸੀ। ਉਹ ਇਸ ਨੂੰ ਮਨੁੱਖਤਾ ਦਾ ਅਨਿਖੜਵਾਂ ਅਧਿਕਾਰ ਸਮਝਦੇ ਸਨ। ਜੂਨ 16,1929 ਨੂੰ ਭਗਤ ਸਿੰਘ ਅਤੇ ਬੀ ਕੇ ਦੱਤ ਨੇ ਆਪਣੇ ਸਾਂਝੇ ਬਿਆਨ ਵਿੱਚ ਜੋਰ ਦੇ ਕੇ ਕਿਹਾ ਕਿ ਅਤਿਆਚਾਰੀ ਕਾਰਵਾਈਆਂ ਅਤੇ ਬੇਰਹਿਮ ਦਮਨ ਨਾਲ ਮਨੁੱਖਤਾ ਦੀ ਤਬਦੀਲੀ ਅਤੇ ਇਨਕਲਾਬ ਦੀ ਖ਼ਾਹਸ਼ ਦਾ ਗਲਾ ਨਹੀਂ ਘੁਟਿਆ ਜਾ ਸਕਦਾ।

ਬੇਸਟਾਇਲ ਫਰਾਂਸੀਸੀ ਇਨਕਲਾਬ ਨੂੰ ਨਹੀਂ ਕੁਚਲ ਸਕਿਆ। ਸਾਇਬੇਰੀਆ ਦੀਆਂ ਖਾਣਾਂ ਰੂਸੀ ਇਨਕਲਾਬ ਨੂੰ ਨਹੀਂ ਰੋਕ ਸਕੀਆਂ ਅਤੇ ਖ਼ੂਨੀ ਐਤਵਾਰ ਆਇਰਲੈਂਡ ਦੇ ਸੁਤੰਤਰਤਾ ਸੰਗਰਾਮ ਨੂੰ ਨਹੀਂ ਰੋਕ ਸਕੇ। ਮਨੁੱਖੀ ਮਨ ਵਿੱਚ ਲੱਟ ਲੱਟ ਬਲਦੀ ਸੁਤੰਤਰਤਾ ਦੀ ਲਾਟ ਨੂੰ ਇਹ ਅਤਿਆਚਾਰੀ ਕਾਰਵਾਈਆਂ ਕਿਵੇਂ ਬੁਝਾ ਸਕਦੀਆਂ ਹਨ।

ਵਪਾਰਕ ਝਗੜਿਆਂ ਦੇ ਬਿਲ ਅਤੇ ਜਨਤਕ ਸੁਰਖਿਆ ਦੇ ਬਿਲ ਬਰਤਾਨਵੀ ਹਕੂਮਤ ਦੇ ਦਮਨਕਾਰੀ ਕਦਮ ਇਨਕਲਾਬੀ ਵਿਚਾਰਾਂ ਅਤੇ ਆਜ਼ਾਦੀ ਦੀ ਖ਼ਾਹਿਸ਼ ਨੂੰ ਨਹੀਂ ਦਬਾ ਸਕੇ। ਭਗਤ ਸਿੰਘ ਨੇ ਇਨਕਲਾਬੀ ਜਦੋਜਹਿਦ ਦਾ ਖਾਸਾ ਵੀ ਦਸਿਆ ਕਿ ਇਨਕਲਾਬ ਨਿਸ਼ਚੇ ਹੀ ਕਤਲ ਅਤੇ ਸਾੜ ਫੂਕ ਦੀ ਵਿਚਾਰਹੀਣ ਵਹਿਸ਼ੀ ਮੁਹਿਮ ਨਹੀਂ। ਇਸ ਦਾ ਮਤਲਬ ਕੁਝ ਬੰਬ ਅਤੇ ਗੋਲੀਆਂ ਚਲਾ ਦੇਣਾ ਨਹੀਂ। ਨਾ ਹੀ ਇਹ ਰਹਿੰਦੀ ਮਨੁੱਖਤਾ ਨੂੰ ਤਬਾਹ ਕਰਨ ਅਤੇ ਚਿਰਕਾਲ ਤੋਂ ਕਾਇਮ ਹੋਏ ਅਸੂਲਾਂ ਦੀਆਂ ਧੱਜੀਆਂ ਉਡਾ ਦੇਣ ਵਾਲੀ ਲਹਿਰ ਹੈ। ਇਨਕਲਾਬ ਨਿਰਾਸ਼ਾ ਦਾ ਫਲਸਫਾ ਜਾਂ ਸਿਰਲੱਥਾਂ ਦਾ ਮਤ ਨਹੀਂ। ਇਹ ਇਕ ਸੰਜੀਵ ਵਾਸਤਵਿਕ ਸ਼ਕਤੀ ਹੈ। ਜਿਹੜੀ ਪੁਰਾਣੇ ਅਤੇ ਨਵੇਂ ਵਿਚਕਾਰ ਜੀਵਨ ਅਤੇ ਨਿਖਿੱਧ ਜੀਵਨ ਵਿਚਕਾਰ ਰੌਸ਼ਨੀ ਅਤੇ ਹਨੇਰ ਵਿਚਕਾਰ ਸਦੀਵੀ ਟੱਕਰ ਦੀ ਸੂਚਿਤ ਹੈ। ਇਨਕਲਾਬ ਤੋਂ ਬਿਨਾਂ ਕੋਈ ਇਕਸੁਰਤਾ ਨਹੀਂ। ਕੋਈ ਸੁਮੇਲ ਨਹੀਂ, ਕੋਈ ਲੈਅ ਨਹੀਂ, ਜਿਸ 'ਬ੍ਰਹਿਮੰਡੀ ਨਾਦ' ਬਾਰੇ ਕਵੀਆਂ ਨੇ ਗਾਇਆ ਹੈ, ਉਹ ਇਕ ਲੋੜ ਰਹੇ ਸਨ, ਜੇ ਖਲਾਅ ਵਿੱਚੋਂ ਨਿਰੰਤਰ ਇਨਕਲਾਬ ਨੂੰ ਖਤਮ ਕਰ ਦਿੱਤਾ ਜਾਵੇ , ਇਹ ਹੋ ਨਹੀਂ ਸਕਦਾ ਕਿਉਂਕਿ ਇਨਕਲਾਬ ਵਿਵਸਥਾ ਹੈ, ਇਨਕਲਾਬ ਸੋਚ ਹੈ।

ਇਨਕਲਾਬ ਆਪਣੀ ਮੌਲਿਕ ਪ੍ਰੀਵਰਤਣ ਕਰਨ ਵਾਲੇ ਕੰਮਾਂ ਦੀ ਧਾਰਣਾ ਵਜੋਂ ਸਾਰਥਕਤਾ ਅਤੇ ਉਪਯੋਗਤਾ ਗੁਆ ਚੁੱਕੇ ਪੁਰਾਣੇ ਸਮਾਜਿਕ ਪ੍ਰਬੰਧ ਲਈ ਇਕ ਵੰਗਾਰ ਹੈ।

ਆਮ ਤੌਰ 'ਤੇ ਇਨਕਲਾਬ ਨੂੰ ਹਿੰਸਾ, ਬੰਬ ਅਤੇ ਪਿਸਤੌਲ ਦੀ ਪੂਜਾ ਨਾਲ ਸਬੰਧਿਤ ਕੀਤਾ ਜਾਂਦਾ ਹੈ ਅਤੇ ਇਨਕਲਾਬੀਆਂ ਨੂੰ ਦਹਿਸ਼ਤਪਸੰਦ ਜਾਂ ਅਰਾਜਕਤਾਵਾਦੀ ਕਿਹਾ ਜਾਂਦਾ ਹੈ। ਵੱਖ ਵੱਖ ਦਸਤਾਵੇਜ਼ਾਂ, ਖ਼ਤਾਂ ਅਤੇ ਨਿੱਜੀ ਯਾਦਾਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਇਨਕਲਾਬੀ ਦਹਿਸ਼ਤ ਪਸੰਦ ਨਹੀਂ ਸਨ।

ਭਗਤ ਸਿੰਘ ਦੀ ਸਿਧਾਂਤਕ ਵਜੋਂ ਦਲੀਲ ਸੀ ਕਿ ਦਹਿਸ਼ਤਪਸੰਦੀ ਕਦੇ ਵੀ ਇਨਕਲਾਬੀਆਂ ਦਾ ਨਿਸ਼ਾਨਾ ਨਹੀਂ, ਨਾ ਹੀ ਉਹਨਾਂ ਦਾ ਵਿਸ਼ਵਾਸ ਹੈ ਕਿ ਇਕੱਲੀ ਦਹਿਸ਼ਤਪਸੰਦੀ ਹੀ ਇਨਕਲਾਬ ਲਿਆ ਸਕਦੀ ਹੈ। ਹੋਰਨਾਂ ਮੈਂਬਰਾਂ ਨੇ ਵੀ ਇਸ ਗੱਲੋਂ ਇਨਕਾਰ ਕੀਤਾ ਕਿ ਇਨਕਲਾਬ ਸਿਰਫ਼ ਬੰਬ ਅਤੇ ਪਿਸਤੌਲ ਦੀ ਪੂਜਾ ਹੈ। ਲੈਨਿਨ ਦੇ ਸਮਾਜ ਵਿੱਚ ਅਨਿਆਂ, ਦਮਨ, ਹਿੰਸਾ ਅਤੇ ਖ਼ੂਨ ਖ਼ਰਾਬੇ ਨੂੰ ਖਤਮ ਕਰਨਾ ਹੈ। ਹਿੰਸਾ, ਅਨਿਆਂ ਕਰਨ ਲਈ ਵਰਤੀ ਜਾਂਦੀ ਭੌਤਿਕ ਸ਼ਕਤੀ ਹੈ। ਇਨਕਲਾਬ ਯਕੀਨਨ ਇਸ ਦੇ ਹੱਕ ਵਿੱਚ ਨਹੀਂ।

ਭਗਤ ਸਿੰਘ ਅਤੇ ਸਾਥੀਆਂ ਦਾ ਵਿਸ਼ਵਾਸ ਸੀ ਕਿ ਵਿਦੇਸ਼ੀ ਰਾਜ ਦਾ ਆਧਾਰ ਹਿੰਸਾ ਹੈ। ਉਹ ਇਸ ਉਪਰ ਸ਼ਕਤੀਸ਼ਾਲੀ ਧਾਵਾ ਬੋਲ ਕੇ ਇਸ ਨੂੰ ਖਤਮ ਕਰਨਾ ਚਾਹੁੰਦੇ ਸਨ ਭਾਵੇਂ ਕਤਲ ਕਰਨ ਜਾਂ ਬੰਬ ਸੁੱਟਣ ਦੀ ਸ਼ਕਲ ਵਿੱਚ ਉਹਨਾਂ ਹਿੰਸਾ ਕੀਤੀ, ਪ੍ਰੰਤੂ ਉਹ ਇਸ ਨੂੰ ਆਪਣਾ ਨਿਸ਼ਾਨਾ ਕਦੇ ਵੀ ਨਹੀਂ ਸਮਝਦੇ ਸਨ। ਉਹਨਾਂ ਦੇ ਵਿਚਾਰ ਅਨੁਸਾਰ ਇਨਕਲਾਬੀ ਹਿੰਸਾ ਦਾ ਮਨੋਰਥ ਨੌਜਵਾਨਾਂ, ਮਜ਼ਦੂਰਾਂ ਅਤੇ ਕਿਸਾਨਾਂ ਦੇ ਮਨਾਂ ਵਿਚੋਂ ਅਤਿਆਚਾਰ, ਲੁੱਟ ਅਤੇ ਭਰਮਾਂ ਦੇ ਭੈਅ ਨੂੰ ਖਤਮ ਕਰਨਾ ਸੀ ਕਿਉਂਕਿ ਨੌਜਵਾਨ ਅਤੇ ਕਿਸਾਨਾਂ ਇਨਕਲਾਬ ਦੇ ਸੰਭਾਵੀ ਸਮਰਥਕ ਸਨ।

ਭਗਤ ਸਿੰਘ, ਯਸ਼ਪਾਲ ਅਤੇ ਬਾਕੀ ਸਾਥੀ ਦਹਿਸ਼ਤਪਸੰਦ ਅਤੇ ਇਨਕਲਾਬੀ ਵਿਚਕਾਰ ਫਰਕ ਸਮਝਦੇ ਸਨ ਪ੍ਰਤੂੰ ਭਗਤ ਸਿੰਘ ਨੇ ਮੰਨਿਆ ਕਿ ਉਹ ਦਹਿਸ਼ਤਪਸੰਦ ਹੁੰਦੇ ਸਨ। ਬਾਅਦ ਵਿੱਚ ਜਦੋਂ ਭਗਤ ਸਿੰਘ ਦੇ ਰਾਸ਼ਟਰੀ ਪੱਧਰ 'ਤੇ ਵਿਚਾਰ ਪ੍ਰੌੜ ਹੋਏ ਤਾਂ ਉਹਨਾਂ ਬੰਬਾਂ ਅਤੇ ਪਿਸਤੌਲਾਂ ਉੱਤੇ ਪੂਰੀ ਨਿਰਭਰਤਾ ਨੂੰ ਨਾਮਨਜ਼ੂਰ ਕਰ ਦਿੱਤਾ। ਉਹਨਾਂ ਦਾ ਵਿਸ਼ਵਾਸ ਸੀ ਕਿ ਬੰਬ ਤੇ ਪਿਸਤੌਲ ਇਨਕਲਾਬ ਲਈ ਫਾਇਦੇਮੰਦ ਨਹੀਂ ਹੋਣਗੇ, ਸਗੋਂ ਨੁਕਸਾਨਦਾਇਕ ਹੋ ਸਕਦੇ ਹਨ। ਬੰਬਾਂ ਦੀ ਲੋੜ ਵਿਸ਼ੇਸ਼ ਪ੍ਰਸਥਿਤੀਆਂ ਵਿੱਚ ਹੀ ਹੋ ਸਕਦੀ ਹੈ। ਇਸ ਲਈ 8 ਅਪ੍ਰੈਲ 1929 ਨੂੰ ਉਹਨਾਂ ਵੱਲੋਂ ਅਸੈਂਬਲੀ ਵਿੱਚ ਬੰਬ ਇਕ ਲੋੜ ਅਤੇ ਸੋਚੀ ਸਮਝੀ ਵਿਉਂਤ ਸੀ। ਬੰਬ ਸੁੱਟਣ ਦੇ ਮਨੋਰਥ ਬਾਰੇ ਭਗਤ ਸਿੰਘ ਅਤੇ ਬੀ ਕੇ ਦੱਤ ਦਾ ਸਾਂਝਾ ਬਿਆਨ ਸੀ:-

ਅਸੀਂ ਅਸੈਂਬਲੀ ਦੇ ਫਰਸ਼ ਉੱਤੇ ਬੰਬ ਉਹਨਾਂ ਵੱਲੋਂ ਵਿਰੋਧ ਪ੍ਰਗਟ ਕਰਨ ਲਈ ਸੁੱਟੇ ਸਨ। ਜਿੰਨਾਂ ਕੋਲ ਆਪਣੇ ਦਿਲ ਚੀਰਵੇਂ ਦਰਦ ਨੂੰ ਪ੍ਰਗਟ ਕਰਨ ਲਈ ਹੋਰ ਕੋਈ ਚਾਰਾ ਨਹੀਂ ਸੀ। ਸਾਡਾ ਇਕੋ ਇਕ ਮਨੋਰਥ ਬੌਲਿਆ ਨੂੰ ਜਗਾਉਣਾ ਅਤੇ ਲਾਪ੍ਰਵਾਹਾਂ ਨੂੰ ਵੇਲੇ ਸਿਰ ਚਿਤਾਵਨੀ ਦੇਣਾ ਸੀ।

ਦਹਿਸ਼ਤਪਸੰਦੀ ਭਗਤ ਸਿੰਘ ਅਤੇ ਇਨਕਲਾਬੀਆਂ ਦੇ ਸਿਧਾਂਤ ਦਾ ਇਕ ਹਿੱਸਾ ਸੀ। ਜੋ ਉਹਨਾਂ ਵਿਦੇਸ਼ੀ ਹਾਕਮਾਂ ਦੇ ਖ਼ਿਲਾਫ਼ ਵਰਤੇ ਜਾਣ ਲਈ ਸੀ। ਜਿਨ੍ਹਾਂ ਉੱਤੇ ਦਲੀਲਾਂ , ਅਪੀਲਾਂ ਅਤੇ ਸੰਵਿਧਾਨਕ ਅੰਦੋਲਨ ਦਾ ਕੋਈ ਅਸਰ ਨਹੀਂ ਹੁੰਦਾ ਸੀ। ਉਹ ਸਿਰਫ਼ ਤਾਕਤ ਦੀ ਵਰਤੋ ਦੀ ਬੋਲੀ ਨੂੰ ਹੀ ਸਮਝਦੇ ਸਨ। ਲਾਲਾ ਰਾਮ ਸ਼ਰਨ ਦੀ ਕਾਵਿ-ਪੁਸਤਕ 'ਡਰੀਮ ਲੈਂਡ' ਦੀ ਭੂਮਿਕਾ ਵਿੱਚ ਭਗਤ ਸਿੰਘ ਨੂੰ ਹਿੰਦੁਸਤਾਨ ਵਿੱਚ ਸਮਾਜਵਾਦੀ ਸਮਾਜ ਬਣਾਉਣ ਲਈ ਹਿੰਸਾ ਅਤੇ ਅਹਿੰਸਾ ਦੀ ਵਰਤੋਂ ਦੀ ਲੋੜ ਦੀ ਵਿਆਖਿਆ ਕੀਤੀ ਹੈ। ਇਨਕਲਾਬੀਆਂ ਦਾ ਹਮਲਾ ਕਦੇ ਵੀ ਕਿਸੇ ਵਿਅਕਤੀ ਦੇ ਖ਼ਿਲਾਫ਼ ਨਹੀਂ ਸੀ। ਸਗੋਂ ਸੰਸਥਾ ਦੇ ਖ਼ਿਲਾਫ਼ ਸੀ। ਭਗਤ ਸਿੰਘ ਤੇ ਬੀ ਕੇ ਦੱਤ ਨੇ ਅਸੈਂਬਲੀ ਬੰਸ ਕੇਸ ਵਿੱਚ ਸਾਂਝੇ ਬਿਆਨ ਰਾਹੀਂ ਸ਼ਖ਼ਸੀ ਦਹਿਸ਼ਤਪਸੰਦੀ ਬਾਰੇ ਆਪਣੀ ਨਾਪਸੰਦਗੀ ਜ਼ਾਹਿਰ ਕੀਤੀ।

ਮਨੁੱਖਤਾ ਨੂੰ ਪਿਆਰ ਕਰਨ ਵਿੱਚ ਅਸੀਂ ਕਿਸੇ ਤੋਂ ਘੱਟ ਨਹੀਂ। ਕਿਸੇ ਵਿਅਕਤੀ ਦੇ ਖ਼ਿਲਾਫ਼ ਦੁਰਭਾਵਨਾ ਰਖਣਾ ਤਾਂ ਦੂਰ ਦੀ ਗੱਲ ਹੈ। ਅਸੀਂ ਜੀਵਨ ਨੂੰ ਏਨਾ ਪਵਿੱਤਰ ਸਮਝਦੇ ਹਾਂ ਜਿਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਅਸੀਂ ਸ਼ਰਮਨਾਕ ਪੱਧਰ 'ਤੇ ਡਿੱਗੇ ਹੋਏ ਕੁਕਰਮੀ ਨਹੀਂ ਹਾਂ, ਨਾ ਹੀ ਅਸੀਂ ਦੇਸ਼ ਲਈ ਕਲੰਕ ਹਾਂ, ਜਿਵੇਂ ਚਮਨ ਲਾਲ ਸਮਾਜਵਾਦੀ ਨੇ ਸਾਡੇ ਬਾਰੇ ਕਿਹਾ ਹੈ। ਨਾ ਹੀ ਅਸੀਂ ਪਾਗਲ ਹਾਂ ਜਿਵੇਂ ਲਾਹੌਰ ਦੇ ਟ੍ਰਿਬਿਊਨ ਅਤੇ ਹੋਰਾਂ ਦਾ ਵਿਸ਼ਵਾਸ ਹੈ।

ਇਸੇ ਤਰਾਂ ਅਸੈਂਬਲੀ ਹਾਲ ਵਿੱਚ ਸੁੱਟੇ ਗਏ ਗੁਲਾਬੀ ਪਰਚਿਆਂ ਵਿੱਚ ਖ਼ੂਨ ਖ਼ਰਾਬੇ ਬਾਰੇ ਘ੍ਰਿਣਾ ਪ੍ਰਗਟ ਹੋਈ ਮਿਲਦੀ ਹੈ।

ਇਹ ਇਕਬਾਲ ਕਰਦਿਆਂ ਸਾਨੂੰ ਅਫਸੋਸ ਹੋ ਰਿਹਾ ਹੈ ਕਿ ਸਾਨੂੰ ਮਨੁੱਖੀ ਲਹੂ ਵਹਾਉਣ ਲਈ ਮਜਬੂਰ ਹੋਣਾ ਪਿਆ। ਅਸੀਂ ਉਹ ਹਾਂ ਜੋ ਮਨੁੱਖੀ ਜੀਵਨ ਨੂੰ ਬਹੁਤ ਜਿਆਦਾ ਪਵਿੱਤਰ ਸਮਝਦੇ ਹਾਂ। ਜਿਹੜੇ ਇਕ ਅਜਿਹੇ ਸ਼ਾਨਦਾਰ ਭਵਿੱਖ ਦਾ ਸੁਪਨਾ ਲੈਂਦੇ ਹਾਂ। ਜਦੋਂ ਮਨੁੱਖ ਪੂਰੀ ਸ਼ਾਂਤੀ ਅਤੇ ਮੁਕੰਮਲ ਆਜ਼ਾਦੀ ਦਾ ਆਨੰਦ ਮਾਣੇਗਾ ਪ੍ਰੰਤੂ ਮਹਾਨ ਇਨਕਲਾਬ ਦੀ ਵੇਦੀ ਤੇ ਵਿਅਕਤੀਆਂ ਦਾ ਬਲੀਦਾਨ ਅਨਿਵਾਰੀ ਹੈ। ਜਿਸ ਨੇ ਸਭ ਲਈ ਆਜ਼ਾਦੀ ਲਿਆਉਣਾ ਹੈ। ਮਨੁੱਖ ਦੁਆਰਾ ਮਨੁੱਖ ਦੀ ਲੁੱਟ ਨੂੰ ਅਸੰਭਵ ਬਣਾ ਦੇਣਾ ਹੈ।

"ਇਨਕਲਾਬ ਜ਼ਿੰਦਾਬਾਦ"

ਇਸ ਨਾਅਰੇ ਦਾ ਮਤਲਬ ਖ਼ੂਨ ਖ਼ਰਾਬਾ ਸਦਾ ਲਈ ਨਹੀਂ। ਸਗੋਂ ਪ੍ਰਚਾਰ , ਸਮਾਜਿਕ ਅਤੇ ਸਿਆਸੀ ਤਰੱਕੀ ਲਈ ਇਨਕਲਾਬ ਲਿਆਉਣਾ ਹੈ। ਭਗਤ ਸਿੰਘ ਲਈ ਇਹ ਗਲ ਵਧੇਰੇ ਵੀਰਤਾ ਭਰੀ ਸੀ ਅਤੇ ਨੌਜਵਾਨਾਂ ਲਈ ਇਕ ਰੋਮਾਂਚਿਕ ਕਾਰਜ। ਇਸ ਤਰਾਂ ਜੁਝਾਰ ਰਾਸ਼ਟਰਵਾਦੀ ਮਨੁੱਖੀ ਕਤਲ ਨੂੰ ਵਡਿਆਉਂਦੇ ਨਹੀਂ ਸਨ, ਸਗੋਂ ਇਨਕਲਾਬ ਦੀ ਚਾਲ ਨੂੰ ਤਿੱਖਾ ਕਰਨ ਅਤੇ ਨਵੇਂ ਯੁੱਗ ਦੀ ਪ੍ਰਭਾਤ ਦਾ ਐਲਾਨ ਕਰਨ ਲਈ ਉਹਨਾਂ ਨੂੰ ਅਜਿਹਾ ਕਰਨ ਲਈ ਮਜਬੂਰ ਹੋਣਾ ਪਿਆ ਸੀ।

# ਭਗਤ ਸਿੰਘ ਦੀ ਖੋਜ: ਬੀਜ ਤੋਂ ਬਿਰਖ ਤੱਕ



ਲਖਵਿੰਦਰ ਸਾਰਾ
ਖੋਜਾਰਥੀ: ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ, ਦਿੱਲੀ।
6284932275



ਭਾਰਤ ਦੀ ਧਰਤੀ ਹਮੇਸ਼ਾ ਹੀ ਯੋਧਿਆਂ, ਸੂਰਬੀਰਾਂ ਤੇ ਕੁਰਬਾਨੀ ਦੇਣ ਵਾਲਿਆਂ ਦੀ ਧਰਤੀ ਰਹੀ ਹੈ ਜਿਹਨਾਂ ਨੇ ਜ਼ੁਲਮ ਦਾ ਟਾਕਰਾ ਕਰਨ ਲਈ ਜਾਂ ਵਤਨ ਦੀ ਆਜ਼ਾਦੀ ਲਈ ਕੁਰਬਾਨੀ ਦਿੱਤੀ ਹੈ। ਕੁਰਬਾਨੀ ਦੇ ਇਸ ਸੁਨਹਿਰੀ ਇਤਿਹਾਸ ਦੇ ਪੰਨਿਆਂ ’ਤੇ ਜਿੱਥੇ ਗੁਰੂ ਗੋਬਿੰਦ ਸਿੰਘ, ਊਧਮ ਸਿੰਘ, ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ, ਰਾਣੀ ਲਕਸ਼ਮੀ ਬਾਈ, ਰਾਜਗੁਰੂ, ਸੁਖਦੇਵ ਦਾ ਨਾਂ ਆਉਂਦਾ ਹੈ ਉਥੇ ਹੀ ਭਗਤ ਸਿੰਘ ਦਾ ਨਾਂ ਵੀ ਖਾਸ ਮਹੱਤਤਾ ਵਾਲਾ ਤੇ ਆਦਰਯੋਗ ਹੈ ਜਿਹੜਾ ਕਿ ਹਮੇਸ਼ਾ ਹੀ ਜ਼ੁਲਮ ਖਿਲਾਫ ਆਵਾਜ਼ ਦੇਣ ਦਾ ਸੰਕਲਪ ਦਿੰਦਾ ਹੈ।

ਭਗਤ ਸਿੰਘ ਕਿਸੇ ਜਾਣ ਪਛਾਣ ਦਾ ਮੁਹਤਾਜ ਨਹੀਂ ਹੈ। ਉਹ ਤਾਂ ਹਮੇਸ਼ਾ ਹੀ ਜ਼ੁਲਮ ਖਿਲਾਫ ਲੜਨ ਵਾਲਿਆਂ ਲਈ ਰਾਹ ਦਸੇਰਾ ਬਣਿਆ ਹੈ ਤੇ ਬਣਿਆ ਰਹੇਗਾ। ਭਗਤ ਸਿੰਘ ਇੱਕ ਸੋਚ ਦਾ ਨਾਂ ਹੈ ਜਿਹੜੀ ਇਸ਼ਕ ਤੇ ਇਨਕਲਾਬ ਦਾ ਸੁਮੇਲ ਸਿਖਾਉਂਦੀ ਹੈ। ਸਾਡੇ ਸੂਰਬੀਰ ਯੋਧਿਆਂ ਨੇ ਜਿਸ ਆਜ਼ਾਦੀ ਤੇ ਹੱਕਾਂ ਲਈ ਕੁਰਬਾਨੀ ਦਿੱਤੀ ਸੀ,ਉਹ ਅੱਜ ਕਿਧਰੇ ਵੀ ਨਜ਼ਰ ਨਹੀਂ ਆਉਂਦੇ। ਜਿਹੜੀਆਂ ਸਮੱਸਿਆਵਾਂ ਉਹਨਾਂ ਨੇ ਆਪਣੇ ਵੇਲੇ ਦੇਖੀਆਂ ਸਨ (ਆਰਥਿਕ ਨਾ ਬਰਾਬਰੀ, ਮਨੁੱਖ ਹੱਥੋਂ ਮਨੁੱਖ ਦਾ ਸ਼ੋਸ਼ਣ, ਮਜ਼ਦੂਰਾਂ ਤੇ ਕਿਸਾਨਾਂ ਦੀ ਸਰਕਾਰ ਕਿਵੇਂ ਬਣੇਗੀ ) ਉਹ ਸਮੱਸਿਆਵਾਂ ਅੱਜ ਵੀ ਵਿਕਰਾਲ ਰੂਪ ਧਾਰੀ ਉਵੇਂ ਹੀ ਮੂੰਹ ਅੱਡੀ ਖੜੀਆਂ ਹਨ। ਉਸ ਵੀਰ ਯੋਧੇ ਦੀ ਆਪਣੀ ਦਿੱਬ- ਦ੍ਰਿਸ਼ਟੀ ਰਾਹੀਂ ਦੇਖੀ ਚਿੰਤਾ ( ਗੋਰੇ ਅੰਗਰੇਜਾਂ ਦੇ ਚਲੇ ਜਾਣ ਤੋਂ ਬਾਅਦ ‘ਰਾਜ’ ਕਾਲੇ ਅੰਗਰੇਜ਼ਾਂ ਦੇ ਹੱਥਾਂ ’ਚ ਆ ਜਾਵੇਗਾ ) ਅੱਜ ਸਹੀ ਸਾਬਿਤ ਹੋ ਰਹੀ ਹੈ।

ਉਹ ਤਾਂ ਆਪਣਾ ਫ਼ਰਜ਼ ਨਿਭਾ ਕੇ ਭਾਵੇਂ ਸਰੀਰਕ ਤੌਰ ’ਤੇ ਦੁਨੀਆ ਤੋਂ ਚਲਿਆ ਗਿਆ ਏ ਤੇ ਪਿੱਛੇ ਛੱਡ ਗਿਆ ਆਪਣੀ ਸੋਚ ਤੇ ਸਿਧਾਂਤ ਪਰ ਅਸੀਂ ਕੀ ਕਰ ਰਹੇ ਹਾਂ। ਅਸੀਂ ਤਾਂ ਉਸ ਦੀ ਸੋਚ ਤੇ ਸਿਧਾਂਤਾਂ ਨੂੰ ਅਪਨਾਉਣ ਦੀ ਬਜਾਏ ਉਸ ਦੇ ਦੁਬਾਰਾ ਵਾਪਿਸ ਆਉਣ ਦੀ ਉਡੀਕ ਕਰ ਰਹੇ ਹਾਂ। ਅਕਸਰ ਹੀ ਅਸੀਂ ਵਾਹਨਾਂ ’ਤੇ ਲੱਗੀ ਉਸ ਦੀ ਤਸਵੀਰ ਦੇਖਦੇ ਹਾਂ ਜਿਨ੍ਹਾਂ ਤੇ ਲਿਖਿਆ ਹੁੰਦਾ ਹੈ- ਲੱਗਦਾ ਫੇਰ ਆਉਣਾ ਪਊ ਜਾਂ ਅੰਗਰੇਜ਼ ਖੰਘੇ ਸੀ ਤਾਂ ਹੀ ਟੰਗੇ ਸੀ । ਹਿੰਸਾ ਤਾਂ ਕਦੇ ਵੀ ਭਗਤ ਸਿੰਘ ਦਾ ਮਕਸਦ ਰਿਹਾ ਹੀ ਨਹੀਂ। ਅਸੀਂ ਉਸ ਦੀ ਪਿਸਤੌਲ ਟੰਗੀ ਫੋਟੋ ਦੇ ਨਾਲ ਨਾਲ ਕਦੇ ਉਸ ਦੇ ਹੱਥ ’ਚ ਫੜੀ ਕਿਤਾਬ ਵੱਲ ਧਿਆਨ ਹੀ ਨਹੀਂ ਮਾਰਿਆ।

ਅੱਜ ਹਰ ਕੋਈ ਚਾਹੁੰਦਾ ਹੈ ਕਿ ਭਗਤ ਸਿੰਘ ਪੈਦਾ ਤਾਂ ਹੋਵੇ ਪਰ ਸਾਡੇ ਘਰ ਨਹੀਂ, ਕਿਸੇ ਦੂਜੇ ਦੇ ਘਰ ਹੋਵੇ ਕਿਉਂਕਿ ਸਾਡੇ ਅੰਦਰ ਸ਼ਾਇਦ ਉਹ ਮਾਦਾ ਹੀ ਨਹੀਂ ਹੈ ਕਿ ਅਸੀਂ ਭਗਤ ਸਿੰਘ ਨੂੰ ਆਪਣੇ ਘਰ ਪੈਦਾ ਕਰ ਸਕੀਏ। ਆਪਣੀਆਂ ਅੱਖਾਂ ਸਾਹਮਣੇ ਆਪਣੇ ਜਿਗਰ ਦੇ ਟੁਕੜਿਆਂ ਦੇ ਟੋਟੇ ਝੋਲੀ ’ਚ ਪਵਾਉਣ ਵਾਲੀਆਂ, ਪਿੱਠ ਪਿੱਛੇ ਪੁੱਤਰ ਨੂੰ ਬੰਨ ਕੇ ਜੰਗ ਕਰਨ ਵਾਲੀਆਂ ਮਾਂਵਾਂ ਪਤਾ ਨਹੀਂ ਕਿਹੜੇ ਰਾਹਾਂ ’ਤੇ ਤੁਰ ਪਈਆਂ ਹਨ। ਕੁਦਰਤ ਸਭ ਦੀ ਪਾਲਣਾ ਕਰਨ ਵਾਲੀ ਜਨਨੀ ਹੈ ਅਤੇ ਇਤਫ਼ਾਕ ਵੱਸ ‘ ਕੁਦਰਤ ’ ਸ਼ਬਦ ਵੀ ਇਸਤਰੀ ਲਿੰਗ ਦਾ ਧਾਰਨੀ ਹੈ। ਅਸੀਂ ਸ਼ਹੀਦ-ਏ-ਆਜ਼ਮ ਦੇ ਵਾਪਿਸ ਆਉਣ ਦੀ ਉਡੀਕ ਤਾਂ ਕਰਦੇ ਹਾਂ ਪਰ ਉਸ ਨੂੰ ਪੈਦਾ ਕਰਨ ਦੀ ਸਮਰੱਥਾ ਨੂੰ ਹੀ ਨਹੀਂ ਪਹਿਚਾਣਦੇ। ‘ਮਾਂ’ ਇੱਕ ਅਜਿਹਾ ਸ਼ਬਦ ਹੈ ਜਿਹੜਾ ਆਪਣੇ ਅੰਦਰ ਪਤਾ ਨਹੀਂ ਕਿੰਨੇ ਹੀ ਬ੍ਰਹਿਮੰਡ ਸਮਾਉਣ ਦੀ ਸਮਰੱਥਾ ਰੱਖਦਾ ਹੈ। ਜਦੋਂ ਇੱਕ ਬੱਚਾ ਆਪਣੀ ਮਾਂ ਦੇ ਗਰਭ ਅੰਦਰ ਬੀਜ ਰੂਪ ’ਚ ਹੋਂਦ ਗ੍ਰਹਿਣ ਕਰਦਾ ਹੈ ਤਾਂ ਉਸ ਸਮੇਂ ਤੋਂ ਲੈ ਕੇ ਹੀ ਮਾਂ ਦੁਆਰਾ ਕੀਤੀਆਂ ਜਾਂਦੀਆਂ ਗਤੀਵਿਧੀਆਂ, ਕਿਰਿਆਵਾਂ ਦਾ ਅਸਰ ਭਰੂਣ ’ਤੇ ਹੋਣਾ ਸ਼ੁਰੂ ਹੋ ਜਾਂਦਾ ਹੈ। ਮਾਂ ਦਾ ਖਾਣਾ ਪੀਣਾ, ਸੋਚਣਾ, ਸੁਣਨਾ, ਮਹਿਸੂਸ ਕਰਨਾ ਅਰਥਾਤ ਇੱਕ ਹੋਣ ਵਾਲੀ ਮਾਂ ਆਪਣੇ ਚੌਗਿਰਦੇ ’ਚੋਂ ਜੋ ਵੀ ਗ੍ਰਹਿਣ ਕਰਦੀ ਹੈ, ਉਸ ਦਾ ਪ੍ਰਤੱਖ ਅਪ੍ਰਤੱਖ ਰੂਪ ਵਿੱਚ ਅਸਰ ਉਸ ਹੋਣ ਵਾਲੇ ਬੱਚੇ ’ਤੇ ਪੈਣਾ ਸ਼ੁਰੂ ਹੋ ਜਾਂਦਾ ਹੈ। ਇਸ ਦੀ ਇੱਕ ਉਦਾਹਰਣ ਸਾਡੇ ਸਾਹਮਣੇ ਮਹਾਂਭਾਰਤ ਵਿੱਚ ਅਰਜਨ ਦੁਆਰਾ ਆਪਣੀ ਗਰਭਵਤੀ ਪਤਨੀ ਦਰੋਪਤੀ ਨੂੰ ਚੱਕਰਵਿਊ ਦੀ ਕਹਾਣੀ ( ਘਟਨਾ ) ਸੁਣਾਉਣ ਦੀ ਮਿਲਦੀ ਹੈ ਜਿਸ ਦਾ ਅਸਰ ਪੇਟ ਅੰਦਰ ਪਲ ਰਹੇ ਅਭਿਮੰਨਿਊ ’ਤੇ ਪਿਆ ਯੁੱਧ ਦੇ ਮੈਦਾਨ ’ਚ ਦਿਖਾਈ ਦਿੰਦਾ ਹੈ। ਭਾਵੇਂ ਅਸੀਂ ਇਸ ਨੂੰ ਮਿਥਿਹਾਸ ਹੀ ਮੰਨਦੇ ਹੋਈਏ ਪਰ ਅੱਜ ਤਾਂ ਇਹ ਗੱਲ ਵਿਗਿਆਨ ਵੀ ਮੰਨ ਚੁੱਕਿਆ ਹੈ ਕਿ ਗਰਭ ਦੌਰਾਨ ਕੀਤੀਆਂ ਜਾਂਦੀਆਂ ਗਤੀਵਿਧੀਆਂ ਦਾ ਬੱਚੇ ’ਤੇ ਬਹੁਤ ਅਸਰ ਹੁੰਦਾ ਹੈ। ਜਦੋਂ ਇਹ ਸਭ ਸੱਚ ਹੈ ਤਾਂ ਇਸ ਦਾ ਮਤਲਬ ਔਰਤ ਦੇ ਹੱਥ ਵਿੱਚ ਬਹੁਤ ਵੱਡੀ ਸ਼ਕਤੀ ਹੈ- ਆਪਣੇ ਬੱਚੇ ਨੂੰ ਕੀ ਬਨਾਉਣਾ ਹੈ। ਹਾਂਲਾਕਿ ਇਸ ਵਿੱਚ ਸਮਾਜਿਕ ਚੌਗਿਰਦੇ, ਘਰ ਦੇ ਮਾਹੌਲ ਦਾ ਬਹੁਤ ਵੱਡਾ ਰੋਲ ਹੈ ਪਰੰਤੂ ਤਾਂ ਵੀ ਇੱਕ ਹੋਣ ਵਾਲੀ ਮਾਂ ਨੂੰ ਚਾਹੀਦਾ ਹੈ ਕਿ ਉਹ ਸੂਰਬੀਰ ਯੋਧਿਆਂ ਦੀਆਂ, ਯੋਧਿਆਂ ਬਾਰੇ ਕਿਤਾਬਾਂ ਪੜੇ, ਇਨਕਲਾਬੀ ਸਾਹਿਤ ਪੜੇ, ਕਹਾਣੀਆਂ ਦੇਖੇ ਤੇ ਸੁਣੇ। ਗਰਭ ਤੋਂ ਲੈ ਕੇ ਬੱਚੇ ਦੇ ਬਾਲਗ ਹੋਣ ਤੱਕ ਅਜਿਹਾ ਮਾਹੌਲ ਪ੍ਰਦਾਨ ਕੀਤਾ ਜਾਵੇ ਜਿਹੜਾ ਬੱਚੇ ਨੂੰ ਸੂਰਬੀਰਤਾ, ਬਹਾਦਰੀ, ਇਨਸਾਨੀਅਤ ਅਤੇ ਜ਼ਿੰਦਗੀ ਦੇ ਆਸ਼ਿਕ ਅਤੇ ਨਿਡਰਤਾ ਵੱਲ ਪ੍ਰੇਰਿਤ ਕਰੇ।

ਕਿਤਾਬਾਂ ਭਾਵੇਂ ਸਾਨੂੰ ਰੋਟੀ, ਨੌਕਰੀ ਨਾ ਦੇਣ ਪਰ ਜ਼ਿੰਦਗੀ ਨੂੰ ਇੱਕ ਵੱਖਰੇ ਦ੍ਰਿਸ਼ਟੀਕੋਣ ਤੋਂ ਦੇਖਣ ਦਾ ਨਜ਼ਰੀਆ ਜਰੂਰ ਦਿੰਦੀਆਂ ਹਨ। ਰੂਸ ਦੀ ਕ੍ਰਾਂਤੀ ਵਿੱਚ ਸਾਹਿਤ ਨੂੰ ਇੱਕ ‘ ਸਹਾਇਕ ਸਾਧਨ ’ ਵਜੋਂ ਵਰਤਿਆ ਗਿਆ ਸੀ। ਆਜ਼ਾਦੀ ਦੇ ਸੰਗਰਾਮ ’ਚ ਰਾਜਗੁਰੂ, ਸੁਖਦੇਵ ਤੇ ਉਸ ਦੇ ਹੋਰਨਾਂ ਸਾਥੀਆਂ ਦੀ ਕੁਰਬਾਨੀ ਕਿਸੇ ਗੱਲੋਂ ਵੀ ਘੱਟ ਨਹੀਂ ਹੈ ਪਰ ਭਗਤ ਸਿੰਘ ਦੀ ਏਨੀ ਹਰਮਨ-ਪਿਆਰਾ ਦਾ ਕਾਰਨ ਉਸ ਦਾ ਕਿਤਾਬਾਂ, ਸਾਹਿਤ ਨਾਲ ਜੁੜਿਆ ਹੋਣਾ ਹੀ ਹੈ। ਦਲੀਲਾਂ ਨਾਲ ਆਪਣੇ ਵਿਰੋਧੀਆਂ ਨੂੰ ਹਰਾਉਣਾ ਤੇ ਜਿਸ ਇਨਸਾਨ ਨੂੰ ਇਹ ਪਤਾ ਹੋਵੇ ਕਿ ਅਗਲੇ ਪਲ ਉਸ ਨੂੰ ਫਾਂਸੀ ਲੱਗਣ ਵਾਲੀ ਹੋਵੇ ਤੇ ਉਹ ਜੇਲ੍ਹ ਅੰਦਰ ਬੈਠਾ ਕਿਤਾਬ ਪੜ੍ਹ ਰਿਹਾ ਹੈ ਤੇ ਫਾਂਸੀ ਲਈ ਬੁਲਾਏ ਜਾਣ ’ਤੇ ਉਸ ਦੇ ਕਹੇ ਸ਼ਬਦ ਰੁਕੋ, ਇੱਕ ਕ੍ਰਾਂਤੀਕਾਰੀ ਦੂਜੇ ਕ੍ਰਾਂਤੀਕਾਰੀ ਨੂੰ ਮਿਲ ਰਿਹਾ ਹੈ। ਉਸ ਦੀ ਸਾਹਿਤ ਤੇ ਕਿਤਾਬਾਂ ਪ੍ਰਤੀ ਪ੍ਰਤੀਬੱਧਤਾ ਨੂੰ ਦਰਸਾਉਂਦੇ ਹਨ। ਉਸ ਵੇਲੇ ਸਾਡੇ ਸਾਹਮਣੇ ਦੁਸ਼ਮਣਾਂ ਦੀ ਪਹਿਚਾਣ ਸੀ ਪਰ ਅੱਜ ਸਭ ਸਾਡੇ ਬਣ ਕੇ ਹੀ ਸਾਨੂੰ ਠੱਗ ਰਹੇ ਹਨ। ਅੱਜ ਦੇਸ਼ ਜਿਹੜੇ ਵੀ ਰਾਹਾਂ ’ਤੇ ਜਾ ਰਿਹਾ ਏ ਉੱਥੇ ਕਿੰਨੇ ਹੀ ਭਗਤ ਸਿੰਘ ਵਰਗੇ ਜਜ਼ਬੇ ਪੈਦਾ ਕਰਨ ਵਾਲੇ ਨੌਜਵਾਨਾਂ ਅਤੇ ਵਿਦਿਆਰਥੀ, ਦੁਰਗਾ ਭਾਬੀ, ਮਾਤਾ ਸਾਹਿਬ ਕੌਰ, ਸਾਵਿੱਤਰੀ ਬਾਈ ਫੂਲੇ, ਰਮਾ ਬਾਈ ਅੰਬੇਦਕਰ ਤੇ ਰਾਣੀ ਲਕਸ਼ਮੀ ਬਾਈ ਵਰਗੀਆਂ ਔਰਤਾਂ ਦੀ ਜਰੂਰਤ ਹੈ, ਜਿਨ੍ਹਾਂ ਨੇ ਸਮੇਂ ਦੀਆਂ ਸਰਕਾਰਾਂ ਨੂੰ ਵਖ਼ਤ ਪਾ ਦਿੱਤਾ ਸੀ।

ਪਰਿਵਾਰ ਤੋਂ ਬਾਅਦ ਬੱਚੇ ਨੇ ਸਕੂਲ, ਕਾਲਜ ਵਿੱਚ ਪਰਵੇਸ਼ ਕਰਨਾ ਹੁੰਦਾ ਹੈ ਜਿੱਥੇ ਉਸ ਦਾ ਸਿੱਧਾ ਵਾਹ ਵਾਸਤਾ ਕਿਤਾਬਾਂ ਨਾਲ ਜੁੜਦਾ ਹੈ। ਅਧਿਆਪਕ ਨੇ ਕਿਤਾਬੀ ਸਿਲੇਬਸ ਤੋਂ ਬਿਨਾਂ ਵਿਦਿਆਰਥੀ ਨੂੰ ਜ਼ਿੰਦਗੀ ਦਾ ਸਿਲੇਬਸ ਵੀ ਪੜ੍ਹਾਉਣਾ ਹੁੰਦਾ ਹੈ। ਅੱਜ ਵਿਦਿਆਰਥੀਆਂ ਅੰਦਰ ਬਹਿਸਾਂ ਤਾਂ ਹੁੰਦੀਆਂ ਹਨ ਪਰ ਉਹਨਾਂ ਦੇ ਵਿਸ਼ੇ ਹਥਿਆਰਾਂ, ਫੋਨਾਂ, ਗੱਡੀਆਂ ਦੇ ਮਾਡਲ ਹੁੰਦੇ ਹਨ ਨਾ ਕਿ ਆਰਥਿਕ, ਰਾਜਨੀਤਿਕ ਮੁੱਦੇ। ਇਸ ਲਈ ਵਿਦਿਆਰਥੀਆਂ ਅੰਦਰ ਜ਼ਿੰਦਗੀ ਦੇ ਯੋਧੇ, ਰਾਜਨੀਤਿਕ, ਆਰਥਿਕ ਅਤੇ ਇਨਕਲਾਬੀ ਸੂਝ-ਬੂਝ ਭਰਨ ਲਈ ਸ਼ੁਰੂ ਤੋਂ ਹੀ ਉਹਨਾਂ ਦੇ ਬੌਧਿਕ ਪੱਧਰ ਅਨੁਸਾਰ ਵਿਚਾਰ ਵਟਾਂਦਰੇ ਅਤੇ ਬਹਿਸਾਂ ਲਈ ਪਿੜ ਤਿਆਰ ਕਰਨ ਦੀ ਜ਼ਰੂਰਤ ਹੈ। ਸਕੂਲੀ ਪੱਧਰ ’ਤੇ ਵਿਦਿਆਰਥੀਆਂ ਨੂੰ ਉਹਨਾਂ ਦੇ ਬੌਧਿਕ ਪੱਧਰ ਅਨੁਸਾਰ ਘਰ ਦੇ ਕੰਮ ਵਜੋਂ ਕੋਈ ਕਹਾਣੀ ਪੜ੍ਹਨ ਨੂੰ ਦੇਣਾ ਅਤੇ ਅਗਲੇ ਦਿਨ ਜਮਾਤ ਵਿੱਚ ਵਿਚਾਰ- ਚਰਚਾ ਕਰਵਾਉਣੀ ਅਤੇ ਕਾਲਜੀ ਪੱਧਰ ’ਤੇ ਰਾਜਨੀਤਿਕ, ਆਰਥਿਕ, ਚਲੰਤ ਚੱਲ ਰਹੇ ਮੁੱਦਿਆਂ ਉੱਪਰ ਜਾਂ ਕਿਸੇ ਕਿਤਾਬ ’ਤੇ ਜਮਾਤ ’ਚ ਚਰਚਾ ਕਰਵਾਉਣਾ ਆਦਿ ਇਨਕਲਾਬੀ ਬਹਿਸਾਂ ਲਈ ਪਿੜ ਤਿਆਰ ਕਰਨ ’ਚ ਸਹਾਈ ਹੋ ਸਕਦਾ ਹੈ। ਅੱਜ ਮਜਬੂਰੀ ਵੱਸ ਚੱਲ ਰਹੀ ਆਨਲਾਈਨ ਪੜ੍ਹਾਈ ਨੇ ਜਿੱਥੇ ਵਿਦਿਆਰਥੀਆਂ ਨੂੰ ਟੈਕਨੌਲੋਜੀ ਨਾਲ ਜੋੜਿਆ ਹੈ ਉੱਥੇ ਕਿਤਾਬ ਤੇ ਸੰਵਾਦ ਤੋਂ ਵੀ ਦੂਰ ਕਰ ਦਿੱਤਾ ਹੈ। ਇਸ ਲਈ ਕੱਲੀਆਂ ਔਰਤਾਂ ਹੀ ਨਹੀਂ ਬਲਕਿ ਸਾਰੇ ਰਲ ਕੇ ਭਗਤ ਸਿੰਘ ਵਰਗੇ ਸੂਰਬੀਰਾਂ ਦੀਆਂ ਲਿਖਤਾਂ, ਉਹਨਾਂ ਬਾਰੇ ਲਿਖੀਆਂ ਕਿਤਾਬਾਂ ਨੂੰ ਪੜ੍ਹੀਏ, ਵਿਚਾਰੀਏ ਅਤੇ ਕਹਿਣੀ ਤੇ ਕਰਨੀ ਦੇ ਪੂਰੇ ਬਣੀਏ। ਇੱਕ ਸਿਹਤਮੰਦ ਤੇ ਬਿਹਤਰ ਸਮਾਜ ਸਿਰਜਣ ਲਈ ਭਗਤ ਸਿੰਘ ਦੁਆਰਾ ਅਖ਼ੀਰ ਵਿੱਚ ਪੜ੍ਹੀ ਜਾ ਰਹੀ ਕਿਤਾਬ ‘ ਲੈਨਿਨ ਦੀ ਜੀਵਨੀ ’ ਦੇ ਅਗਲੇ ਕਾਂਡ ਨੂੰ ਸ਼ੁਰੂ ਕਰਨ ਦੀ ਲੋੜ ਹੈ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375



# ਵਾਤਾਵਰਣ

# ਵਿਸ਼ਵ 'ਚ ਵੱਡੀ ਸਮੱਸਿਆ ਬਣਿਆ ਹਵਾ ਪ੍ਰਦੂਸ਼ਣ



## ਦੁਨੀਆਂ ਦੇ ਸਭ ਤੋਂ ਵੱਧ 50 ਪ੍ਰਦੂਸ਼ਿਤ ਸ਼ਹਿਰਾਂ ਵਿੱਚ 39 ਭਾਰਤੀ ਸ਼ਹਿਰ

ਨਵੀਂ ਦਿੱਲੀ : ਸਵਿਸ ਫਰਮ IQAir ਦੁਆਰਾ ਜਾਰੀ ਵਿਸ਼ਵ ਏਅਰ ਕੁਆਲਿਟੀ ਰਿਪੋਰਟ ਦੇ ਅਨੁਸਾਰ, 39 ਭਾਰਤੀ ਸ਼ਹਿਰ ਦੁਨੀਆ ਦੇ ਸਭ ਤੋਂ ਵੱਧ 50 ਪ੍ਰਦੂਸ਼ਿਤ ਸ਼ਹਿਰਾਂ ਵਿੱਚ ਸ਼ਾਮਲ ਹਨ।ਇਸ ਰਿਪੋਰਟ ਮੁਤਾਬਕ ਰਾਜਸਥਾਨ ਦਾ ਭਿਵੜੀ, ਦਿੱਲੀ, ਬਿਹਾਰ ਦੇ ਦਰਭੰਗਾ ਅਤੇ ਅਸੋਪੁਰ, ਯੂਪੀ ਦਾ ਗਾਜ਼ੀਆਬਾਦ ਅਤੇ ਹਰਿਆਣਾ ਦਾ ਧਾਰੂਹੇੜਾ ਸਭ ਤੋਂ ਵੱਧ 50 ਪ੍ਰਦੂਸ਼ਿਤ ਸ਼ਹਿਰਾਂ ਵਿੱਚ ਸ਼ਾਮਲ ਹਨ।

ਏਅਰ ਪਿਊਰੀਫਾਇਰ ਬਣਾਉਣ ਵਾਲੀ ਇਸ ਸਵਿਸ ਨਿਰਮਾਤਾ ਦੁਆਰਾ ਕੀਤੇ ਗਏ ਸਾਲਾਨਾ ਗਲੋਬਲ ਸਰਵੇਖਣ ਅਨੁਸਾਰ, ਪਾਕਿਸਤਾਨ ਦਾ ਲਾਹੌਰ 2022 ਵਿੱਚ ਦੁਨੀਆ ਵਿੱਚ ਸਭ ਤੋਂ ਖ਼ਰਾਬ ਹਵਾ ਵਾਲਾ ਸ਼ਹਿਰ ਬਣਨ ਲਈ 10 ਤੋਂ ਵੱਧ ਸਥਾਨਾਂ ਦੀ ਛਾਲ ਮਾਰ ਗਿਆ ਹੈ।

IQAir PM2.5 ਵਜੋਂ ਜਾਣੇ ਜਾਂਦੇ ਫੇਫੜਿਆਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਹਵਾ ਦੇ ਕਣਾਂ ਦੀ ਇਕਾਗਰਤਾ ਦੇ ਆਧਾਰ 'ਤੇ ਹਵਾ ਦੀ ਗੁਣਵੱਤਾ ਦੇ ਪੱਧਰਾਂ ਨੂੰ ਮਾਪਦਾ ਹੈ। ਇਸਦਾ ਸਾਲਾਨਾ ਸਰਵੇਖਣ ਖੋਜਕਰਤਾਵਾਂ ਅਤੇ ਸਰਕਾਰੀ ਸੰਸਥਾਵਾਂ ਦੁਆਰਾ ਵਿਆਪਕ ਤੌਰ 'ਤੇ ਹਵਾਲਾ ਦਿੱਤਾ ਜਾਂਦਾ ਹੈ।

ਇਸ ਰਿਪੋਰਟ ਨੂੰ 131 ਦੇਸ਼ਾਂ, ਪ੍ਰਦੇਸ਼ਾਂ ਅਤੇ ਖੇਤਰਾਂ ਵਿੱਚ 7,300 ਤੋਂ ਵੱਧ ਸਥਾਨਾਂ ਵਿੱਚ 30,000 ਤੋਂ ਵੱਧ ਹਵਾ ਗੁਣਵੱਤਾ ਮਾਨੀਟਰਾਂ ਦੇ ਡੇਟਾ ਦੀ ਵਰਤੋਂ ਕਰਕੇ ਤਿਆਰ ਕੀਤਾ ਗਿਆ ਸੀ।

ਲਾਹੌਰ ਦੀ ਹਵਾ ਦੀ ਗੁਣਵੱਤਾ 2021 ਵਿੱਚ 86.5 ਤੋਂ 97.4 ਮਾਈਕ੍ਰੋਗ੍ਰਾਮ PM2.5 ਕਣਾਂ ਪ੍ਰਤੀ ਘਣ ਮੀਟਰ ਤੱਕ ਵਿਗੜ ਗਈ, ਜਿਸ ਨਾਲ ਇਹ ਵਿਸ਼ਵ ਪੱਧਰ 'ਤੇ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਬਣ ਗਿਆ।

ਹੋਟਨ, ਚੋਟੀ ਦੇ 20 ਵਿਚ ਇਕਲੌਤਾ ਚੀਨੀ ਸ਼ਹਿਰ ਹੈ, ਲਾਹੌਰ ਤੋਂ ਬਾਅਦ 94.3 ਦੇ PM2.5 ਪੱਧਰ ਦੇ ਨਾਲ, 2021 ਵਿੱਚ 101.5 ਤੋਂ ਸੁਧਾਰ ਹੈ।

ਦਰਜਾਬੰਦੀ ਵਿੱਚ ਅਗਲੇ ਦੋ ਸ਼ਹਿਰ ਭਾਰਤੀ ਸਨ: ਦਿੱਲੀ ਦੇ ਬਾਹਰਵਾਰ ਭਿਵੜੀ ਵਿੱਚ ਪ੍ਰਦੂਸ਼ਣ ਦਾ ਪੱਧਰ 92.7 ਸੀ, ਅਤੇ ਦਿੱਲੀ 92.6 ਦੇ ਨੇੜੇ ਸੀ।

ਵਿਸ਼ਵ ਸਿਹਤ ਸੰਗਠਨ 5 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਦੀ ਵੱਧ ਤੋਂ ਵੱਧ PM 2.5 ਗਾੜ੍ਹਾਪਣ ਦੀ ਸਿਫ਼ਾਰਸ਼ ਕਰਦਾ ਹੈ।ਜਦੋਂ ਕਿ ਚਾਡ ਦਾ ਔਸਤ ਪੱਧਰ 89.7 ਸੀ, ਇਰਾਕ, ਜਿਸ ਕੋਲ ਕਿਸੇ ਦੇਸ਼ ਲਈ ਦੂਜੇ ਸਭ ਤੋਂ ਵੱਧ ਪ੍ਰਦੂਸ਼ਿਤ ਹਵਾ ਸੀ, ਦੀ ਔਸਤ 80.1 ਸੀ।

ਪਾਕਿਸਤਾਨ, ਜਿਸ ਦੇ 2022 ਵਿੱਚ ਸਭ ਤੋਂ ਖ਼ਰਾਬ ਹਵਾ ਵਾਲੇ ਪੰਜ ਸ਼ਹਿਰਾਂ ਵਿੱਚੋਂ ਦੋ ਸਨ, ਦੇਸ਼-ਵਿਆਪੀ ਰੈਂਕਿੰਗ ਵਿੱਚ 70.9 ਦੇ ਨਾਲ ਤੀਜੇ ਸਥਾਨ 'ਤੇ ਰਿਹਾ, ਇਸ ਤੋਂ ਬਾਅਦ ਬਹਿਰੀਨ 66.6 'ਤੇ ਰਿਹਾ।

ਬੰਗਲਾਦੇਸ਼ ਦੀ ਹਵਾ ਦੀ ਗੁਣਵੱਤਾ ਵਿੱਚ 2021 ਤੋਂ ਸੁਧਾਰ ਹੋਇਆ ਹੈ, ਜਦੋਂ ਇਸਨੂੰ ਸਭ ਤੋਂ ਖਰਾਬ ਹਵਾ ਵਾਲੇ ਦੇਸ਼ ਵਜੋਂ ਟੈਗ ਕੀਤਾ ਗਿਆ ਸੀ। ਤਾਜ਼ਾ ਰਿਪੋਰਟ ਵਿੱਚ ਇਹ ਪੰਜਵੇਂ ਸਥਾਨ 'ਤੇ ਹੈ, ਜਿਸ ਵਿੱਚ PM2.5 ਦੇ ਪੱਧਰ 76.9 ਤੋਂ 65.8 'ਤੇ ਆ ਗਏ ਹਨ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਅਤੇ ਪਾਕਿਸਤਾਨ ਨੇ ਮੱਧ ਅਤੇ ਦੱਖਣੀ ਏਸ਼ੀਆਈ ਖੇਤਰ ਵਿੱਚ ਹਵਾ ਦੀ ਗੁਣਵੱਤਾ ਦਾ ਸਭ ਤੋਂ ਮਾੜਾ ਅਨੁਭਵ ਕੀਤਾ, ਜਿੱਥੇ ਲਗਭਗ 60 ਪ੍ਰਤੀਸ਼ਤ ਆਬਾਦੀ ਅਜਿਹੇ ਖੇਤਰਾਂ ਵਿੱਚ ਰਹਿੰਦੀ ਹੈ ਜਿੱਥੇ ਪੀਐਮ 2.5 ਕਣਾਂ ਦੀ ਗਾੜ੍ਹਾਪਣ ਵਿਸ਼ਵ ਸਿਹਤ ਸੰਗਠਨ ਦੇ ਸਿਫ਼ਾਰਸ਼ ਕੀਤੇ ਪੱਧਰਾਂ ਨਾਲੋਂ ਘੱਟੋ ਘੱਟ ਸੱਤ ਗੁਣਾ ਵੱਧ ਹੈ।

ਇਸ ਵਿਚ ਕਿਹਾ ਗਿਆ ਹੈ ਕਿ ਵਿਸ਼ਵ ਪੱਧਰ 'ਤੇ 10 ਵਿਚੋਂ ਇਕ ਵਿਅਕਤੀ ਅਜਿਹੇ ਖੇਤਰ ਵਿਚ ਰਹਿ ਰਿਹਾ ਹੈ ਜਿੱਥੇ ਹਵਾ ਪ੍ਰਦੂਸ਼ਣ ਸਿਹਤ ਲਈ ਖ਼ਤਰਾ ਹੈ।

ਯੂਐਸ ਪ੍ਰਸ਼ਾਂਤ ਖੇਤਰ ਗੁਆਮ ਵਿੱਚ ਕਿਸੇ ਵੀ ਦੇਸ਼ ਨਾਲੋਂ ਸਾਫ਼ ਹਵਾ ਸੀ, ਜਿਸ ਵਿੱਚ PM2.5 1.3 ਦੀ ਤਵੱਜੋ ਸੀ, ਜਦੋਂ ਕਿ ਕੈਨਬਰਾ ਵਿੱਚ 2.8 ਦੇ ਨਾਲ ਰਾਜਧਾਨੀ ਸ਼ਹਿਰ ਲਈ ਸਭ ਤੋਂ ਸਾਫ਼ ਹਵਾ ਸੀ।

### ਚਾਡ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਦੇਸ਼

ਵਰਲਡ ਏਅਰ ਕੁਆਲਿਟੀ ਰਿਪੋਰਟ ਮੁਤਾਬਕ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਦੇਸ਼ ਚਾਡ (ਕੇਂਦਰੀ ਅਫਰੀਕੀ ਦੇਸ਼) ਹੈ ,ਭਾਵੇਂ ਕਿ ਇਹ ਦੇਸ਼ ਸੋਨੇ ਅਤੇ ਯੂਰੇਨੀਅਮ ਲਈ ਪ੍ਰਸਿੱਧ ਹੈ। ਇਸ ਦੇਸ਼ ਵਿੱਚ ਪੀਐਮ 2.5 ਦੇ ਪੱਧਰ 'ਤੇ ਔਸਤ ਹਵਾ ਪ੍ਰਦੂਸ਼ਣ 89.7 ਪਾਇਆ ਗਿਆ ਹੈ।ਇਹ ਦੁਨੀਆਂ ਦਾ ਸਭ ਤੋਂ ਘੱਟ ਵਿਕਸਿਤ ਦੇਸ਼ ਮੰਨਿਆ ਜਾਂਦਾ ਹੈ।

ਇਰਾਕ ਦੂਜਾ ਸਭ ਤੋਂ ਪ੍ਰਦੂਸ਼ਿਤ ਦੇਸ਼ ਹੈ। ਇਸ ਦੇ ਨਾਲ ਹੀ ਪਾਕਿਸਤਾਨ ਦਾ ਨਾਂ ਤੀਜੇ ਨੰਬਰ 'ਤੇ ਅਤੇ ਬਹਿਰੀਨ ਦਾ ਨਾਂ ਚੌਥੇ ਨੰਬਰ 'ਤੇ ਹੈ। ਇਸ ਸੂਚੀ 'ਚ ਭਾਰਤ ਅੱਠਵੇਂ ਨੰਬਰ 'ਤੇ ਹੈ।

### ਭਾਰਤ ਵਿੱਚ ਪ੍ਰਦੂਸ਼ਣ

ਪ੍ਰਦੂਸ਼ਣ ਕਾਰਨ ਭਾਰਤ ਨੂੰ 150 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਵਾ ਪ੍ਰਦੂਸ਼ਣ ਕਾਰਨ ਭਾਰਤ ਨੂੰ 150 ਬਿਲੀਅਨ ਡਾਲਰ ਦਾ ਨੁਕਸਾਨ ਹੋਣ ਦਾ ਅਨੁਮਾਨ ਹੈ। ਭਾਰਤ ਵਿੱਚ ਹਵਾ ਪ੍ਰਦੂਸ਼ਣ ਦਾ ਸਭ ਤੋਂ ਵੱਡਾ ਕਾਰਕ ਟਰਾਂਸਪੋਰਟ ਸੈਕਟਰ ਹੈ, ਜੋ ਕੁੱਲ ਪ੍ਰਦੂਸ਼ਣ ਦਾ 20-35 ਫੀਸਦੀ ਪ੍ਰਦੂਸ਼ਣ ਕਰਦਾ ਹੈ। ਆਵਾਜ਼ਾਈ ਕਾਰਕ ਤੋਂ ਇਲਾਵਾ, ਉਦਯੋਗ, ਕੋਲੇ ਨਾਲ ਚੱਲਣ ਵਾਲੇ ਪਾਵਰ ਪਲਾਂਟ ਪ੍ਰਦੂਸ਼ਣ ਲਈ ਜ਼ਿੰਮੇਵਾਰ ਹਨ।

### ਭਾਰਤ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰ

ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਭਾਰਤ ਲਈ ਇੱਕ ਝਟਕਾ ਹੈ। ਤੁਹਾਨੂੰ ਦੱਸ ਦੇਈਏ ਕਿ ਚੋਟੀ ਦੇ 100 ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ 65 ਭਾਰਤ ਦੇ ਹਨ। ਇਸ ਦੇ ਨਾਲ ਹੀ ਚੋਟੀ ਦੇ 10 ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ ਛੇ ਭਾਰਤੀ ਹਨ। ਪਾਕਿਸਤਾਨ ਦੇ ਲਾਹੌਰ ਨੂੰ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਮੰਨਿਆ ਗਿਆ ਹੈ। ਲਾਹੌਰ ਵਿੱਚ ਪੀਐਮ 2.5 ਦਾ ਪੱਧਰ 97.4 ਮਾਪਿਆ ਗਿਆ ਹੈ। ਦੂਜੇ ਨੰਬਰ 'ਤੇ ਚੀਨ ਦਾ ਹੋਟਨ ਸ਼ਹਿਰ ਹੈ, ਜਿੱਥੇ ਪੀਐਮ 2.5 ਦਾ ਪੱਧਰ 94.3 ਹੈ। ਤੀਜੇ ਨੰਬਰ 'ਤੇ ਭਾਰਤ ਦੀ ਭਿਵਾੜੀ ਅਤੇ ਰਾਜਧਾਨੀ ਦਿੱਲੀ ਦਾ ਨਾਂ ਹੈ। ਦਿੱਲੀ ਵਿੱਚ ਪੀਐਮ 2.5 ਦਾ ਪੱਧਰ 92.6 ਮਾਪਿਆ ਗਿਆ ਹੈ। ਚੋਟੀ ਦੇ 10 ਵਿੱਚ ਹੋਰ ਭਾਰਤੀ ਸ਼ਹਿਰਾਂ ਵਿੱਚ ਨਵੀਂ ਦਿੱਲੀ ਅਤੇ ਬਿਹਾਰ ਦੇ ਦਰਭੰਗਾ, ਅਸੋਪੁਰ, ਪਟਨਾ ਸ਼ਾਮਲ ਹਨ।

# ਕੁਦਰਤੀ ਆਫਤਾਂ ਬਨਾਮ ਮਨੁੱਖ ਦੀ ਕੁਦਰਤ ਨਾਲ ਛੇੜਛਾੜ

## ਭਾਰਤ ਵਿੱਚ ਕੁਦਰਤੀ ਆਫ਼ਤਾਂ ਕਾਰਨ ਇੱਕ ਸਾਲ ਵਿੱਚ 1997 ਲੋਕਾਂ ਦੀ ਮੌਤ, 18 ਲੱਖ ਹੈਕਟੇਅਰ ਫ਼ਸਲ ਤਬਾਹ







ਜਿਥੇ ਮਨੁੱਖ ਵੱਲੋਂ ਕੁਦਰਤ ਨਾਲ ਵੱਡੇ ਪੱਧਰ 'ਤੇ ਛੇੜਛਾੜ ਕੀਤੀ ਜਾ ਰਹੀ ਹੈ, ਉਥੇ ਕੁਦਰਤ ਵੀ ਮਨੁੱਖ ਨੂੰ ਆਪਣੀ ਕਰੋਪੀ ਨਾਲ ਸਜ਼ਾ ਦੇ ਰਹੀ ਹੈ ਪਰ ਇਨਸਾਨ ਫੇਰ ਵੀ ਕੁਝ ਸਮਝ ਨਹੀਂ ਰਿਹਾ, ਜਿਸ ਕਾਰਨ ਇਕ ਪਾਸੇ ਮਨੁੱਖ ਵੱਲੋਂ ਕੁਦਰਤ ਨਾਲ ਛੇੜਛਾੜ ਵੱਧ ਰਹੀ ਹੈ, ਦੂਜੇ ਪਾਸੇ ਕੁਦਰਤੀ ਆਫਤਾਂ ਵੀ ਵੱਧ ਰਹੀਆਂ ਹਨ।

ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਲੋਕ ਸਭਾ ਵਿੱਚ ਜਾਣਕਾਰੀ ਦਿੱਤੀ ਕਿ 2022-23 ਵਿੱਚ ਕੁਦਰਤੀ ਆਫ਼ਤਾਂ ਕਾਰਨ ਭਾਰਤ ਵਿੱਚ 1997 ਲੋਕਾਂ ਦੀ ਮੌਤ ਹੋ ਚੁੱਕੀ ਹੈ, ਉੱਥੇ ਹੀ 30,615 ਪਸ਼ੂਆਂ ਦੀ ਵੀ ਮੌਤ ਹੋ ਚੁੱਕੀ ਹੈ। ਆਫ਼ਤ ਕਾਰਨ ਨੁਕਸਾਨੇ ਗਏ ਘਰਾਂ ਅਤੇ ਝੌਂਪੜੀਆਂ ਦੀ ਗਿਣਤੀ 3,24,265 ਹੈ।ਉਹਨਾਂ ਲੋਕ ਸਭਾ ਵਿੱਚ ਦੱਸਿਆ ਕਿ 2022-23 ਵਿੱਚ ਕੁਦਰਤੀ ਆਫ਼ਤਾਂ ਕਾਰਨ 18,54,901 ਹੈਕਟੇਅਰ ਫ਼ਸਲ ਵੀ ਤਬਾਹ ਹੋ ਗਈ ਸੀ।

ਰਾਜਾਂ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਦਾ ਹਵਾਲਾ ਦਿੰਦੇ ਹੋਏ, ਰਾਏ ਨੇ ਕਿਹਾ ਕਿ ਇਹਨਾਂ ਵੇਰਵਿਆਂ ਵਿੱਚ 2022-23 ਦੌਰਾਨ 7 ਮਾਰਚ, 2023 ਤੱਕ ਜਲਵਾਯੂ ਸੰਬੰਧੀ ਆਫ਼ਤਾਂ ਕਾਰਨ ਹੋਏ ਨੁਕਸਾਨ ਸ਼ਾਮਲ ਹਨ। ਰਾਏ ਨੇ ਇਹ ਵੀ ਦੱਸਿਆ ਕਿ ਵੱਖ-ਵੱਖ ਜਲਵਾਯੂ-ਸਬੰਧਤ ਘਟਨਾਵਾਂ ਕਾਰਨ ਹੋਣ ਵਾਲੀਆਂ ਕੁਦਰਤੀ ਆਫ਼ਤਾਂ ਦੀ ਗਿਣਤੀ, ਉਨ੍ਹਾਂ ਨੂੰ ਹੋਣ ਵਾਲੇ ਨੁਕਸਾਨ ਅਤੇ ਨਾਗਰਿਕਾਂ ਨੂੰ ਹੋਏ ਨੁਕਸਾਨ ਬਾਰੇ ਰਾਜ-ਵਾਰ ਜਾਣਕਾਰੀ ਕੇਂਦਰੀ ਗ੍ਰਹਿ ਮੰਤਰਾਲੇ ਦੁਆਰਾ ਸੰਭਾਲੀ ਨਹੀਂ ਜਾਂਦੀ ਅਤੇ ਇਹ ਜਾਣਕਾਰੀ ਰਾਜਾਂ ਦੁਆਰਾ ਦਿੱਤੀ ਜਾਂਦੀ ਹੈ।

**ਘਾਤਕ ਤਬਾਹੀ**

ਸਰਕਾਰ ਦੁਆਰਾ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ, ਮਹਾਰਾਸ਼ਟਰ ਨੇ ਆਫ਼ਤ ਦੌਰਾਨ ਸਭ ਤੋਂ ਵੱਧ 438 ਮੌਤਾਂ ਦਾ ਦਾਅਵਾ ਕੀਤਾ ਹੈ, ਇਸ ਤੋਂ ਬਾਅਦ ਮੱਧ ਪ੍ਰਦੇਸ਼ (284), ਅਸਾਮ (200), ਗੁਜਰਾਤ (189), ਕਰਨਾਟਕ (127), ਛੱਤੀਸਗੜ੍ਹ (95) ਅਤੇ ਰਾਜਸਥਾਨ (91) ਹਨ। ਇਸ ਤੋਂ ਬਾਅਦ ਉੱਤਰਾਖੰਡ ਵਿੱਚ 86, ਬਿਹਾਰ ਵਿੱਚ 70, ਮਨੀਪੁਰ ਅਤੇ ਉੱਤਰ ਪ੍ਰਦੇਸ਼ ਵਿੱਚ 53-53, ਹਿਮਾਚਲ ਪ੍ਰਦੇਸ਼ ਵਿੱਚ 42, ਤੇਲੰਗਾਨਾ ਵਿੱਚ 39, ਮੇਘਾਲਿਆ ਵਿੱਚ 27, ਅਰੁਣਾਚਲ ਪ੍ਰਦੇਸ਼ ਵਿੱਚ 23, ਪੰਜਾਬ ਵਿੱਚ 22, ਤਾਮਿਲਨਾਡੂ ਅਤੇ ਜੰਮੂ ਕਸ਼ਮੀਰ ਵਿੱਚ 16-16, ਤ੍ਰਿਪੁਰਾ ਵਿੱਚ 11., ਓਡੀਸ਼ਾ ਵਿੱਚ 11, ਨਾਗਾਲੈਂਡ ਵਿੱਚ 10, ਸਿੱਕਮ ਵਿੱਚ ਅੱਠ, ਆਂਧਰਾ ਪ੍ਰਦੇਸ਼ ਵਿੱਚ ਸੱਤ ਅਤੇ ਗੋਆ ਵਿੱਚ ਇੱਕ ਵਿਅਕਤੀ ਦੀ ਮੌਤ ਹੋਈ।

ਇਸੇ ਤਰ੍ਹਾਂ ਨਾਗਾਲੈਂਡ ਵਿੱਚ 2022-2023 ਦੌਰਾਨ ਇਨ੍ਹਾਂ ਆਫ਼ਤਾਂ ਵਿੱਚ ਕੁੱਲ 14,077 ਪਸ਼ੂਆਂ ਦੀ ਜਾਨ ਚਲੀ ਗਈ, ਇਸ ਤੋਂ ਬਾਅਦ ਮਹਾਰਾਸ਼ਟਰ ਵਿੱਚ 4,301, ਅਸਾਮ ਵਿੱਚ 2043, ਤੇਲੰਗਾਨਾ ਵਿੱਚ 1,574, ਗੁਜਰਾਤ ਵਿੱਚ 1,457, ਕਰਨਾਟਕ ਵਿੱਚ 1,289, ਕਰਨਾਟਕ ਵਿੱਚ 999, ਪੁਡੂਚੇਰੀ ਵਿੱਚ 999 ਪਸ਼ੂਆਂ ਦੀ ਮੌਤ ਹੋਈ ਹੈ।ਹਿਮਾਚਲ ਪ੍ਰਦੇਸ਼ ਵਿੱਚ 940, ਛੱਤੀਸਗੜ੍ਹ ਵਿੱਚ 533, ਤਾਮਿਲਨਾਡੂ ਵਿੱਚ 508, ਉੱਤਰਾਖੰਡ ਵਿੱਚ 407, ਆਂਧਰਾ ਪ੍ਰਦੇਸ਼ ਵਿੱਚ 291, ਉੜੀਸਾ ਵਿੱਚ 229, ਪੰਜਾਬ ਵਿੱਚ 203, ਰਾਜਸਥਾਨ ਵਿੱਚ 184, ਮੇਘਾਲਿਆ ਵਿੱਚ 167, ਕੇਰਲਾ ਵਿੱਚ 161, ਸਿੱਕਮ ਵਿੱਚ 137, ਉਤਰ ਪ੍ਰਦੇਸ਼ ਵਿੱਚ 68, ਆਂਧਰਾ ਪ੍ਰਦੇਸ਼ ਵਿੱਚ 49 ਅਤੇ ਤ੍ਰਿਪੁਰਾ ਵਿੱਚ ਇਕ ਪਸ਼ੂ ਦੀ ਮੌਤ ਹੋਈ। ਕੁਦਰਤੀ ਆਫਤਾਂ ਕਾਰਨ ਅਸਾਮ ਵਿੱਚ ਸਭ ਤੋਂ ਵੱਧ 2,02,214 ਘਰ ਅਤੇ ਝੌਂਪੜੀਆਂ (ਬਾਕੀ ਸਫ਼ਾ 31 'ਤੇ)

ਨਾਵਲ | ਕਿਸ਼ਤ- 22

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ



ਹਰਦੇਵ ਗਰੇਵਾਲ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਹੋਸ਼ ਆਉਣ ਤੋਂ ਬਾਅਦ ਉਹ ਕਿੰਨੀ ਹੀ ਦੇਰ ਹਵਾਲਾਤ ਦੇ ਇੱਕ ਕੋਨੇ ਵਿਚ, ਆਪਣੇ ਦੋਹਾਂ ਗੋਡਿਆਂ 'ਚ ਸਿਰ ਦਬਾ ਕੇ, ਚੁੱਪ-ਚਾਪ ਬੈਠਾ ਰਿਹਾ।

ਜਿਸ ਤਾਕਤ ਦੇ ਬਲ ਉੱਪਰ ਉਹ ਸੱਤਵੇਂ ਅਸਮਾਨਾਂ 'ਤੇ ਉੱਡਦਾ ਫਿਰਦਾ ਸੀ, ਉਸ ਤਾਕਤ ਦੇ ਖੁੱਸਣ ਨਾਲ਼ ਉਹ ਅੰਦਰੋਂ ਬਿਲਕੁਲ ਖੋਖਲਾ ਹੋ ਗਿਆ।

ਗ੍ਰਿਫ਼ਤਾਰੀ ਦੀ ਰਾਤ ਤੋਂ ਬਾਅਦ, ਸੁਪਨੇ ਵਿਚਲਾ ਭਿਆਨਕ ਦੈਂਤ ਉਸਨੂੰ ਜਾਗਦਿਆਂ ਵੀ ਦਿਸਣ ਲੱਗ ਪਿਆ ਸੀ।

ਆਪਣੇ ਆਸ-ਪਾਸ ਉਸਨੂੰ ਤਰ੍ਹਾਂ-ਤਰ੍ਹਾਂ ਦੇ ਪਰਛਾਵੇਂ ਨੱਚਦੇ ਮਹਿਸੂਸ ਹੋਣ ਲੱਗ ਪਏ।

ਇੱਕ ਜਿਉਂਦੀ ਲਾਸ਼ ਵਾਂਗ ਜ਼ਮਾਨਤ ਦੀ ਕਾਰਵਾਈ ਪੂਰੀ ਕਰਕੇ, ਆਪਣੇ ਵਕੀਲ ਨੂੰ ਬਿਲਕੁਲ ਹੀ ਅੱਖੋਂ ਪਰੋਖੇ ਕਰਦਿਆਂ, ਉਹ ਕਿਸੇ ਯੰਤਰ-ਚਲਿਤ ਮਾਨਵ ਦੀ ਤਰ੍ਹਾਂ, ਪੈਦਲ ਹੀ ਆਪਣੇ ਘਰ ਦੇ ਸਾਹਮਣੇ ਪਹੁੰਚਿਆ।

ਦਰਵਾਜ਼ੇ 'ਤੇ ਤਾਲਾ ਲਟਕ ਰਿਹਾ ਸੀ।

ਜ਼ਮਾਨਤ ਦੌਰਾਨ ਉਸਨੂੰ ਆਪਣਾ ਮੋਬਾਈਲ ਫ਼ੋਨ ਮਿਲ ਚੁੱਕਾ ਸੀ। ਉਸਨੇ ਮੋਬਾਈਲ ਕੱਢ ਆਪਣੇ ਸਹੁਰੇ ਘਰ ਫ਼ੋਨ ਲਗਾਇਆ ਤਾਂ ਅੱਗਿਓਂ ਫ਼ੋਨ ਉਸਦੀ ਘਰਵਾਲੀ ਨੇ ਹੀ ਉਠਾਇਆ। ਉਸਦਾ ਸ਼ੱਕ ਸਹੀ ਨਿਕਲਿਆ ਸੀ।

ਉਸਦੀ ਆਵਾਜ਼ ਸੁਣਦੇ ਸਾਰ ਹੀ ਉਸਦੀ ਘਰਵਾਲੀ ਦੀ ਕੰਨ-ਪਾੜਵੀਂ ਆਵਾਜ਼ ਉਸਦੇ ਕੰਨੀਂ ਗੂੰਜੀ।

'ਖਸਮਾਂ ਨੂੰ ਖਾਣਿਆ, ਹਰਾਮਜਾਦਿਆ, ਮੈਂ ਤਾਂ ਕੱਲ੍ਹ ਦਾ ਈ ਸਿਆਪਾ ਕਰੀ ਬੈਠੀ ਆਂ ਤੇਰਾ। ਹੁਣ ਕਿਹੜੇ ਖੂਹ-ਖਾਤੇ 'ਚ ਡਿੱਗਾਂ? ਤੂੰ ਤਾਂ ਕੰਜਰਾ, ਕਾਸੇ ਜੋਗੀ ਨੀ ਛੱਡਿਆ ਮੈਨੂੰ, ਕੁੱਤਿਆ ਕਿਸੇ ਜਹਾਨ ਦਿਆ, ਕੀੜੇ ਪੈਣ ਤੇਰੇ।'

ਬਿਨਾਂ ਕੁਝ ਬੋਲਿਆਂ ਸਰਦੂਲ ਸਿੰਘ ਨੇ ਫ਼ੋਨ ਕੱਟ ਦਿੱਤਾ।

ਉਸਨੇ ਨਰਸ ਦਾ ਫ਼ੋਨ ਮਿਲਾਇਆ ਤਾਂ ਅੱਗਿਓਂ ਫਿਰ ਸਵਿੱਚ ਆਫ਼ ਆ ਰਿਹਾ ਸੀ।

ਫਿਰ ਮਨ ਹੀ ਮਨ ਫ਼ੈਸਲਾ ਕਰ, ਉਹ ਨਰਸ ਵੱਲੀਂ ਤੁਰ ਪਿਆ।

ਗੁਜ਼ਰਦਾ ਹਰ ਪਲ ਉਸ ਲਈ ਗਹਿਰੀ ਮਾਨਸਿਕ ਪੀੜਾ ਦਾ ਕਾਰਕ ਬਣਦਾ ਜਾ ਰਿਹਾ ਸੀ।

ਸਕੂਨ ਹਾਸਿਲ ਕਰਨ ਲਈ ਉਸਨੂੰ ਕਿਸੇ ਆਲ੍ਹਣੇ ਦੀ ਤਲਾਸ਼ ਸੀ।

ਠਹਾਕਿਆਂ ਦੀਆਂ ਆਵਾਜ਼ਾਂ ਉਸਦੇ ਕੰਨਾਂ ਦੇ ਪਰਦੇ ਪਾੜ ਰਹੀਆਂ ਸਨ।

ਆਸੇ-ਪਾਸਿਓਂ ਲੰਘਦਾ ਹਰ ਰਾਹਗੀਰ ਉਸਨੂੰ ਆਪਣੇ ਉੱਪਰ ਹੱਸਦਾ ਪ੍ਰਤੀਤ ਹੋ ਰਿਹਾ ਸੀ।

ਸੁਪਨੇ ਵਾਲਾ ਭਿਆਨਕ ਦੈਂਤ ਕਦੇ ਉਸਨੂੰ ਸਾਹਮਣੇ ਆਉਂਦਾ ਦਿਖਾਈ ਦਿੰਦਾ, ਕਦੇ ਸੱਜੇ ਅਤੇ ਕਦੇ ਖੱਬੇ।

ਅਦਿੱਖ ਹੱਥ ਪਿੱਛਿਓਂ ਦੀ ਵਾਰ-ਵਾਰ ਉਸ ਦਾ ਗਲ਼ਾ ਦਬਾਉਂਦੇ, ਤੇ ਉਹ ਵਾਰ-ਵਾਰ ਛੁਡਾਉਣ ਦੀ ਕੋਸ਼ਿਸ਼ ਕਰਦਾ।

ਆਸ-ਪਾਸ ਤੈਰਦੇ ਪਰਛਾਵਿਆਂ ਤੋਂ ਤ੍ਰਹਿੰਦਾ ਤੇ ਬਚਦਾ, ਉਹ ਆਪਣੇ ਦੂਜੇ ਘਰ, ਜਿੱਥੇ ਉਸਨੇ ਨਰਸ ਨੂੰ ਰੱਖ ਛੱਡਿਆ ਸੀ, ਪਹੁੰਚਿਆ।

ਕੋਠੀ ਦੇ ਮੇਨ ਗੇਟ 'ਤੇ ਤਾਲਾ ਲਟਕ ਰਿਹਾ ਸੀ।

'ਕਿੱਧਰ ਮਰਗੀ ਸਾਲ਼ੀ ਸਾਰੇ ਟੱਬਰ ਨੂੰ ਲੈ ਕੇ?' ਬੁੜਬੁੜਾਉਂਦਾ ਹੋਇਆ ਉਹ ਵਾਪਿਸ ਮੁੜਨ ਹੀ ਲੱਗਾ ਸੀ, ਕਿ ਉਸਦੀ ਨਜ਼ਰ ਨੇਮ-ਪਲੇਟ 'ਤੇ ਜਾ ਪਈ।

ਉਸ ਉੱਪਰ ਨਰਸ ਦੀ ਬਜਾਏ, ਕਿਸੇ ਹੋਰ ਦਾ ਨਾਂ ਚਮਕ ਰਿਹਾ ਸੀ।

ਉਸਨੇ ਆਪਣੇ ਅੱਤ-ਥੱਕੇ ਦਿਮਾਗ਼ ਉੱਪਰ ਜ਼ੋਰ ਪਾਇਆ, ਤਾਂ ਉਸਨੂੰ ਯਾਦ ਆਇਆ।

ਇਹ ਤਾਂ ਉਸੇ ਲਾਲੇ ਦਾ ਨਾਂ ਸੀ, ਜਿਸ ਕੋਲ਼ ਉਸਨੇ ਆਪਣੀ ਕੋਠੀ ਗਹਿਣੇ ਰੱਖੀ ਸੀ।

ਸਾਰਾ ਮਾਜਰਾ ਸਰਦੂਲ ਸਿੰਘ ਦੀ ਸਮਝ 'ਚ ਆ ਗਿਆ।

ਉਸਦਾ ਖ਼ਿਆਲ ਬਿਲਕੁਲ ਦਰੁਸਤ ਸੀ। ਨਰਸ ਨੂੰ ਚੱਲਦੀ ਕਰ, ਲਾਲੇ ਨੇ ਕੋਠੀ 'ਤੇ ਕਬਜ਼ਾ ਜਮਾ ਲਿਆ ਸੀ। ਸਰਦੂਲ ਸਿੰਘ ਦੀ ਬਾਬਤ ਜਾਣ ਚੁੱਕੀ ਨਰਸ ਨੇ ਵੀ, ਮੌਕੇ ਦੀ ਨਜ਼ਾਕਤ ਨੂੰ ਸਮਝ ਕੇ ਲਾਲੇ ਨਾਲ ਸਮਝੌਤਾ ਕਰਨ ਵਿਚ ਹੀ ਸਮਝਦਾਰੀ ਸਮਝੀ।

ਚਾਰ ਲੱਖ ਰੁਪਏ ਦੀ ਇਵਜ਼ 'ਚ ਨਰਸ ਨੇ ਕੋਠੀ ਖਾਲੀ ਕਰ ਦਿੱਤੀ ਸੀ।

ਇੱਕ ਨਾ ਇੱਕ ਦਿਨ ਸਰਦੂਲ ਸਿੰਘ ਤੋਂ, ਕੋਠੀ ਆਪਣੇ ਨਾਂ ਕਰਵਾਉਣ ਦਾ ਸੁਪਨਾ ਦੇਖ ਰਹੀ ਨਰਸ ਨੂੰ ਹੁਣ ਚੰਗੀ ਤਰ੍ਹਾਂ ਸਮਝ ਆ ਗਿਆ ਸੀ, ਕਿ ਸਰਦੂਲ ਸਿੰਘ ਦੇ ਤਿਲ੍ਹਾਂ 'ਚ ਹੁਣ ਤੇਲ ਬਾਕੀ ਨਹੀਂ ਰਿਹਾ। ਸੋ ਉਨ੍ਹਾਂ ਚਾਰ ਲੱਖ ਰੁਪਿਆਂ ਨੂੰ ਭੱਜਦੇ ਚੋਰ ਦੀ ਲੰਗੋਟੀ ਸਮਝ, ਉਸਨੇ ਖ਼ੁਸ਼ੀ-ਖ਼ੁਸ਼ੀ ਕਬੂਲ ਲਿਆ। ਫਿਰ ਘਰ ਦੇ ਸਾਰੇ ਸਾਮਾਨ 'ਤੇ ਵੀ ਤਾਂ ਉਸੇ ਨੇ ਹੀ ਹੂੰਝਾ ਫੇਰਨਾ ਸੀ।

ਸਰਦੂਲ ਸਿੰਘ ਨੇ ਆਪਣੇ ਸਾਰੇ ਯਾਰਾਂ-ਬੇਲੀਆਂ ਦੇ ਫ਼ੋਨ ਮਿਲਾਏ। ਕਿਸੇ ਨੇ ਫ਼ੋਨ ਨਾ ਚੁੱਕਿਆ।

ਸਿਰਫ਼ ਦੋ ਦਿਨ ਪਹਿਲਾਂ ਤੱਕ ਦਾ ਸਰਦੂਲ ਸਿੰਘ ਏ.ਐੱਸ.ਆਈ., ਜੋ ਆਪਣੇ ਆਪ ਨੂੰ ਰੱਬ ਤੋਂ ਵੀ ਦੋ ਗਿੱਠ ਉਤਾਂਹ ਸਮਝਦਾ ਸੀ, ਅੱਜ ਬਿਨਾਂ ਸਿਰ 'ਤੇ ਛੱਤ ਦੇ, ਫਟੇਹਾਲ ਸੂਰਤ ਵਿੱਚ, ਬੇ-ਯਾਰੋ-ਮਦਦਗਾਰ ਖੜ੍ਹਾ ਸੀ, ਜਿਸ ਲਈ ਦੁਨੀਆਂ ਦੇ ਸਭ ਦਰਵਾਜ਼ੇ ਬੰਦ ਹੋ ਚੁੱਕੇ ਸਨ।

ਉਹ ਕਿੰਨਾ ਹੀ ਚਿਰ ਖੜ੍ਹਾ ਨੇਮ-ਪਲੇਟ ਨੂੰ ਘੂਰਦਾ ਰਿਹਾ।

ਫਿਰ ਨੇਮ-ਪਲੇਟ ਵਿੱਚੋਂ ਉਸਨੂੰ ਉਸ ਤੇਜਵੀਰ ਦੀ ਸ਼ਕਲ ਵਾਲਾ ਭਿਆਨਕ ਦੈਂਤ ਨਜ਼ਰ ਆਇਆ।

ਉਸਨੇ ਝੱਟ ਆਪਣਾ ਮੂੰਹ ਪਰ੍ਹਾਂ ਨੂੰ ਫੇਰ ਲਿਆ।

ਹੁਣ ਉਸਦੇ ਕੰਨਾਂ ਵਿੱਚ ਗਿਰਜਾਘਰ ਦੇ ਘੰਟੇ ਵਾਂਗ, ਇੱਕੋ ਨਾਂ ਵਾਰ-ਵਾਰ ਗੂੰਜਣ ਲੱਗ ਪਿਆ।

ਤੇਜਵੀਰ - ਤੇਜਵੀਰ - ਤੇਜਵੀਰ।

ਉਸਦੀਆਂ ਮੁੱਠੀਆਂ ਮਿਚ ਗਈਆਂ। ਜਬਾੜੇ ਕਸ ਗਏ।

ਆਪਣੇ ਆਪ ਨੂੰ ਘੜੀਸਦਾ ਹੋਇਆ, ਉਹ ਡਿੱਕ-ਡੋਲੇ ਖਾਂਦਾ ਤੇਜਵੀਰ ਦੇ ਫ਼ਲੈਟ ਵੱਲ ਨੂੰ ਤੁਰ ਪਿਆ।

ਦੈਂਤ ਸਾਹਮਣੇ ਆਉਂਦਾ ਤਾਂ ਅੱਖਾਂ ਮੀਚ ਕੇ ਹੱਥ ਸਾਹਮਣੇ ਕਰ ਲੈਂਦਾ, ਸੱਜੇ ਦਿਸਦਾ ਤਾਂ ਖੱਬੇ ਦੀ ਹੋ ਲੈਂਦਾ, ਖੱਬੇ ਦਿਸਦਾ ਤਾਂ ਸੱਜੇ ਨੂੰ ਉੱਭੜ ਪੈਂਦਾ।

ਪਰ ਉਹ ਰੁਕਿਆ ਨਾ।

ਉਸਦੀਆਂ ਇਨ੍ਹਾਂ ਅਸਧਾਰਣ ਹਰਕਤਾਂ ਦੇ ਫਲਸਰੂਪ, ਕੋਲੋਂ ਦੀ ਲੰਘਦੇ ਵਾਹਨਾਂ ਦੇ ਹਾਰਨ ਵਾਰ-ਵਾਰ ਗੂੰਜ ਰਹੇ ਸਨ।

ਉਸਦੇ ਕੰਨਾਂ ਵਿੱਚ ਇਨ੍ਹਾਂ ਹਾਰਨਾਂ ਦੀਆਂ ਆਵਾਜ਼ਾਂ, ਠਹਾਕਿਆਂ ਦੇ ਰੂਪ ਵਿੱਚ ਸੁਣਾਈ ਦੇ ਰਹੀਆਂ ਸਨ। ਪਰ ਉਹ ਅਟਕਿਆ ਨਾ।

ਫਿਰ ਅਚਾਨਕ ਉਸਨੂੰ ਮਹਿਸੂਸ ਹੋਇਆ ਕਿ ਅਦਿੱਖ ਹੱਥਾਂ ਨੇ ਫੇਰ ਤੋਂ ਪਿਛਲੇ ਪਾਸਿਓਂ ਉਸਦੇ ਗਲ਼ੇ ਨੂੰ ਬੁਰੀ ਤਰ੍ਹਾਂ ਜਕੜ ਲਿਆ।

ਉਸਨੇ ਝੱਟ ਆਪਣੇ ਹੱਥਾਂ ਨਾਲ਼ ਆਪਣੀ ਗਰਦਨ ਛੁਡਾਉਣ ਦੀ ਕੋਸ਼ਿਸ਼ 'ਚ, ਜੱਦੋ-ਜਹਿਦ ਕਰਨੀ ਸ਼ੁਰੂ ਕਰ ਦਿੱਤੀ।

ਏਸੇ ਜੱਦੋ-ਜਹਿਦ ਦੌਰਾਨ ਉਹ ਡਿੱਕ-ਡੋਲੇ ਖਾਂਦਾ ਸੜਕ ਦੇ ਵਿਚਕਾਰ ਜਾ ਡਿੱਗਿਆ।

ਪਿੱਛਿਓਂ ਟਾਈਮ ਚੁੱਕਣ ਦੀ ਕਾਹਲੀ ਵਿੱਚ ਆ ਰਹੀ, ਇੱਕ ਤੇਜ਼ ਰਫ਼ਤਾਰ ਬੱਸ ਦੀਆਂ ਬਰੇਕਾਂ ਲੱਗਣ ਦੀ ਆਵਾਜ਼ ਦੂਰ ਤੱਕ ਗੂੰਜੀ।

ਸਰਦੂਲ ਸਿੰਘ ਦੀ ਖੋਪੜੀ ਟੁੱਟਣ ਦੀ ਆਵਾਜ਼, ਉਸ ਗੂੰਜ ਵਿੱਚ ਹੀ ਕਿਧਰੇ ਖੋ ਗਈ।

ਬੱਸ ਦਾ ਅਗਲਾ ਟਾਇਰ ਸਰਦੂਲ ਸਿੰਘ ਦੇ ਸਿਰ ਦੇ ਪਟਾਕੇ ਪਾ ਗਿਆ। ਥਾਏਂ ਉਸਦੇ ਪ੍ਰਾਣ-ਪੰਖੇਰੂ ਉੱਡ ਗਏ। ਖ਼ੁਦਾਈ ਇਨਸਾਫ਼ ਹੋ ਚੁੱਕਾ ਸੀ।

ਉਸਦੀ ਨਾਪਾਕ ਰੂਹ ਧਰਮਰਾਜ ਦੀ ਕਚਹਿਰੀ ਵਿੱਚ ਹਾਜ਼ਰੀ ਭਰਨ ਲਈ ਉਡਾਰੀ ਮਾਰ ਚੁੱਕੀ ਸੀ।

ਅਪਣੇ ਬੇਸ਼ੁਮਾਰ ਗੁਨਾਹਾਂ ਦਾ ਲੇਖਾ-ਜੋਖਾ ਭੁਗਤਣ ਲਈ।

ਚਿੱਤਰਗੁਪਤ ਦੀ ਅੱਜ ਬਿਨਾਂ ਓਵਰ ਟਾਈਮ ਲਗਾਏ ਖ਼ਲਾਸੀ ਨਹੀਂ ਹੋਣ ਵਾਲ਼ੀ ਸੀ।

ਉਸਦੇ ਗੁਨਾਹਾਂ ਦੀ ਫ਼ਾਈਲ ਜੋ ਏਨੀ ਮੋਟੀ ਸੀ।

ਆਪਣੇ ਆਪ ਨੂੰ ਰੱਬ ਤੋਂ ਦੋ ਗਿੱਠ ਉਤਾਂਹ ਸਮਝਣ ਵਾਲ਼ੇ ਸਰਦੂਲ ਸਿੰਘ ਸਾਬਕਾ ਏ.ਐੱਸ.ਆਈ. ਨੂੰ, ਸੜਕਾਂ 'ਤੇ ਭਟਕਦੇ ਆਵਾਰਾ ਕੁੱਤੇ ਜਿਹੀ ਮੌਤ ਨਸੀਬ ਹੋਈ ਸੀ।

ਗਰ ਚੁੱਪ ਰਹੇਗੀ ਜ਼ੁਬਾਨੇ-ਖ਼ੰਜਰ,
ਲਹੂ ਪੁਕਾਰੇਗਾ ਆਸਤੀਂ ਕਾ।

ਸਰਦੂਲ ਸਿੰਘ ਦੇ ਇਸ ਭਿਆਨਕ ਅੰਜਾਮ ਤੋਂ ਬਿਲਕੁਲ ਬੇਖ਼ਬਰ ਤੇਜਵੀਰ ਇਸ ਵਕਤ ਉੱਥੋਂ ਬਹੁਤ ਦੂਰ, ਗੜ੍ਹਸ਼ੰਕਰ ਤੋਂ ਨੰਗਲ ਨੂੰ ਜਾਂਦੀ ਸੜਕ 'ਤੇ ਸਥਿਤ ਅੱਡਾ ਝੁੰਗੀਆਂ ਕੋਲ਼ ਪੈਂਦੇ ਪਿੰਡ ਗੜ੍ਹੀ ਮਾਨਸੋਵਾਲ਼ ਵਿੱਚ ਮੌਜੂਦ ਸੀ।

ਅੱਜ ਸਵੇਰੇ ਸੱਤ ਵਜੇ ਹੀ ਉਹ ਆਪਣੇ ਫ਼ਲੈਟ 'ਚੋਂ ਨਿਕਲ ਪਿਆ ਸੀ।

ਗੜ੍ਹੀ ਮਾਨਸੋਵਾਲ਼ ਤੋਂ ਆਪਣਾ ਕੰਮ ਨਿਪਟਾ, ਉਹ ਸਿੱਧਾ ਰਾਏਕੋਟ ਨੂੰ ਚੱਲ ਪਿਆ, ਪਰ ਰਾਏਕੋਟ ਪਹੁੰਚਣ ਤੋਂ ਪਹਿਲਾਂ ਉਹ ਰਸਤੇ ਵਿੱਚ ਪੈਂਦੇ ਸੁਧਾਰ ਕਾਲਜ ਦਾ ਗੇੜਾ ਲਗਾਉਣਾ ਨਾ ਭੁੱਲਿਆ।

ਰਾਏਕੋਟ ਤੋਂ ਫ਼ਾਰਗ ਹੁੰਦਿਆਂ-ਹੁੰਦਿਆਂ ਉਸਨੂੰ ਸ਼ਾਮ ਦੇ ਸਾਢੇ ਛੇ ਵਜ ਚੁੱਕੇ ਸਨ। ਫਿਰ ਉੱਥੋਂ ਚੱਲ ਕੇ ਉਹ ਸਿੱਧਾ ਲੁਧਿਆਣਾ ਪੁਲਿਸ ਹੈੱਡਕੁਆਰਟਰ ਪਹੁੰਚਿਆ। ਏਨਾ ਲੰਮਾ ਸਫ਼ਰ ਤੈਅ ਕਰਕੇ ਉਹ ਇਸ ਵਕਤ ਬਿੰਦ ਸਾਹਿਬ ਦੇ ਸਨਮੁਖ ਬੈਠਾ ਸੀ।

ਬਿੰਦ ਤੋਂ ਪਤਾ ਚੱਲਿਆ ਕਿ ਪਿਛਲੀ ਰਾਤ ਸੰਨੀ ਨੇ ਹੋਰ ਕੁਝ ਵੀ ਨਹੀਂ ਕਬੂਲ ਕੀਤਾ ਅਤੇ ਅੱਜ ਕੋਰਟ 'ਚ ਉਸਦੀ ਪੇਸ਼ੀ ਵੀ ਹੋ ਚੁੱਕੀ ਹੈ ਤੇ ਬੇਲ ਵੀ।

'ਕੋਈ ਗੱਲ ਨਹੀਂ ਬਿੰਦ ਸਾਹਿਬ।'

'ਇਹ ਕੇਸ ਹੁਣ ਲੰਬਾ ਚੱਲੂ ਕਾਕਾ ਜੀ, ਕਾਤਿਲ ਦੇ ਮੁੜ ਸਲਾਖਾਂ ਪਿੱਛੇ ਆਉਣ ਨੂੰ ਪਤਾ ਨਹੀਂ ਕਿੰਨਾ ਵਕਤ ਲੱਗੇ। ਇਹ ਵੀ ਪਤਾ ਨਹੀਂ ਕਿ ਉਹ ਵਕਤ ਆਏ ਹੀ ਆਏ।'

'ਬਿੰਦ ਸਾਹਬ, ਜੇ ਕਾਤਲ ਕੱਲ੍ਹ ਹੀ ਸਲਾਖਾਂ ਪਿੱਛੇ ਪਹੁੰਚ ਜਾਏ ਤਾਂ ਫੇਰ?'

'ਵੱਟ?' ਬਿੰਦ ਚੌਂਕਿਆ।

'ਬਿਲਕੁਲ।'

'ਕਾਕਾ ਜੀ, ਇਹ ਕੋਈ ਮਜ਼ਾਕ ਦਾ ਵਕਤ ਏ?'

'ਆਈ ਐਮ ਨੌਟ ਜੋਕਿੰਗ ਸਰ, ਆਈ ਐਮ ਮੋਰ ਦੈਨ ਸੀਰੀਅਸ। ਲੈੱਟ ਮੀ ਟੈੱਲ ਯੂ।'

ਤੇਜਵੀਰ ਨੇ ਬੋਲਣਾ ਸ਼ੁਰੂ ਕੀਤਾ। ਹਾਲੇ ਪਹਿਲਾ ਵਾਕ ਹੀ ਖ਼ਤਮ ਹੋਇਆ ਸੀ ਕਿ ਬਿੰਦ ਆਪਣੀ ਕੁਰਸੀ ਤੋਂ ਇਉਂ ਉਛਲਿਆ, ਜਿਵੇਂ ਕਿਤੇ ਕੁਰਸੀ 'ਚ ਕਰੰਟ ਆ ਗਿਆ ਹੋਵੇ।

'ਐਵੇਂ ਹਵਾ 'ਚ ਤੀਰ ਮਾਰ ਰਹੇ ਓਂ ਕਾਕਾ ਜੀ, ਇਟਸ ਜਸਟ ਨੌਟ ਪੌਸੀਬਲ।'

'ਲੈੱਟ ਮੀ ਫਿਨਿਸ਼ ਬਿੰਦ ਸਾਹਬ..!'

ਤੇਜਵੀਰ ਬੋਲਦਾ ਗਿਆ ਤੇ ਬਿੰਦ ਦਾ ਮੂੰਹ ਹੈਰਾਨੀ ਨਾਲ਼ ਖੁੱਲ੍ਹਦਾ ਗਿਆ।

ਤੇਜਵੀਰ ਨੇ ਆਪਣੀ ਗੱਲ ਖ਼ਤਮ ਕੀਤੀ ਤਾਂ ਬਿੰਦ ਉਸ ਵੱਲ ਇਉਂ ਹੈਰਾਨੀ ਨਾਲ਼ ਦੇਖ ਰਿਹਾ ਸੀ, ਜਿਵੇਂ ਤੇਜਵੀਰ ਕੋਈ ਆਮ ਆਦਮੀ ਨਾ ਹੋ ਕੇ, ਕਿਸੇ ਉੱਡਣ ਤਸ਼ਤਰੀ 'ਚੋਂ ਉੱਤਰਿਆ, ਕੋਈ ਏਲੀਅਨ ਹੋਵੇ।

'ਜੇ ਪਾਸਾ ਪੁੱਠਾ ਪੈ ਗਿਆ ਤਾਂ?'

'ਐਨਾ ਰਿਸਕ ਤਾਂ ਲੈਣਾ ਹੀ ਪੈਣਾ ਬਿੰਦ ਸਾਹਬ।'

'ਇੱਕ ਵਾਰ ਫੇਰ ਸੋਚ ਲਓ ਕਾਕਾ ਜੀ, ਤੁਹਾਡਾ ਤੀਰ ਕਿਤੇ ਤੁੱਕਾ ਨਿਕਲਿਆ ਤਾਂ ਫੇਰ?'

'ਜੇ ਤੀਰ ਨਿਕਲਿਆ ਤਾਂ ਵਾਹ-ਵਾਹੀ ਤੁਹਾਡੀ, ਤੇ ਜੇ ਤੁੱਕਾ ਨਿਕਲਿਆ ਤਾਂ ਤੋਏ-ਤੋਏ ਮੇਰੀ।'

ਬਿੰਦ ਕੁਝ ਪਲ ਸੋਚਦਾ ਰਿਹਾ।

'ਓ ਕੇ, ਡਨ।'

ਅੰਤ ਬਿੰਦ ਨੇ ਹਾਮੀ ਭਰ ਹੀ ਦਿੱਤੀ।

ਬਿੰਦ ਤੋਂ ਵਿਦਾ ਲੈ ਕੇ ਤੇਜਵੀਰ ਬਾਹਰ ਨਿਕਲਿਆ ਤਾਂ ਹਨੇਰਾ ਹੋ ਚੁੱਕਾ ਸੀ।

ਉਸਨੇ ਪਾਰਕਿੰਗ 'ਚ ਖੜ੍ਹੇ-ਖੜ੍ਹੇ ਹੀ ਪਹਿਲਾਂ ਭੋਗਲ ਸਾਹਬ ਨੂੰ ਫ਼ੋਨ ਕੀਤਾ ਅਤੇ ਫਿਰ ਗਗਨ ਨੂੰ ਫ਼ੋਨ ਕਰਨ ਦੀ ਸੋਚੀ। ਪਰ ਕਿਉਂਕਿ ਉਹ ਕਿਸੇ ਫ਼ੈਮਿਲੀ ਫ਼ੰਕਸ਼ਨ 'ਚ ਬਿਜ਼ੀ ਸੀ, ਸੋ ਉਸਦਾ ਮਜ਼ਾ ਕਿਰਕਿਰਾ ਨਾ ਕਰਨ ਦੀ ਨੀਅਤ ਨਾਲ਼, ਉਸਨੇ ਇਹ ਖ਼ਿਆਲ ਤਿਆਗ ਦਿੱਤਾ।

ਫਿਰ ਉਸਨੇ ਮੋਟਰ ਸਾਈਕਲ ਸਟਾਰਟ ਕੀਤੀ ਅਤੇ ਉੱਥੋਂ ਰਵਾਨਗੀ ਪਾ ਦਿੱਤੀ।

ਪਰ ਉਸਦੀ ਮੰਜ਼ਿਲ ਹਾਲੇ ਉਸਦਾ ਫ਼ਲੈਟ ਨਹੀਂ ਸੀ।

ਪਹਿਲਾਂ 'ਬੜੇ ਮੀਆਂ' ਦਾ 'ਮਿੱਠਾ ਪਾਨ' ਜੋ ਖਾਣਾ ਸੀ।

ਮੀਟਿੰਗ ਦਾ ਤੈਅਸ਼ੁਦਾ ਵਕਤ ਦੁਪਹਿਰ ਦੋ ਵਜੇ ਦਾ ਸੀ। ਗਗਨ ਭੋਗਲ ਸਾਹਬ ਦੇ ਹੁਕਮ ਮੁਤਾਬਿਕ, ਡੇਢ ਵੱਜਦੇ ਤੋਂ ਹੀ ਤੇਜਵੀਰ ਦੇ ਇੰਤਜ਼ਾਰ ਵਿੱਚ, ਪੁਲਿਸ ਹੈੱਡਕੁਆਰਟਰ ਦੇ ਕੰਪਾਊਂਡ ਵਿੱਚ, ਹੈਰਾਨ-ਪ੍ਰੇਸ਼ਾਨ ਹੋਇਆ ਖੜ੍ਹਾ ਸੀ।

ਕੱਲ੍ਹ ਦਾ ਸਾਰਾ ਦਿਨ ਉਹ ਆਪਣੇ ਕਿਸੇ ਰਿਸ਼ਤੇਦਾਰ ਦੇ ਘਰ ਵਿਆਹ ਦਾ ਸਮਾਗਮ ਅਟੈਂਡ ਕਰਨ ਵਿੱਚ ਲੱਗਾ ਰਿਹਾ ਸੀ।

'ਆਹ ਇੱਕੋ ਦਿਨ 'ਚ ਹੁਣ ਕੀ ਭਸੂੜੀ ਪਾ ਤੀ ਪਤੰਦਰ ਨੇ।'

ਪਿਛਲੇ ਦਿਨ ਤੇਜਵੀਰ ਦੀ ਕਿਸੇ ਕਾਰਗੁਜ਼ਾਰੀ ਦੀ ਉਸਨੂੰ ਕੋਈ ਖ਼ਬਰ ਨਹੀਂ ਸੀ ਤੇ ਅੱਜ ਵੀ ਸਵੇਰ ਤੋਂ ਉਸਦੀ ਕੋਈ ਖ਼ਬਰਸਾਰ ਨਹੀਂ ਸੀ।

ਇੱਕ ਵੱਜ ਕੇ ਪੈਂਤੀ ਮਿੰਟ 'ਤੇ ਗਗਨ ਨੂੰ ਕੰਪਾਊਂਡ ਦੇ ਗੇਟ ਅੰਦਰ, ਭੋਗਲ ਸਾਹਬ ਦੀ ਮਰਸਿਡੀਜ਼ ਗੱਡੀ ਦਾਖ਼ਲ ਹੁੰਦੀ ਦਿਖਾਈ ਦਿੱਤੀ।

ਗੱਡੀ ਰਤਾ ਕੁ ਅੱਗੇ ਵਧੀ, ਤਾਂ ਉਸਨੂੰ ਅਗਲੀ ਸੀਟ 'ਤੇ ਬੈਠੇ ਤੇਜਵੀਰ ਦੇ ਦਰਸ਼ਨ ਹੋਏ।

ਗਗਨ ਦਾ ਮੂੰਹ ਹੈਰਾਨੀ ਨਾਲ਼ ਅੱਡਿਆ ਰਹਿ ਗਿਆ।

ਗੱਡੀ ਪਾਰਕਿੰਗ 'ਚ ਲੱਗੀ ਤਾਂ ਡਰਾਈਵਰ ਦੇ ਨਾਲ਼ ਦੇ ਦਰਵਾਜ਼ੇ ਵਿਚੋਂ ਤੇਜਵੀਰ ਬਾਹਰ ਨਿਕਲਿਆ। ਗਗਨ ਨੂੰ ਦੇਖਦੇ ਹੀ ਉਸਨੇ ਹੱਥ ਹਿਲਾਇਆ।

ਗਗਨ ਹੈਰਾਨੀ ਨਾਲ ਭਰਿਆ ਗੱਡੀ ਵੱਲ ਵਧਿਆ, ਤਾਂ ਉਸਦੇ ਤੁਰਦਿਆਂ-ਤੁਰਦਿਆਂ ਹੀ, ਗੱਡੀ ਦੇ ਪਿਛਲੇ ਦਰਵਾਜ਼ੇ ਖੁੱਲ੍ਹੇ ਅਤੇ ਇੱਕ ਪਾਸਿਓਂ ਇੱਕ ਪੰਜਾਹਵਿਆਂ ਨੂੰ ਢੁਕਦਾ, ਅੱਧ-ਪੱਕੀ ਦਾਹੜੀ ਵਾਲਾ ਵਿਅਕਤੀ ਬਾਹਰ ਨਿਕਲਿਆ, ਅਤੇ ਦੂਸਰੇ ਪਾਸਿਓਂ ਇੱਕ ਨੌਜਵਾਨ ਕੁੜੀ ਨੇ ਬਾਹਰ ਕਦਮ ਰੱਖਿਆ।

ਗਗਨ ਦੀ ਹੈਰਾਨੀ ਦੇ ਮੀਟਰ ਦੀ ਸੂਈ ਹੋਰ ਉਤਾਂਹ ਚੜ੍ਹ ਗਈ।

ਉਸਨੇ ਤੇਜਵੀਰ ਦੇ ਕੰਨ ਕੋਲ਼ ਜਾ ਕੇ ਦੱਬੀ ਆਵਾਜ਼ 'ਚ ਪੁੱਛਿਆ, 'ਇਹ ਕੀ ਮਾਜਰਾ ਯਾਰ? ਤੂੰ ਭੋਗਲ ਸਾਹਬ ਦੀ ਗੱਡੀ 'ਚ ਕੀ ਕਰਦਾਂ? ਨਾਲ਼ੇ ਆਹ ਲੋਕ ਕੌਣ ਨੇ?'

'ਹੌਸਲਾ ਰੱਖ ਗਗਨ, ਹੁਣੇ ਈ ਸਭ ਸਾਹਮਣੇ ਆ ਜਾਂਦਾ।'

ਹੌਲ਼ੀ ਜਿਹੀ ਗਗਨ ਦੇ ਕੰਨ ਵਿੱਚ ਆਖ, ਤੇਜਵੀਰ ਨੇ ਦੋਹਾਂ ਮਹਿਮਾਨਾਂ ਦੀ ਜਾਣ-ਪਛਾਣ ਉਸ ਨਾਲ਼ ਕਰਵਾਈ।

'ਤੇਜਵੀਰ ਇਨ੍ਹਾਂ ਨੂੰ ਐਥੇ ਕਿਉਂ ਲਈ ਫਿਰਦਾ?'

ਡਰਾਈਵਰ ਨੂੰ ਛੱਡ, ਉਹ ਸਾਰੇ ਜਣੇ ਮੁੱਖ ਦਰਵਾਜ਼ੇ ਵੱਲ ਨੂੰ ਵਧੇ।

ਮੁੱਖ ਦਰਵਾਜ਼ੇ 'ਤੇ 'ਬੜੇ ਮੀਆਂ' ਦੇ ਦਰਸ਼ਨ ਹੋਏ।

'ਬੜੇ ਮੀਆਂ, ਆਦਾਬ।'

'ਆਦਾਬ, ਬਾਬੂ ਸਾਹਬ।'

'ਬੜੇ ਮੀਆਂ, ਤੱਯਾਰ?'

'ਬੇਸ਼ੱਕ ਬਾਬੂ ਸਾਹਬ।'

ਤੇਜਵੀਰ ਗਗਨ ਸਮੇਤ ਦੋਹਾਂ ਮਹਿਮਾਨਾਂ ਨੂੰ ਨਾਲ ਲੈ ਕੇ, ਬਿੰਦ ਦੇ ਆਫ਼ਿਸ ਦੇ ਨਾਲ਼ ਲੱਗਦੇ ਵੇਟਿੰਗ ਰੂਮ 'ਚ ਲੈ ਗਿਆ।

'ਕੁਸੁਮ ਜੀ। ਕੋਈ ਘਬਰਾਹਟ ਤਾਂ ਨਹੀਂ? ਆਰ ਯੂ ਰੈਡੀ?'

ਲੜਕੀ ਨੇ ਦ੍ਰਿੜਤਾ ਨਾਲ਼ ਹਾਮੀ ਵਿੱਚ ਸਿਰ ਹਿਲਾਇਆ।

ਗਗਨ ਕੁਝ ਕਹਿਣ ਦੀ ਕੋਸ਼ਿਸ਼ ਵਿੱਚ ਸੀ ਕਿ ਉਸ ਨੂੰ ਕਹਿਣ ਦਾ ਮੌਕਾ ਦਿੱਤੇ ਬਗ਼ੈਰ ਹੀ, ਤੇਜਵੀਰ ਉਸਨੂੰ ਨਾਲ਼ ਲੈ ਬਿੰਦ ਦੇ ਆਫ਼ਿਸ 'ਚ ਜਾ ਵੜਿਆ।

ਦੁਆ-ਸਲਾਮ ਤੋਂ ਬਾਅਦ ਉਤਸੁਕਤਾ ਦੇ ਮਾਰੇ ਗਗਨ ਨੇ ਮੂੰਹ ਖੋਲ੍ਹਿਆ ਹੀ ਸੀ ਕਿ ਪਿੱਛੋਂ ਦੰਪਤੀ ਆ ਪਧਾਰੇ।

ਮਿਸਿਜ਼ ਪਿੱਛੋਂ ਨੂੰ ਸਹਾਰਾ ਦਿੰਦੀ ਹੋਈ ਸਿੰਮੀ ਵੀ ਉਨ੍ਹਾਂ ਨਾਲ਼ ਮੌਜੂਦ ਸੀ।



(ਚਲਦਾ)



ਵਰਿਆਮ ਸਿੰਘ ਸੰਧੂ

ਕਹਾਣੀ

# ਦਲਦਲ

## ਪਹਿਲੀ ਕਿਸ਼ਤ



ਉਹ ਡਰ ਕੇ ਉਭੜਵਾਹੇ ਉਠ ਕੇ ਇਕਦਮ ਮੰਜੇ ’ਤੇ ਬੈਠ ਗਿਆ। ਪੂਰੇ ਜ਼ੋਰ ਨਾਲ ਹੋ ਰਹੇ ਦਰਦ ਕਰਕੇ ਸਿਰ ਫਟਣ ਨੂੰ ਆ ਰਿਹਾ ਸੀ। ਅੱਖਾਂ ਵਿੱਚੋਂ ਸੇਕ ਇੰਜ ਨਿਕਲ ਰਿਹਾ ਸੀ ਜਿਵੇਂ ਪੁਤਲੀਆਂ ਵਿੱਚੋਂ ਲਾਟਾਂ ਨਿਕਲ ਰਹੀਆਂ ਹੋਣ। ਤੋਟ ਦੇ ਮਾਰੇ ਸ਼ਰਾਬੀ ਵਾਂਗ ਸਰੀਰ ਭੰਨਿਆ ਪਿਆ ਸੀ। ਹੁਣੇ ਆਇਆ ਭਿਆਨਕ ਸੁਪਨਾ ਅਤੇ ਕੱਲ੍ਹ ਸ਼ਾਮੀਂ ਵਾਪਰੀ ਦੁਰਘਟਨਾ ਜ਼ਿਹਨ ਵਿੱਚ ਰਲਗੱਡ ਹੋਏ, ਮੈਦਾਨ-ਏ-ਜੰਗ ਵਿਚ ਚੱਲਦੀਆਂ ਤਲਵਾਰਾਂ ਵਾਂਗ ਉਸ ਦੇ ਅੰਦਰ ਨੂੰ ਕੱਟ ਵੱਢ ਰਹੇ ਸਨ।

ਉਸ ਨੇ ਇਸ ਸਭ ਕਾਸੇ ਤੋਂ ਧਿਆਨ ਪਾਸੇ ਕਰਨ ਲਈ ਬਲਦੀਆਂ ਅੱਖਾਂ ਨੂੰ ਘੁੱਟ ਕੇ ਮੀਚਿਆ ਅਤੇ ਸਿਰ ਨੂੰ ਝਟਕਿਆ। ਸਾਹਮਣੇ ਚੁਬਾਰੇ ਉਹਲਿਓਂ ਹੌਲੀ ਹੌਲੀ ਉਪਰ ਉਠ ਰਹੇ ਸੂਰਜ ਦਾ ਸੇਕ ਚੜ੍ਹਦੇ ਦਿਨ ਨਾਲ ਹੀ ਪੂਰੇ ਜਲੌਅ ਵਿੱਚ ਸੀ। ਝਰਨੇ ਵਿੱਚੋਂ ਵੇਖਿਆ, ਹੇਠਾਂ ਵਿਹੜੇ ’ਚ ਉਸ ਦੀ ਪਤਨੀ ਸਵੇਰ ਦੇ ਨਿੱਕੇ ਮੋਟੇ ਕੰਮ ਕਰ ਰਹੀ ਸੀ। ਜਦ ਵੀ ਉਹ ਹਫ਼ਤੇ ਦੇ ਕਿਸੇ ਸ਼ਨੀਵਾਰ ਛੁੱਟੀ ਆਉਂਦਾ ਸੀ ਤਾਂ ਉਸ ਦੀ ਪਤਨੀ ਐਤਵਾਰ ਦੀ ਸਵੇਰ ਉਸ ਨੂੰ ਅਤੇ ਬੱਚਿਆਂ ਨੂੰ ਸੁੱਤਿਆਂ ਨੂੰ ਨਹੀਂ ਸੀ ਉਠਾਉਂਦੀ। ਉਸ ਦੀ ਇੱਛਾ ਹੁੰਦੀ ਸੀ ਕਿ ਏਨੇ ਦਿਨਾਂ ਪਿਛੋਂ ਥੱਕਿਆ ਆਇਆ ਉਹ ਆਪਣੀ ਨੀਂਦ ਪੂਰੀ ਕਰ ਲਵੇ। ਬੱਚੇ ਵੀ ਉਠ ਕੇ ਰੌਲਾ ਪਾ ਕੇ ਉਸ ਨੂੰ ਜਗਾ ਨਾ ਦੇਣ, ਇਸ ਲਈ ਉਹ ਦੋਹਾਂ ਬੱਚਿਆਂ ਨੂੰ ਵੀ ਨਹੀਂ ਸੀ ਜਗਾਉਂਦੀ।

ਉਸ ਨੇ ਵੇਖਿਆ, ਉਸ ਦੇ ਖੱਬੇ ਹੱਥ ਵੱਡੇ ਮੰਜੇ ’ਤੇ ਦੋਵੇਂ ਬੱਚੇ ਲੇਟੇ ਹੋਏ ਸਨ। ਛੇ ਕੁ ਸਾਲ ਦੀ ਬੱਚੀ ਨੇ ਤਿੰਨ ਕੁ ਸਾਲ ਦੇ ਆਪਣੇ ਛੋਟੇ ਵੀਰ ਦੇ ਗਲ਼ ਦੁਆਲੇ ਬਾਂਹ ਇੰਜ ਵਲੀ ਹੋਈ ਸੀ ਜਿਵੇਂ ਸੁੱਤੇ ਪਏ ਦੀ ਵੀ ਰੱਖਿਆ ਕਰ ਰਹੀ ਹੋਵੇ। ਛੋਟੇ ਬੱਚੇ ਦੀ ਇਕ ਬਾਂਹ ਮੰਜੇ ਦੀ ਹੀਅ ਤੋਂ ਹੇਠਾਂ ਉਲਰੀ ਹੋਈ ਸੀ ਅਤੇ ਬੜੇ ਮਾਸੂਮ ਅੰਦਾਜ਼ ਵਿਚ ਉਸ ਦੇ ਹੱਥ ਦਾ ਪੰਜਾ ਖੁੱਲ੍ਹਾ ਹੋਇਆ ਸੀ। ਉਸ ਦੀਆਂ ਅੱਖਾਂ ਅੱਧ-ਖੁੱਲ੍ਹੀਆਂ ਹੋਣ ਕਰ ਕੇ ਉਹ ਸੁੱਤਾ ਹੋਇਆ ਵੀ ਜਾਗਦਾ ਲੱਗਦਾ ਸੀ।

ਪਾਕਿਸਤਾਨ ਨਾ ਜਾਣ ਕਰ ਕੇ ਇੱਧਰ ਰਹਿ ਗਿਆ ਫੱਜਾ ਮਰਾਸੀ ਅਕਸਰ ਕਹਿੰਦਾ ਹੁੰਦਾ ਸੀ ਕਿ ‘ਸੰਧੂਆਂ’ ਦੀਆਂ ਸੁੱਤਿਆਂ ਦੀਆਂ ਵੀ ਅੱਖਾਂ ਖੁੱਲ੍ਹੀਆਂ ਰਹਿੰਦੀਆਂ ਹਨ। ਉਹ ਦੱਸਦਾ, ਇਕ ਵਾਰ ਕੋਈ ਦੁਸ਼ਮਣ ਕਿਸੇ ਸੂਰਮੇ ਸੰਧੂ ਨੂੰ ਸੁੱਤਾ ਪਿਆ ਵੇਖ ਕੇ ਕਤਲ ਕਰਨ ਆਇਆ ਤਾਂ ਸੁੱਤੇ ਪਏ ਦੀਆਂ ਅੱਧ-ਖੁੱਲ੍ਹੀਆਂ ਅੱਖਾਂ ਦੇਖ ਕੇ ਹੀ ਉਸ ਦਾ ਹੌਸਲਾ ਰੇਤ ਹੋ ਗਿਆ ਤੇ ਉਹ ਡਰਦਾ, ਕੰਬਦਾ ਵਾਪਸ ਦੌੜ ਗਿਆ ਸੀ। ਤੇ ਇੰਜ ਫੱਜਾ, ‘ਸੰਧੂ ਪਾਤਸ਼ਾਹ, ਸਰਦਾਰੀਆਂ ਬਣੀਆਂ ਰਹਿਣ, ਦੀਦਾਰ ਸੁੰਹ ਰਾਜੇ ਦਾ ਪੁੱਤਰ ਚੰਦਾ ਸੁੰਹ ਰਾਜੇ ਦਾ ਪੋਤਰਾ’, ਕਹਿੰਦਾ ਕੁਝ ਮੰਗਣ ਦੇ ਆਪਣੇ ਉਦੇਸ਼ ਦੇ ਰੂ-ਬ-ਰੂ ਆ ਖਲੋਂਦਾ। ਫੱਜੇ ਦੀਆਂ ਗੱਲਾਂ ਸੁਣ ਕੇ ਉਹ ਅੱਗਿਉਂ ਹੱਸ ਪੈਂਦਾ, ‘ਅਸੀਂ ਤਾਂ ਨਿਰੇ ਸੰਧੂ ਈ ਆਂ। ਤੇ ਪਾਤਸ਼ਾਹ ਸਗੋਂ ਸੱਚਾ ਪਾਤਸ਼ਾਹ ਤਾਂ ਤੂੰ ਏਂ ਜਿਹੜਾ ਦੂਜਿਆਂ ਨੂੰ ਇੰਜ ਪਾਤਸ਼ਾਹੀਆਂ ਬਖਸ਼ਦਾ ਫਿਰਦੈਂ।’

ਤੇ ਹੁਣ ਜਦੋਂ ਉਸ ਨੇ ਨਿੱਕੇ ‘ਸੰਧੂ ਪਾਤਸ਼ਾਹ’ ਦੀਆਂ ਖੁੱਲ੍ਹੀਆਂ ਅੱਖਾਂ ਵੱਲ ਇਕ ਵਾਰ ਫੇਰ ਵੇਖਿਆ ਤਾਂ ਉਸ ਦਾ ਕਹਿਣ ਨੂੰ ਜੀਅ ਕਰ ਆਇਆ, ‘ਹੁਣ ਕੌਣ ਸੁੱਤਿਆਂ ਦੀਆਂ ਅੱਧ-ਖੁੱਲ੍ਹੀਆਂ ਅੱਖਾਂ ਤੋਂ ਡਰਦਾ ਹੈ। ਹੁਣ ਤਾਂ ਜਾਗਦਿਆਂ ਦੀਆਂ ਪੂਰੀਆਂ ਖੁੱਲ੍ਹੀਆਂ ਅੱਖਾਂ ਤੋਂ ਵੀ ਕੋਈ ਨਹੀਂ ਡਰਦਾ। ਜੇ ਕੋਈ ਇੰਜ ਡਰਦਾ ਹੁੰਦਾ ਤਾਂ ਕੱਲ੍ਹ ਵਾਲੀ ਘਟਨਾ ਕਿਉਂ ਵਾਪਰਦੀ?’

ਕਲਪਨਾ ਵਿੱਚ ਹੀ ਉਹ ਸਾਰਾ ਦ੍ਰਿਸ਼ ਉਸ ਦੀਆਂ ਅੱਖਾਂ ਅੱਗਿਉਂ ਗੁਜ਼ਰ ਗਿਆ। ਉਹ ਸ਼ਰਮ ਤੇ ਗੁੱਸੇ ਨਾਲ ਪਾਣੀ ਪਾਣੀ ਹੋ ਗਿਆ। ਸੇਕ ਛੱਡਦੀਆਂ ਅੱਖਾਂ ਨੂੰ ਇਕ ਵਾਰ ਫੇਰ ਘੁੱਟ ਕੇ ਮੀਚਿਆ ਤੇ ਹੁਣੇ ਆਏ ਸੁਪਨੇ ਦੇ ਪ੍ਰਤੀਕਾਤਮਕ ਅਰਥ ਲੱਭਣ ਲੱਗਾ।

ਉਹ ਬਹੁਤ ਸਾਰੇ ਜਾਣੇ-ਪਛਾਣੇ ਚਿਹਰਿਆ ਦੀ ਭੀੜ ਵਿਚ ਖਲੋਤਾ ਸੀ। ਬਿਲਕੁਲ ਉਸ ਦੇ ਆਪਣੇ ਲੋਕ ਉਸ ਨੂੰ ਚਾਹੁਣ ਵਾਲੇ, ਪਿਆਰਨ ਵਾਲੇ, ਪਰ ਅਚਾਨਕ ਉਨ੍ਹਾਂ ਦੇ ਸਿਰ ’ਤੇ ਸਿੰਙ ਉਗ ਆਏ ਤੇ ਉਨ੍ਹਾਂ ਦੇ ਦੰਦ ਭਿਆਨਕ ਰੂਪ ਵਿਚ ਤੰਗਲੀਆਂ ਦੀਆਂ ਸੁਤਾਂ ਵਾਂਗ ਉਭਰ ਆਏ। ਚੀਕਾਂ ਦਾ ਕੰਨ ਪਾੜਵਾਂ ਸ਼ੋਰ ਉਚਾ ਹੋਇਆ। ਉਹ ਸਾਰੇ ਲੋਕ ਭਿਆਨਕ ਹਾਸਾ ਹੱਸਦੇ ਉਸ ਦੇ ਸਿਰ ’ਤੇ ਪਿਆਰ ਨਾਲ ਹੱਥ ਫੇਰਨ ਲਈ ਘੇਰਾ ਬਣਾ ਕੇ ਉਸ ਵੱਲ ਵਧਦੇ ਆ ਰਹੇ ਸਨ। ਉਸ ਨੇ ਘਬਰਾ ਕੇ ਵੇਖਿਆ, ਉਨ੍ਹਾਂ ਸਭਨਾਂ ਦੇ ਮੂੰਹਾਂ ਵਿੱਚੋਂ ਅੱਗ ਦੀਆਂ ਲਾਟਾਂ ਨਿਕਲ ਰਹੀਆਂ ਹਨ। ਲੁਹਾਰ ਦੀ ਭੱਠੀ ਵਿਚ ਭਖਦੇ ਫਾਲੇ ਵਾਂਗ ਤਿੱਖੇ ਦੰਦ ਤੇ ਮੂੰਹ ਵਿਚੋਂ ਨਿਕਲਦੀਆਂ ਲਾਟਾਂ ਉਸ ਦੇ ਨੇੜੇ ਹੋਰ ਨੇੜੇ ਹੁੰਦੀਆਂ ਜਾ ਰਹੀਆਂ ਹਨ। ਹੋਰ ਪਲ ਨੂੰ ਉਹ ਉਸ ਨੂੰ ਲੂਹ ਦੇਣਗੇ। ਉਹ ਅੰਦਰੋਂ ਪੂਰੀ ਤਰ੍ਹਾਂ ਘਬਰਾਇਆ ਤੇ ਡਰਿਆ ਹੋਇਆ ਸੀ। ਮੌਤ ਉਸ ਨੂੰ ਹੁਣੇ ਲੂਹ ਕੇ ਲੈ ਜਾਵੇਗੀ, ਪਰ ਉਸ ਦੇ ਦਿਲ ਦੀ ਕਿਸੇ ਅੰਦਰਲੀ ਨੁੱਕਰ ਵਿੱਚ ਅਜੇ ਵੀ ਹੌਸਲਾ ਸੀ। ਉਸ ਨੇ ਚੁੱਪ ਕੀਤੇ ਮਰ ਜਾਣ ਨਾਲੋਂ ਬਹਾਦਰਾਂ ਵਾਂਗ ਮਰਨਾ ਚਾਹਿਆ। ਜਿਵੇਂ ਭਰੇ ਮੁਜ਼ਾਹਰਿਆਂ ਵਿਚ ਉਹ ਬਾਂਹ ਉਚੀ ਕਰ ਕੇ ਨਾਅਰੇ ਲਾਇਆ ਕਰਦਾ ਸੀ, ਉਸ ਨੇ ਆਪਣੀ ਬਾਂਹ ਉਚੀ ਕੀਤੀ, ਜੋਸ਼ ਨਾਲ ਮੁੱਠੀ ਨੂੰ ਹਵਾ ਵਿਚ ਲਹਿਰਾਇਆ ਤੇ ਪੂਰੇ ਜ਼ੋਰ ਨਾਲ ਉਨ੍ਹਾਂ ਵਿਰੁੱਧ ਚੀਕਿਆ। ਉਸ ਦੀ ਚੀਕ ਉਸ ਦੇ ਸੰਘ ਵਿੱਚ ਹੀ ਖੁਸ਼ਕ ਹੋ ਗਈ, ਪਰ ਉਸ ਦੀ ਤਣੀ ਹੋਈ ਬਾਂਹ ਤੇ ਘੁੱਟੀ ਹੋਈ ਮੁੱਠੀ ਪੂਰੀ ਸਿਦਕ-ਦਿਲੀ ਨਾਲ ਹਵਾ ਵਿੱਚ ਲਹਿਰਾ ਰਹੀਆਂ ਸਨ।

ਤੇ ਉਸ ਵੇਖਿਆ, ਉਹ ਬਲਦੇ ਚਿਹਰਿਆਂ ਵਾਲੇ, ਲੰਮੇ ਦੰਦਾਂ ਵਾਲੇ ਲੋਕ ਉਥੇ ਦੇ ਉਥੇ ਖਲੋਤੇ ਖਲੋਤੇ ਰੁੱਖ ਬਣ ਗਏ। ਉਸ ਦਾ ਹੌਂਸਲਾ ਵਧਿਆ ਤੇ ਇਕ ਵਾਰ ਫੇਰ ਉਸ ਨੇ ਬਾਂਹ ਉਚੀ ਕਰ ਕੇ ਜ਼ੋਰ ਦਾ ਨਾਅਰਾ ਲਾਇਆ, ਤਾਂ ਕੀ ਵੇਖਦਾ ਹੈ, ਉਹੋ ਹੀ ਜਾਣੇ-ਪਛਾਣੇ, ਉਸ ਨੂੰ ਪਿਆਰਨ ਵਾਲੇ ਲੋਕਾਂ ਦੀ ਭੀੜ ’ਚ ਜਲੂਸ ਦੀ ਸ਼ਕਲ ਵਿਚ ਉਸ ਦੀ ਸਹਾਇਤਾ ਲਈ ਨਾਅਰੇ ਮਾਰਦੀ ਆ ਰਹੀ ਸੀ। ਉਨ੍ਹਾਂ ਨੇ ਆ ਕੇ ਉਸ ਨੂੰ ਜੇਤੂ ਨਾਇਕ ਵਾਂਗ ਬਾਹਵਾਂ ’ਤੇ ਚੁੱਕ ਲਿਆ ਤੇ ਨਾਅਰੇ ਮਾਰਦੇ ਲੈ ਤੁਰੇ।

ਉਹ ਸੁਪਨੇ ਦੀ ਦੁਨੀਆਂ ਵਿੱਚੋਂ ਨਿਕਲ ਕੇ ਸੱਚ ਦੀ ਦੁਨੀਆਂ ’ਚ ਆਇਆ। ਉਸ ਪੱਕਾ ਇਰਾਦਾ ਕਰ ਲਿਆ ਕਿ ਉਹ ਚੁੱਪ ਕਰ ਕੇ ਨਹੀਂ ਬੈਠੇਗਾ। ਹੁਣੇ ਹੀ ਸਰਪੰਚ ਵੱਲ ਜਾਵੇਗਾ। ਪੜ੍ਹਿਆ ਲਿਖਿਆ ਮੁੰਡਾ ਸੀ ਸਰਪੰਚ, ਤੇ ਉਸ ਦੇ ਖ਼ੂਨ ਨੇ ਅਜੇ ਬੋਅ ਵੀ ਨਹੀਂ ਸੀ ਮਾਰੀ। ਉਂਜ ਵੀ ਉਸ ਦੇ ਆਖੇ ਲੱਗਦਾ ਸੀ। ਉਸ ਦਾ ਆਦਰ-ਮਾਣ ਕਰਦਾ ਸੀ। ਉਸ ਸੋਚਿਆ ਕਿ ਉਹ ਉਸ ਨੂੰ ਸਾਫ਼ ਕਹੇਗਾ ਕਿ ਜੇ ਸ਼ਰੇਆਮ ਚਿੱਟੇ ਦਿਨ ਇਹੋ ਜਿਹੀਆਂ ਕਾਲੀਆਂ ਕਰਤੂਤਾਂ ਹੋਣੀਆਂ ਹਨ ਤੇ ਅੱਗਿਉਂ ਕਿਸੇ ਨੇ ਕੁਸਕਣਾ ਤੱਕ ਨਹੀਂ, ਤਾਂ ਉਸ ਦੇ ਸਰਪੰਚ ਬਣਨ ਦਾ ਕੀ ਫਾਇਦਾ? ਜੇ ਇੰਜ ਹੀ ਜਾਬਰ ਲੋਕ ਸਭ ਦੇ ਵੇਖਦਿਆਂ ਵੇਖਦਿਆਂ ਪਿੰਡ ਦੇ ਮੂੰਹ ‘ਤੇ ਕਾਲਖ ਪੋਤ ਜਾਣ ਤਾਂ ਵੱਡੇ ਵੱਡੇ ਚਿੱਟੇ ਪੱਗੜ ਬੰਨ੍ਹ ਕੇ ਪਿੰਡ ਦੇ ਚੌਧਰੀ ਪਰ੍ਹਿਆ ਵਿਚ ਕਿਹੜਾ ਮੂੰਹ ਲੈ ਕੇ ਬੈਠਦੇ ਸਨ। ਉਹ ਤਾਂ ਇਹ ਵੀ ਕਹਿ ਦਏਗਾ ਕਿ ਜੇ ਸਰਪੰਚ ਨੇ ਜਾਂ ਕਿਸੇ ਹੋਰ ਨੇ ਕੁਝ ਨਾ ਕੀਤਾ ਤਾਂ ਉਹ ਇਕੱਲਾ ਹੀ ਮਜ਼ਲੂਮ ਧਿਰ ਦੀ ਮਦਦ ’ਤੇ ਖਲੋਏਗਾ। ਕੀ ਹੋਇਆ, ਜੇ ਉਹ ਸਰਗਰਮ ਸਿਆਸਤ ਛੱਡ ਗਿਆ ਸੀ। ਉਹ ਤਾਂ ਉਖੜ-ਪੈੜੀ, ਕਿਸੇ ਤਣ ਪੱਤਣ ਨਾ ਲਾਉਣ ਵਾਲੀ ਸਿਆਸਤ ਦਾ ਦੋਸ਼ ਸੀ, ਨਹੀਂ ਤਾਂ ਉਸ ਦਾ ਮਨ ਤਾਂ ਨਹੀਂ ਸੀ ਮਰ ਗਿਆ ਉਸ ਦੀਆਂ ਅੱਖਾਂ ਤਾਂ ਨਹੀਂ ਸਨ ਅੰਨ੍ਹੀਆਂ ਹੋ ਗਈਆਂ। ਅਜੇ ਤਾਂ ਉਸ ਦੀਆਂ ਅੱਖਾਂ ਵਿੱਚ ਜੋਤ ਸੀ।

ਰਾਤੀਂ ਜਦੋਂ ਆਖਰੀ ਬੱਸ ਤੋਂ ਉਤਰ ਕੇ ਉਸ ਨੇ ਚੰਨ ਚਾਨਣੀ ਵਿੱਚ ਸ਼ਾਂਤ ਸੁੱਤੇ ਆਪਣੇ ਪਿੰਡ ਨੂੰ ਵੇਖਿਆ ਸੀ ਤਾਂ ਉਹ ਸਦਾ ਵਾਂਗ ਪਿੰਡ ਵਾਸਤੇ ਸੁਖਾਵੇਂ ਤੇ ਮੋਹ ਭਰੇ ਅਹਿਸਾਸ ਨਾਲ ਭਿੱਜ ਗਿਆ ਸੀ। ਮੁਗਲ ਕਾਲ ਤੋਂ ਲੈ ਕੇ ਅੰਗਰੇਜ਼ੀ ਰਾਜ ਤੱਕ ਲੜੀ ਗਈ ਹਰ ਜ਼ੁਲਮ ਵਿਰੋਧੀ ਲੜਾਈ ਵਿਚ ਉਸ ਦਾ ਪਿੰਡ ਪੇਸ਼ ਪੇਸ਼ ਰਿਹਾ ਸੀ। ਇਸ ਪਿੰਡ ਨੇ ਕਈ ਮਹਾਨ ਸ਼ਹੀਦ ਪੈਦਾ ਕੀਤੇ ਸਨ। ਪਿੰਡ ਦੇ ਮਹਾਨ ਇਤਿਹਾਸ ਉਤੇ ਉਸ ਨੂੰ ਅੰਤਾਂ ਦਾ ਮਾਣ ਸੀ। ਲੋਕਾਂ ਦੇ ਸਾਂਝੇ ਹਿੱਤ ਲਈ ਲੜੀਆਂ ਗਈਆਂ ਲੜਾਈਆਂ ਵਿੱਚ ਇਸ ਪਿੰਡ ਦਾ ਉਚੇਚਾ ਯੋਗਦਾਨ ਸੀ।

ਉਹ ਖੁਸ਼ ਸੀ ਕਿ ਚੰਗੇ ਸਾਂਝੇ ਕੰਮਾਂ ਲਈ ਰਲ ਕੇ ਚੱਲਣ ਦੀ ਰਵਾਇਤ ਉਸ ਦੇ ਪਿੰਡ ਨੇ ਭੁਲਾਈ ਨਹੀਂ ਸੀ। ਇਸ ਮੰਗਲਵਾਰ ਨੂੰ ਅੰਬੂ ਬ੍ਰਾਹਮਣ ਦੀ ਜਵਾਨ ਕੁੜੀ ਦਾ ਵਿਆਹ ਸਾਰਾ ਪਿੰਡ ਰਲ ਕੇ ਕਰ ਰਿਹਾ ਸੀ, ਕਿਉਂਕਿ ਅੰਬੂ ਵਿਚਾਰਾ ਬਿਨਾਂ ਕੋਈ ਜਾਇਦਾਦ ਛੱਡਿਆਂ, ਕੁਝ ਮਹੀਨੇ ਹੋਏ ਇਕ ਮੇਲੇ ਤੋਂ ਸਾਈਕਲ ਪਿੱਛੇ ਪੇਟੀ ਬੰਨ੍ਹੀ, ਬਰਫ਼ ਦੇ ਗੋਲੇ ਵੇਚ ਕੇ ਮੁੜਦਿਆਂ, ਕਿਸੇ ਟਰੱਕ ਹੇਠਾਂ ਆ ਗਿਆ ਸੀ। ਕੁੜੀ ਦਾ ਵਿਆਹ ਮਿਥਿਆ ਹੋਇਆ ਸੀ। ਮੁੰਡੇ ਵਾਲੇ ਸਾਕ ਛੱਡਣ ਨੂੰ ਫਿਰਦੇ ਸਨ। ਪਿੰਡ ਦੇ ਸਿਆਣੇ ਮਿਲ ਬੈਠੇ ਤੇ ਅੰਬੂ ਦੀ ਧੀ ਨੂੰ ਉਨ੍ਹਾਂ ਪਿੰਡ ਦੀ ਧੀ ਮੰਨ ਕੇ ਉਸ ਦੇ ਵਿਆਹ ਦਾ ਜ਼ਿੰਮਾ ਆਪਣੇ ਸਿਰ ਲੈਂਦਿਆਂ ਮੁੰਡੇ ਵਾਲਿਆਂ ਨੂੰ ਮਨਾ ਲਿਆ ਸੀ। ਅੰਬੂ ਉਸ ਦਾ ਨਿੱਕੇ ਹੁੰਦਿਆਂ ਜਮਾਤੀ ਸੀ। ਇਸ ਲਈ ਉਸ ਸੋਚਿਆ ਕਿ ਸਾਂਝੀ ਉਗਰਾਹੀ ਦੇਣ ਤੋਂ ਬਿਨਾਂ ਇਸ ਸਾਂਝੇ ਸਮਾਗਮ ਵਿਚ ਉਸ ਦਾ ਸ਼ਾਮਲ ਹੋਣਾ ਵੀ ਲਾਜ਼ਮੀ ਸੀ। ਇਸੇ ਲਈ ਉਹਨੇ ਤਿੰਨ ਛੁੱਟੀਆਂ ਲੈ ਲਈਆਂ ਸਨ ਤੇ ਆਉਂਦਾ ਹੋਇਆ ਸ਼ਹਿਰ ਉਤਰ ਕੇ ਉਹ ਅੰਬੂ ਦੀ ਕੁੜੀ ਲਈ ਦੋ ਸੂਟ ਤੇ ਵਿਆਹ ਵਾਲੇ ਦਿਨ ਉਸ ਦੇ ਸਿਰ ’ਤੇ ਲੈਣ ਲਈ ਸੂਹਾ ਸਾਲੂ ਵੀ ਲੈ ਆਇਆ ਸੀ। ਸਾਰੇ ਰਾਹ ਉਹ ਬੱਸ ਵਿੱਚ ਬੈਠਾ ਅੰਬੂ ਨਾਲ ਬਚਪਨ ’ਚ ਬਿਤਾਈਆਂ ਘੜੀਆਂ ਯਾਦ ਕਰਦਾ ਰਿਹਾ ਸੀ। ਉਹ ਇਕੱਠੇ ਇਕੋ ਤੱਪੜ ’ਤੇ ਲਾਗੇ ਲਾਗੇ ਬੈਠਦੇ ਰਹੇ ਸਨ। ਉਹ ਅੰਬੂ ਦੇ ਰਗੜ ਕੇ ਮੁੰਨੇ ਸਿਰ ਉਤਲੀ ਬੋਦੀ ਨੂੰ ਹਿਲਾ ਕੇ ਉਸ ਨੂੰ ਛੇੜਿਆ ਕਰਦਾ, ‘ਬਾਹਮਣਾ, ਤੇਰੀ ਬੋਦੀ ਨੂੰ ਤਾਰਾ ਸਾਹਮਣਾ।’

ਅੰਬੂ ਬੋਦੀ ਛੁਡਾਉਂਦਿਆਂ ਝੱਟ ਬੁੜ੍ਹਕ ਪੈਂਦਾ, ‘ਜੱਟ ਘੜੇ ਦਾ ਮੱਟ, ਘੜੇ ਨੂੰ ਹੋ’ਗੀ ਮੋਗੀ। ਜੱਟਾ, ਫੇਰ ਕਰੇਂਗਾ ਚੋਰੀ?’

ਇਨ੍ਹਾਂ ਮਿੱਠੀਆਂ ਝੜਪਾਂ ਦੇ ਬਾਵਜੂਦ ਉਹ ਚੰਗੇ ਯਾਰ ਰਹੇ ਸਨ। ਅੰਬੂ ਅਕਸਰ ਉਸ ਦੀ ਫੱਟੀ ਪੋਚ ਦਿੰਦਾ ਤੇ ਉਮਰੋਂ ਵੱਡਾ ਤੇ ਤਕੜਾ ਹੋਣ ਕਰ ਕੇ ਦੂਜੇ ਮੁੰਡਿਆਂ ਨਾਲ ਲੜਾਈ ਵਿਚ ਉਸ ਦੀ ਮਦਦ ਕਰਦਾ ਅਤੇ ਉਹ ਸਦਾ ਅੰਬੂ ਦੀ ਕਾਪੀ ਤੇ ਸਵਾਲ ਹੱਲ ਕਰ ਕੇ ਦਿੰਦਾ।

ਕੁਝ ਸਾਲ ਇਕੱਠੇ ਰਹੇ ਤੇ ਫਿਰ ਅੰਬੂ ਨੇ ਪੜ੍ਹਾਈ ਵਿਚੇ ਛੱਡ ਦਿੱਤੀ। ਘਰਦਿਆਂ ਛੋਟੀ ਉਮਰੇ ਹੀ ਉਸ ਦਾ ਵਿਆਹ ਕਰ ਦਿੱਤਾ। ਫਿਰ ਵਹੁਟੀ, ਬੱਚੇ ਅਤੇ ਘਰ ਦਾ ਚੱਕਰ।

ਅੱਡੇ ਤੋਂ ਪਿੰਡ ਵੱਲ ਤੁਰਦਿਆਂ ਵਿਚਕਾਰੋਂ ਉਚੀ ਥਾਂ ’ਤੇ ਵੱਸਿਆ ਤੇ ਦੋਹਾਂ ਪਾਸਿਆਂ ਤੋਂ ਨੀਵਾਂ ਉਸ ਦਾ ਪਿੰਡ ਉਸ ਨੂੰ ਉਚੀ ਥਾਂ ’ਤੇ ਖੰਭ ਖਿਲਾਰ ਕੇ ਬੈਠੇ ਕਬੂਤਰ ਵਾਂਗ ਲੱਗਾ। ਉਸ ਦਾ ਜੀਅ ਕੀਤਾ, ਉਹ ਸਾਰੇ ਦੇ ਸਾਰੇ ਪਿੰਡ ਨੂੰ ਇਕੋ ਵਾਰ ਕਲਾਵੇ ਵਿੱਚ ਲੈ ਕੇ ਹਿੱਕ ਨਾਲ ਘੁੱਟ ਲਵੇ ਤੇ ਚੁੰਮ ਲਵੇ। ਹੁਣ ਦੂਰ ਨੌਕਰੀ ਕਰਦਾ ਹੋਣ ਕਰ ਕੇ ਪਿੰਡ ਨਾਲੋਂ ਵਿਛੜਨ ਦਾ ਦਰੇਗ ਵੀ ਹੋ ਸਕਦਾ ਸੀ, ਪਰ ਜਦੋਂ ਪਾਰਟੀ ਵਿੱਚ ਕੰਮ ਕਰਦੇ ਸਮੇਂ ਵੱਖ-ਵੱਖ ਪਿੰਡਾਂ ’ਚ ਨਵੇਂ ‘ਕਾਂਟੈਕਟ’ ਸਥਾਪਤ ਕਰਨ ਜਾਂ ਨੌਜਵਾਨ ਸਭਾਵਾਂ ਦੀਆਂ ਇਕੱਤਰਤਾਵਾਂ ਨੂੰ ਸੰਬੋਧਨ ਕਰਨ ਜਾਂ ਕਿਸੇ ਸਾਹਿਤਕ ਸਮਾਗਮ +ਤੇ ਜਾਂਦਾ, ਤਾਂ ਕਿਸੇ ਦੇ ਪੁੱਛਣ ’ਤੇ ਆਪਣੇ ਪਿੰਡ ਬਾਰੇ ਦੱਸਦਿਆਂ ਮਜ਼ਾ ਆਉਂਦਾ ਸੀ। ਹਿੱਕ ਮਾਣ ਨਾਲ ਫੁੱਲ ਜਾਂਦੀ ਸੀ। ਤੇ ਉਹ ਅਕਸਰ ਆਪਣੇ ਇਲਾਕੇ ਤੇ ਆਮ ਕਰ ਕੇ ਆਪਣੇ ਪਿੰਡ ਦੇ ਇਤਿਹਾਸਕ ਗੌਰਵ ਬਾਰੇ ਬੋਲਣ ਲੱਗ ਪੈਂਦਾ।

ਇਸ ਗੌਰਵ ਨੂੰ ਆਉਣ ਵਾਲੀਆਂ ਨਸਲਾਂ ਦੇ ਦਿਲਾਂ ਵਿੱਚ ਸਦਾ ਤਾਜ਼ਾ ਰੱਖਣ ਲਈ ਉਹ ਚਾਹੁੰਦਾ ਸੀ ਕਿ ਪਿੰਡ ’ਚ ਸ਼ਹੀਦਾਂ ਦੀ ਯੋਗ ਯਾਦਗਾਰ ਉਸਾਰੀ ਜਾਵੇ। ਇਹ ਗੱਲ ਉਹ ਪਿੰਡ ਦੇ ਪਤਵੰਤੇ ਲੋਕਾਂ ਅੱਗੇ ਕਈ ਵਾਰ ਰੱਖ ਚੁੱਕਾ ਸੀ। ਜ਼ਬਾਨੀ-ਕਲਾਮੀ ਤਾਂ ਸਭ ਸਹਿਮਤ ਹੁੰਦੇ ਪਰ ਅਮਲ ’ਚ ਕੁਝ ਕਰਨ ਲਈ ਕੋਈ ਅੱਗੇ ਨਾ ਆਉਂਦਾ।

ਏਨੇ ਬਹਾਦਰ ਤੇ ਸ਼ਹੀਦ ਪੈਦਾ ਕਰਨ ਵਾਲਾ ਪਿੰਡ ਬਦਕਿਸਮਤੀ ਨਾਲ ਕੋਈ ਮੰਤਰੀ ਵਗੈਰਾ ਪੈਦਾ ਨਹੀਂ ਸੀ ਕਰ ਸਕਿਆ। ਨਹੀਂ ਤਾਂ ਸਰਕਾਰੇ-ਦਰਬਾਰੇ ਹੀ ਉਨ੍ਹਾਂ ਦੀ ਕੁਝ ਸੁਣੀ ਜਾਂਦੀ। ਉਸ ਨੇ ਬਦੇਸ਼ ਗਏ ਆਪਣੇ ਪਿੰਡ ਦੇ ਕੁਝ ਬੰਦਿਆਂ ਤੇ ਆਪਣੇ ਮਿੱਤਰਾਂ ਤੋਂ ਕੁਝ ਰੁਪਏ ਇਸ ਮਕਸਦ ਲਈ ਚਿੱਠੀਆਂ ਲਿਖ ਕੇ ਮੰਗਵਾਏ ਸਨ। ਨਵਾਂ ਸਰਪੰਚ ਉਸ ਦੇ ਕਹਿਣ ’ਤੇ ਹੀ ਪਿੰਡ ਵੜਦਿਆਂ ਹੀ ਸੜਕ ਦੇ ਬਿਲਕੁਲ ਨਾਲ ਲਗਦੀ ਪੰਚਾਇਤੀ ਜ਼ਮੀਨ ਵਿਚੋਂ ਕੁਝ ਜ਼ਮੀਨ ਯਾਦਗਾਰ ਬਣਾਉਣ ਲਈ ਦੇਣਾ ਮੰਨ ਗਿਆ ਸੀ। ਚੰਨ-ਚਾਨਣੀ ਵਿੱਚ ਉਹ ਅੱਠ ਮਰਲੇ ਥਾਂ ਸੜਕ ਦੇ ਨਾਲ ਹੀ ਰਾਖਵੀਂ ਰੱਖੀ ਹੋਈ ਤੇ ਤਿੰਨ ਤਿੰਨ ਫੁੱਟ ਉਚੀ ਕੰਧ ਨਾਲ ਘਿਰੀ ਹੋਈ ਵੇਖ ਕੇ ਉਸ ਨੂੰ ਆਪਣੀ ਕਾਰਵਾਈ ’ਤੇ ਮਾਣ ਜਿਹਾ ਹੋਇਆ। ਯੋਜਨਾ ਅਨੁਸਾਰ ਹੁਣ ਮੁੱਖ ਦਰਵਾਜ਼ੇ ਦਾ ਫਾਟਕ ਲਵਾ ਕੇ ਜਗ੍ਹਾ ਦੇ ਐਨ ਵਿਚਕਾਰ ਥੰਮ ਖੜ੍ਹਾ ਕਰ ਕੇ ਉਸ ’ਤੇ ਸ਼ਹੀਦਾਂ ਦੇ ਨਾਂ ਸਿੱਲ ਉਤੇ ਲਿਖਵਾ ਕੇ ਲਾ ਦਿੱਤੇ ਜਾਣੇ ਸਨ ਤੇ ਇੰਜ ਇਹ ਮਾਣਯੋਗ ਯਾਦਗਾਰ ਸੰਪੂਰਨ ਹੋ ਜਾਣੀ ਸੀ।

ਪਿੰਡ ਵੜਦਾ ਉਹ ਸੋਚ ਰਿਹਾ ਸੀ ਕਿ ਇਨ੍ਹਾਂ ਤਿੰਨ ਛੁੱਟੀਆਂ ਵਿੱਚ ਅੰਬੂ ਦੀ ਕੁੜੀ ਦੇ ਵਿਆਹ ’ਚ ਸ਼ਾਮਲ ਹੋਣ ਤੋਂ ਬਿਨਾਂ ਸਰਪੰਚ ਨਾਲ ਮਿਲ ਕੇ ਉਹ ਸ਼ਹੀਦੀ ਥੰਮ ਖੜ੍ਹਾ ਕਰਨ ਤੇ ਵੱਡੀ ਸਿਲ ਉਤੇ ਸ਼ਹੀਦਾਂ ਦੇ ਨਾਂ ਲਿਖਵਾਉਣ ਦੀ ਯੋਜਨਾ ਨੂੰ ਵੀ ਜ਼ਰੂਰ ਸਿਰੇ ਚਾੜ੍ਹੇਗਾ।

ਉਸ ਨੂੰ ਉਠਿਆ ਵੇਖ ਪਤਨੀ ਮੁਸਕਰਾਉਂਦੀ ਹੋਈ ਕੋਠੇ ’ਤੇ ਆਈ ਅਤੇ ਥੱਲੇ ਜਾ ਕੇ ਬੁਰਸ਼ ਕਰ ਕੇ ਚਾਹ ਪਾਣੀ ਲਈ ਕਹਿੰਦੀ ਹਦਾਇਤ ਦੇਣ ਲੱਗੀ, ‘ਜੀ ਫਿਰ ਨਹਾ ਧੋ ਕੇ ਤਿਆਰ ਹੋ ਕੇ ਸਰਪੰਚ ਵੱਲ ਜਾਵੋ ਤੇ ਹੋਰ ਵੀ ਮੁਅਤਬਰ ਬੰਦਿਆਂ ਨੂੰ ਮਿਲੋ। ਜੇ ਇੰਜ ਈ ਗੁੰਡਾਗਰਦੀ ਹੋਣ ਲੱਗੀ ਤਾਂ ਕਿਸੇ ਦੀ ਵੀ ਧੀ ਭੈਣ ਦੀ ਇਜ਼ਤ ਸੇਫ ਨਹੀਂ। ਕਲਜੁਗ ਏਸੇ ਦਾ ਨਾਂ ਈ ਆ ਜੀ, ਹੋਰ ਕਲਜੁਗ ਕੀ ਹੁੰਦਾ?’ ਉਹ ਗੱਲਾਂ ਵੀ ਕਰੀ ਜਾ ਰਹੀ ਸੀ, ਤੇ ਹਲੂਣ ਕੇ ਬੱਚਿਆਂ ਨੂੰ ਵੀ ਜਗਾ ਰਹੀ ਸੀ। ਨਿੱਕੇ ਨੂੰ ਕੂਲੀਆਂ ਤਲੀਆਂ ਨਾਲ ਅੱਖਾਂ ਮਲਦੇ ਨੂੰ ਉਸ ਨੇ ਕੁੱਛੜ ਚੁੱਕ ਕੇ ਹਿੱਕ ਨਾਲ ਘੁੱਟਦਿਆਂ ਚੁੰਮ ਲਿਆ, ‘ਪੁੱਤ ਤੂੰ ਚੱਜ ਦਾ ਨਿਕਲੀਂ ਮਾਪਿਆਂ ਦੀ ਇੱਜ਼ਤ ਨੂੰ ਚਾਰ ਚੰਦ ਲਾਵੀਂ।’

‘ਕੀ ਗੱਲ, ਮੈਂ ਚੱਜ ਦਾ ਨਹੀਂ?’ ਉਹ ਮੁਸਕਰਾਇਆ। ਉਹ ਪੂਰੇ ਦੰਦ ਖੋਲ੍ਹ ਕੇ ਮਿੱਠਾ ਜਿਹਾ ਹੱਸੀ, ‘ਤੁਸੀਂ ਤਾਂ ਚੰਦ ਓ ਚੰਦ।’ ਤੇ ਫਿਰ ਗੰਭੀਰ ਹੁੰਦਿਆਂ ਬੋਲੀ, ‘ਪਰ ਇਸ ਮਸਲੇ ਮਗਰ ਜ਼ਰੂਰ ਤਕੜੇ ਹੋ ਕੇ ਪਵੋ। ਜੇ ਜਾ ਕੇ ਇਕ-ਦੋ ਛੁੱਟੀਆਂ ਵੀ ਲੈ ਕੇ ਆਉਣੀਆਂ ਪੈਣ ਤਾਂ ਕੋਈ ਹਰਜ਼ ਨੀਂ।’ ਉਹ ਬੱਚੇ ਨੂੰ ਗੋਦ ਵਿੱਚ ਲੈ ਕੇ ਉਸ ਦੇ ਕੋਲ ਹੀ ਮੰਜੇ ਉਤੇ ਬੈਠ ਗਈ। ਉਸ ਨੇ ਰਾਤੀਂ ਉਸ ਕੋਲ ਪਹਿਲਾਂ ਹੀ ਤਿੰਨ ਛੁੱਟੀਆਂ ਲੈ ਕੇ ਆਏ ਹੋਣ ਦਾ ਜ਼ਿਕਰ ਨਹੀਂ ਸੀ ਕੀਤਾ। ਹੁਣ ਵੀ ਪਤਾ ਨਹੀਂ ਕਿਉਂ ਉਹ ਛੁੱਟੀਆਂ ਬਾਰੇ ਚੁੱਪ ਹੀ ਰਿਹਾ, ਸਗੋਂ ਉਸ ਨੂੰ ਉਲਟਾ ਸਵਾਲ ਕੀਤਾ, ‘ਮੈਂ ਤਾਂ ਰਾਤ ਦਾ ਸੋਚਦਾ, ਆਪਾਂ ਨੂੰ ਕੀ ਕਿਸੇ ਦੇ ਮਾਮਲੇ ਵਿਚ ਲੱਤ ਅੜਾਉਣ ਦੀ ਲੋੜ ਹੈ। ਨਾ ਆਪਣਾ ਕੋਈ ਮਤਲਬ, ਨਾ ਕੋਈ ਵਾਸਤਾ।’

‘ਬੱਲੇ ਜੀ, ਬੱਲੇ’ ਉਹ ਵਿਚੋਂ ਹੀ ਟੁਣਕ ਕੇ ਬੋਲੀ, ‘ਅੱਗੇ ਤਾਂ ਭਲਾ ਸਰਦਾਰ ਸਾਹਿਬ ਨੇ ਕਿਸੇ ਦੇ ਮਾਮਲੇ ਵਿੱਚ ਲੱਤ ਅੜਾਈ ਹੈ ਭਲਾ, ਜਦੋਂ ਮੈਂ ਰੋਕਦੀ ਹੁੰਦੀ ਸੀ ਤਾਂ ਮੈਨੂੰ ਹਨੂੰਮਾਨ ਵਾਲਾ ਲਤੀਫ਼ਾ ਸੁਣਾਇਆ ਕਰਦੇ ਸਨ; ਅਖੇ: ਪੰਡਤ ਨੇ ਰਮਾਇਣ ਦੀ ਕਥਾ ਕਰਦਿਆਂ ਸਾਹਮਣੇ ਬੈਠੀ ਸੰਗਤ ਨੂੰ ਪੁੱਛਿਆ, ‘ਹਨੂੰਮਾਨ ਕੌਣ ਸੀ?’ ਤਾਂ ਪਿਛੇ ਖੜੋਤਾ ਇਕ ਜੱਟ ਆਖਣ ਲੱਗਾ, ‘ਹਨੂੰਮਾਨ ਜੱਟ ਸੀ।’ ਪੰਡਤ ਨੇ ਹੈਰਾਨ ਹੋਏ ਨੇ ਪੁੱਛਿਆ, ‘ਜੱਟ ਕਿਵੇਂ?’ ਜੱਟ ਕਹਿਣ ਲੱਗਾ, ‘ਜੀ ਜਨਾਨੀ ਕਿਸੇ ਦੀ, ਕੱਢ ਕੇ ਕੋਈ ਹੋਰ ਲੈ ਗਿਆ, ਉਸ ਵਿੱਚ ਐਵੇਂ ਆਪਣੀ ਪੂਛ ਨੂੰ ਅੱਗ ਲਵਾਈ ਫਿਰਦਾ ਸੀ, ਜੱਟ ਨੀਂ ਤਾਂ ਹੋਰ ਕੀ ਸੀ।’ ਬੱਸ ਉਦੋਂ ਤਾਂ ਆਖਣਾ, ਆਪਾਂ ਤਾਂ ਜੱਟ ਹਨੂੰਮਾਨ ਆਂ। ਜਿਥੇ ਕਿਤੇ ਬੇਇਨਸਾਫੀ ਹੋਵੇ, ਆਪਣੇ ਤੋਂ ਲੱਤ ਗੱਡਿਆਂ ਤੋਂ ਬਿਨਾਂ ਰਿਹਾ ਨਹੀਂ ਜਾਂਦਾ।’ ਤੇ ਉਹ ਉਸ ਨੂੰ ਬਾਹੋਂ ਫੜ ਕੇ ਹਲੂਣਦਿਆਂ ਮੁਸਕਰਾਈ, ‘ਉਠੋ, ਉਠੋ, ਨਹਾ-ਧੋ ਕੇ ਤਿਆਰ ਹੋਵੋ ਛੇਤੀ।’

‘ਚੰਗਾ ਹਨੂੰਮਾਨ ਜੀ।’ ਉਹ ਹੱਸਦਿਆਂ ਉਠਿਆ ਤੇ ਬਿਸਤਰਾ ਵਲੇਟ ਕੇ ਹੇਠਾਂ ਉਤਰ ਆਇਆ।

ਕੱਲ੍ਹ ਵਾਲੀ ਸਾਰੀ ਘਟਨਾ ਪਤਨੀ ਨੇ ਆਪਣੀਆਂ ਅੱਖਾਂ ਨਾਲ ਵੇਖੀ ਸੀ। ਇਸ ਲਈ ਉਸ ਦੇ ਮਨ ‘ਤੇ ਹੋਰ ਵੀ ਡੂੰਘਾ ਅਸਰ ਸੀ। ਬੱਚਿਆਂ ਨੂੰ ਤਿਆਰ ਕਰਦੀ ਉਹ ਕਹਿ ਰਹੀ ਸੀ, ‘ਐਦਾਂ ਨੀਂ ਸੀ ਕਦੀ ਵੇਖਣ ਸੁਣਨ ’ਚ ਆਇਆ। ਮੈਂ ਕਹਿੰਦੀ ਆਂ ਅਜੀਬ ਹੈ ਤੁਹਾਡਾ ਪਿੰਡ ਵੀ ਇਹੋ ਜਿਹਾ ਪਿੰਡ ਨ੍ਹੀਂ ਕਦੀ ਵੇਖਿਆ। ਲੋਕ ਕੋਠਿਆਂ ’ਤੇ ਖਲੋਤੇ ਤਮਾਸ਼ਾ ਵੇਖਦੇ ਰਹੇ ਪਰ ਕਿਸੇ ਵਿੱਚ ਹਿੰਮਤ ਨਾ ਹੋਈ ਕਿ ਉਸ ਗਰੀਬ ਬੇਦੋਸ਼ੀ ਜਨਾਨੀ ਨੂੰ ਛੁਡਾ ਹੀ ਦਈਏ।’ਉਸ ਨੂੰ ਲੱਗਾ, ਉਹ ਉਸ ਦੇ ਪਿੰਡ ਨੂੰ ਮਿਹਣਾ ਮਾਰ ਰਹੀ ਸੀ। ਉਸ ਦਾ ਜੀਅ ਕੀਤਾ, ਪਤਨੀ ਨੂੰ ਸਮਝਾਵੇ ਕਿ ਜਿਥੇ ਵੀ ਕਿਤੇ ਜਾਨਦਾਰ ਲੋਕਾਂ ਦੀ ਜਾਨਦਾਰ ਜਥੇਬੰਦੀ ਨਹੀਂ, ਉਥੇ ਸਭਨੀਂ ਥਾਈਂ ਹੀ ਇਸ ਤਰ੍ਹਾਂ ਹੋ ਰਿਹਾ ਸੀ। ਗੱਲ ਇਕ ਪਿੰਡ ਦੀ ਨਹੀਂ, ਸਾਰੇ ਪਿੰਡਾਂ ਦੀ ਸੀ। ਲੋਕ ਆਪੋ-ਆਪਣੀਆਂ ਬੁੱਕਲਾਂ ਵਿੱਚ ਮੂੰਹ ਤਾਣ ਕੇ ਸੁੱਤੇ ਹੋਏ ਸਨ। ਭ੍ਰਿਸ਼ਟ ਸਿਆਸਤ ਦਾ ਸ਼ੇਰ ਸਭ ਦੇ ਸਿਰ ’ਤੇ ਦਹਾੜ ਰਿਹਾ ਸੀ ਤੇ ਲੋਕ ਸ਼ੁਤਰਮੁਰਗ ਵਾਂਗ ਰੇਤ ਵਿੱਚ ਸਿਰ ਦੇ ਕੇ, ਅੱਖਾਂ ਲੁਕਾਈ ਮੌਤ ਤੋਂ ਬਚਣ ਦੇ ਯਤਨ ਦੀ ਖੁਸ਼ਫ਼ਹਿਮੀ ’ਚ ਸਨ। ਅਜਿਹੇ ਵਾਤਾਵਰਣ ਵਿੱਚ ਬਿੱਲੀ ਵਾਂਗ ਸ਼ਹਿ ਲਾ ਕੇ ਬੈਠੀ ਵਿਗੜੀ ਵਿਵਸਥਾ ਸਾਹਮਣੇ ਹਰ ਬੰਦਾ ਕਬੂਤਰ ਵਾਂਗ ਅੱਖਾਂ ਮੀਚੀ ਆਪਣੇ ਆਪ ਨੂੰ ਸੁਰੱਖਿਅਤ ਸਮਝ ਰਿਹਾ ਸੀ।

ਪਤਨੀ ਗੰਭੀਰ ਹੋ ਗਈ। ਉਸ ਦਾ ਚਿਹਰਾ ਉਦਾਸ ਤੇ ਧੁਆਂਖਿਆ ਗਿਆ। ਉਹ ਹਮਦਰਦੀ ਦੀ ਮੂਰਤੀ ਬਣੀ ਬੈਠੀ ਸੀ। ਆਪਣੇ ਪਹਿਲੇ ਬਿਆਨ ਵਿਚ ਥੋੜ੍ਹੀ ਜਿਹੀ ਸੋਧ ਕਰਦਿਆਂ ਬੋਲੀ, ‘ਨਹੀਂ ਮੇਰਾ ਮਤਲਬ ਇਹ ਤਾਂ ਨੀਂ। ਸਭ ਥਾਈਂ ਇੰਜ ਈ ਬੇੜਾ ਗਰਕਣ ਤੇ ਆਇਆ, ਪਰ ਏਥੇ ਕੁਝ ਜ਼ਿਆਦਾ ਈ ਇਹੋ ਜਿਹੀਆਂ ਗੱਲਾਂ ਹੁੰਦੀਆਂ ਰਹਿੰਦੀਆਂ ਨੇ। ਅਜੇ ਪਿਛਲੇ ਦਿਨੀਂ ਵੇਖੋ।

(ਚਲਦਾ)

# ਮੇਰੀ ਕਲਮ

## ਸਾਡੇ ਸਰਕਾਰੀ ਸਕੂਲ



ਰੌਕੀ ਸਿੰਘ
94786-80108

ਸੁਣੋ ਵੀਰ ਜੀ, ਸੁਣੋ ਭੈਣ ਜੀ,
ਲੱਗੇ ਆਂ ਇੱਕ ਗੱਲ ਕਹਿਣ ਜੀ।
ਪਿੰਡ ਦਾ ਜੋ ਸਕੂਲ ਸਰਕਾਰੀ,
ਇਮਾਰਤ ਇਸਦੀ ਬੜੀ ਪਿਆਰੀ।
ਬੱਚੇ ਆਪਣੇ ਦਾਖਲ ਕਰਵਾਓ,
ਵਧੀਆ ਵਿੱਦਿਆ ਮੁਫ਼ਤ 'ਚ ਪਾਓ।
ਡਰੰਮ ਬੈਂਡ ਨਾਲ ਹੁੰਦੀ ਪੀ.ਟੀ.,
ਚਾਅ ਨਾਲ ਕਰਦੇ ਨੱਥੂ, ਮੀਤੀ।
ਸਵੇਰੇ ਸਵੇਰੇ ਸਲਾਇਡ ਹੈ ਆਉਂਦੀ,
ਵਧੀਆ ਇੱਕ ਵਿਚਾਰ ਸਿਖਾਉਂਦੀ।
ਫਰੀ ਕਿਤਾਬਾਂ, ਫਰੀ ਏ ਵਰਦੀ,
ਕਾਹਤੋਂ ਭੈਣੇ, ਐਵੇਂ ਤੂੰ ਡਰਦੀ।
ਨਾ ਕੋਈ ਫੀਸ ਤੇ ਨਾ ਕੋਈ ਖਰਚਾ,
ਸਰਕਾਰੀ ਸਕੂਲਾਂ ਦੀ ਘਰ ਘਰ ਚਰਚਾ।
ਸਮਾਰਟ ਕਲਾਸਾਂ ਨਾਲ ਕੰਪਿਊਟਰ,
ਐਲ.ਈ.ਡੀ., ਟੀ.ਐਲ.ਐਮ.,
ਕਿਤਾਬਾਂ, ਪ੍ਰੋਜੈਕਟਰ।
ਬੀਬੇ ਬਾਲ ਨਾ ਕਰਨ ਲੜਾਈ।
ਬਿਮਾਰੀਆਂ ਤੋਂ ਹੁਣ ਕੀ ਘਬਰਾਣਾ,
ਸਕੂਲ 'ਚ ਮਿਲਦਾ ਪੌਸ਼ਕ ਖਾਣਾ।
ਹੁਣ ਨਾ ਕੋਈ ਬਿਮਾਰੀ ਰਹਿੰਦੀ,
ਜਾਂਚ ਡਾਕਟਰੀ ਹੁੰਦੀ ਰਹਿੰਦੀ।
ਦਿਵਿਆਂਗਾਂ ਲਈ ਬਰਾਬਰ ਮੌਕੇ,
ਹੁਣ ਰਹਿੰਦੇ ਆਤਮਵਿਸ਼ਵਾਸੀ ਹੋਕੇ।
ਬਾਲ ਮੇਲੇ ਤੇ ਬਾਲ ਸਭਾਵਾਂ,
ਨਿਖੇਰਨ ਬਾਲਾਂ ਦੀਆਂ ਕਲਾਵਾਂ।
ਖੇਡਾਂ, ਗਿੱਧੇ, ਭੰਗੜੇ ਨਾਚ,
ਸਭ ਦੀ ਸਾਨੂੰ ਆ ਗਈ ਜਾਂਚ।
ਅਧਿਆਪਕ ਮਨ ਲਾ ਕੇ ਪੜ੍ਹਾਉਂਦੇ,
ਭੋਰਾ ਵੀ ਨਾ ਜੀਅ ਚੁਰਾਉਂਦੇ।
ਨਾਲ ਪਿਆਰ ਦੇ ਸਭ ਸਮਝਾਉਂਦੇ,
ਜੀਵਨ ਦੀ ਵੀ ਜਾਂਚ ਸਿਖਾਉਂਦੇ।
ਦੱਸਦੇ ਬਹੁਤ ਹੀ ਚੰਗੀਆਂ ਗੱਲਾਂ,
ਬੱਚੇ ਮਾਰਨ ਵੱਡੀਆਂ ਮੱਲਾਂ।
ਤਜ਼ਰਬੇਕਾਰ ਸਟਾਫ ਹੈ ਸਾਰਾ,
ਸਕੂਲ ਅਸਾਡਾ ਸਾਨੂੰ ਪਿਆਰਾ।
ਇਹਨਾਂ ਸਕੂਲਾਂ ਵਿੱਚ ਹੀ ਪੜ੍ਹਕੇ,
ਮਾਸਟਰ, ਡਾਕਟਰ, ਅਫ਼ਸਰ ਬਣਦੇ।
ਸਰਕਾਰੀ ਸਕੂਲਾਂ 'ਤੇ ਵਿਸ਼ਵਾਸ ਜਤਾਓ,
ਆਪਣੇ ਬੱਚੇ ਦਾਖਲ ਕਰਵਾਓ।
ਜੇ ਤੁਸੀਂ ਪਰਿਚਾਣ ਕਰੋਗੇ,
ਸਰਕਾਰੀ ਸਕੂਲਾਂ 'ਤੇ ਮਾਣ ਕਰੋਗੇ।
ਬੱਚੇ ਆਪਣੇ ਦਾਖਲ ਕਰਵਾਓ,
ਵਧੀਆ ਵਿੱਦਿਆ ਮੁਫ਼ਤ 'ਚ ਪਾਓ।

ਅਧਿਆਪਕ, ਸ.ਪ.ਸ.ਹ.ਬ. ਚੌਂਦਾ, ਮਾਲੇਰਕੋਟਲਾ-1

## ਹਾਕਾਂ

ਮਨਜੀਤ ਟਿਵਾਣਾ

ਪਹਿਰ ਰਾਤ ਗਈ
ਨਜ਼ਮਾਂ ਦੀ ਦਰਗਾਹ 'ਤੇ
ਕੌਣ ਕੀਰਨੇ ਪਾ ਰਿਹਾ ਹੈ ?
ਵਿੱਛੜੀਆਂ ਰੂਹਾਂ ਦੀਆਂ ਕਬਰਾਂ 'ਤੇ
ਕੌਣ ਬੂਟੇ ਲਾ ਰਿਹਾ ਹੈ ?
ਦਿਲ ਦੇ ਸਾਜ਼ 'ਤੇ ਹੌਕਿਆਂ ਦਾ ਅਲਾਪ
ਕੌਣ ਛੇੜ ਰਿਹਾ ਹੈ ?
ਮਸਾਣਾਂ ਦੀ ਉਜਾੜ ਵਿਚ ਵੀਰ ਦੀ ਘੋੜੀ
ਕੌਣ ਗਾ ਰਿਹਾ ਹੈ ?
ਰੋਹੀਆਂ 'ਚ ਜੱਗੋਂ ਰੁੱਸੇ ਵੀਰ ਨੂੰ ਹਾਕਾਂ
ਕੌਣ ਮਾਰ ਰਿਹਾ ਹੈ ?
ਚੁੱਪ ਦੀ ਕਾਲ ਕੋਠੜੀ 'ਚ ਬੈਠਾ ਉਮਰ ਦੇ ਸਫ਼ਿਆਂ ਨੂੰ
ਕੌਣ ਫਰੋਲ ਰਿਹਾ ਹੈ ?
ਬਚਪਨ ਦੀਆਂ ਯਾਦਾਂ ਤੋਂ ਲੈ ਕੇ
ਮੌਤ ਦੀ ਖੇਡ ਤੱਕ ਦੀਆਂ
ਬਾਵਨ ਝਾਕੀਆਂ ਦੇਖਦਾ
ਆਪਣੇ ਆਪ ਨੂੰ ਸੂਈ ਦੇ ਨੱਕੇ 'ਚੋਂ
ਕੌਣ ਲੰਘਾ ਰਿਹਾ ਹੈ ?
ਕੁਵੇਲੇ ਝੱਖੜਾਂ 'ਚ ਮੌਤ ਦੀ ਕੰਧ 'ਤੇ
ਅੱਥਰੂਆਂ ਦਾ ਦੀਵਾ
ਕੌਣ ਬਾਲ ਰਿਹਾ ਹੈ ?
ਇਹ ਕੌਣ ਹੈ ਜੋ ਵੱਡੀ ਰਾਤ ਗਈ
ਅਜੇ ਵੀ ਜਾਗ ਰਿਹਾ ਹੈ ?
ਪਹਿਰ ਰਾਤ ਗਈ ਨਜ਼ਮਾਂ ਦੀ ਦਰਗਾਹ 'ਤੇ
ਕੌਣ ਕੀਰਨੇ ਪਾ ਰਿਹਾ ਹੈ... ?

## ਦਿਖਾਵਾ

ਗੌਰਵ ਧੀਮਾਨ
ਮੋ: 7626818016



ਕਰ ਦਿੱਤੇ ਕੰਮ ਅਧੂਰੇ ਪੂਰੇ,
ਲੱਭ ਢੰਗ ਸਰਕਾਰ ਨਾ ਕਸੂਰੇ।
ਫ਼ੈਸਲਾ ਇੱਕ ਜ਼ਿੰਦਗੀ ਤੁਰੇ,
ਇੱਥੇ ਗ਼ਰੀਬ ਤੰਗ ਹੁਣ ਨਾ ਦੂਰੇ।
ਦਿਖਾਵਾ ਕਰ ਦਾ ਨਾਟਕ ਵੇਖੋ,
ਆਸਕਰ ਐਵਾਰਡ ਦੇ ਨਾਲ ਮੁਰੇ।

ਵੇਚ ਫੱਸਲ ਉੱਡ ਜਾਂਦੇ ਹੋਸ਼ ਨੇ।
ਚੋਰੀ ਕੀਤੀ ਕੀਮਤ ਵਧਾਉਂਦੇ ਖੌਫ਼ ਨੇ।
ਤਾਕਤ ਦਾ ਗਲਤ ਫ਼ਾਇਦਾ ਦੇਖੋ,
ਨੇਤਾ ਵਿਰੁੱਧ ਤਾਹੀਓਂ ਕਿਸਾਨੀ ਲੋਕ ਨੇ।
ਦਿਖਾਵਾ ਕਰ ਦਾ ਨਾਟਕ ਵੇਖੋ,
ਆਸਕਰ ਐਵਾਰਡ ਦੇ ਨਾਲ ਮੁਰੇ।

ਇੱਕ ਸਵਾਲ ਉਹ ਵੀ ਖਾਲੀ,
ਜਵਾਬ ਨਾ ਦੇ ਕਰਦੇ ਕਾਹਲੀ।
ਕੀ ਲੋਕਾਂ ਹੱਕ ਕਹਾਵੇਂਗਾ,
ਇੱਥੇ ਸਾਫ਼ ਬਿਆਨ ਤੂੰ ਵੀ ਜਾਹਲੀ।
ਦਿਖਾਵਾ ਕਰ ਦਾ ਨਾਟਕ ਵੇਖੋ,
ਆਸਕਰ ਐਵਾਰਡ ਦੇ ਨਾਲ ਮੁਰੇ।

ਹਰ ਥਾਂ ਵਿਕਾਊ ਸਰਕਾਰੀ ਬੋਲ,
ਕਿੱਥੋਂ ਆਏ ਪਹਿਲਾਂ ਕਿਉਂ ਨਹੀਂ ਹੋਸ਼।
ਗ਼ਰੀਬ ਕੁੱਲੀ ਉਜਾੜ ਕੀ ਪਾਵੇਂਗਾ,
ਸਰਕਾਰ ਪੈਸਾ ਚੋਰੀ ਕਰਦੀ ਲਾਓ ਦੋਸ਼।
ਦਿਖਾਵਾ ਕਰ ਦਾ ਨਾਟਕ ਵੇਖੋ,
ਆਸਕਰ ਐਵਾਰਡ ਦੇ ਨਾਲ ਮੁਰੇ।

ਇੱਕ ਵੀ ਸਵਾਲ ਦਾ ਜਵਾਬ ਦੇਦੋ,
ਕਿਹੜੀ ਥਾਂ ਕਿਹੜੀ ਬਾਂਹ ਸੰਭਾਲੀ।
ਗ਼ਰੀਬ ਕੁੱਲੀ ਤੁਸੀ ਕੀਤੀ ਖਾਲੀ,
ਲੋਕਾਂ ਜ਼ੁਲਮ ਭੁੱਖ ਹੜਤਾਲ ਵੀ ਮਾਣੀ।
ਦਿਖਾਵਾ ਕਰ ਦਾ ਨਾਟਕ ਵੇਖੋ,
ਆਸਕਰ ਐਵਾਰਡ ਦੇ ਨਾਲ ਮੁਰੇ।

## ਫ਼ਕੀਰ ਸਾਈਂ ਅੱਲ੍ਹਾ ਦਿਆਂ

ਕਮਲਪ੍ਰੀਤ ਸਿੰਘ

ਅਸੀਂ ਹੱਸਦਿਆਂ ਵਸਦਿਆਂ ਜਾਣਾ
ਫ਼ਕੀਰ ਸਾਈਂ ਅੱਲ੍ਹਾ ਦਿਆਂ
ਅਸੀਂ ਮਿੱਠਾ ਕਰ ਮੰਨ ਲੈਣਾ ਭਾਣਾ
ਫ਼ਕੀਰ ਸਾਈਂ ਅੱਲ੍ਹਾ ਦਿਆਂ।
ਚਾਹੇ ਰੁੱਸੇ ਹੋ ਜਾਂ ਰਾਜ਼ੀ
ਸਾਨੂੰ ਬੇਹੀ ਦੇ ਜਾਂ ਤਾਜ਼ੀ
ਅਸੀਂ ਤਲੀ ਤੇ ਧਰ ਕੇ ਖਾਣਾ
ਫ਼ਕੀਰ ਸਾਈਂ ਅੱਲ੍ਹਾ ਦਿਆਂ।
ਆਪਣੇ ਆਪ ਤੋਂ ਬਾਹਰ ਵੱਸਕੇ
'ਤੂੰ' ਤੇ 'ਮੈਂ' ਦੋਹਾਂ ਤੇ ਹੱਸਕੇ
ਅਸਾਂ ਸਭ ਤੋਂ ਬਾਹਰ ਜਾਣਾ
ਫ਼ਕੀਰ ਸਾਈਂ ਅੱਲ੍ਹਾ ਦਿਆਂ।
ਸਾਡੇ ਅੰਦਰ ਉੱਗਿਆ ਚੰਦ ਹੈ
ਜਿਸਦਾ ਅੰਦਰੀਂ ਮਹਾਂ ਅਨੰਦ ਹੈ
ਹੁਣ ਬੁੱਲ੍ਹੀਂ ਤਾਲਾ ਲਾਣਾ
ਫ਼ਕੀਰ ਸਾਈਂ ਅੱਲ੍ਹਾ ਦਿਆਂ
ਇਸ ਮੁੱਖੜੇ ਦਾ ਮਾਣ ਵੀ ਛੱਡਿਆ
ਜਾ ਜੁੱਸੇ ਦਾ ਅਸਾਂ ਤਾਣ ਵੀ ਛੱਡਿਆ
ਇਹ ਖਸਤਾ ਹੋ ਗਿਆ ਬਾਣਾ
ਫ਼ਕੀਰ ਸਾਈਂ ਅੱਲ੍ਹਾ ਦਿਆਂ

## ਕਵਿਤਾ

ਸ਼ਿਵਨਾਥ ਦਰਦੀ
9855155392

ਫ਼ਨੀਅਰ ਡੰਗ ਚਲਾਉਂਦੇ ਨੇ, ਅੱਜ ਭਜਾਓ ਕੋਈ
ਬਾਬੇ ਨਾਨਕ ਦੀ ਲੋੜ ਹੈ, ਅੱਜ ਬੁਲਾਓ ਕੋਈ
ਜ਼ਹਿਰੀਲਾ ਪਾਣੀ ਕੀਤਾ, ਅੱਜ ਘੋਲ ਕੇ ਜ਼ਹਿਰਾਂ
ਓਹੀ ਦੇਸ਼ ਨੂੰ ਖਾਂਦੇ, ਜਿਹੜੇ ਦਿੰਦੇ ਪਹਿਰਾ
ਸੰਤ ਸੀਚੇਵਾਲ ਤੇ ਚੰਦਬਾਜੇ, ਅੱਜ ਲਿਆਓ ਕੋਈ ।
ਬਾਬੇ ਨਾਨਕ ਦੀ ਲੋੜ ............................
ਸ਼ੂਗਰ, ਕੈਂਸਰ, ਕਾਲਾ ਪੀਲੀਆ, ਕੈਸੇ ਰੋਗ ਨੇ ਚੱਲੇ
ਮਾਸੂਮਾਂ ਦੇ ਮੌਤ ਨੇ, ਦੇਖ ਦਰ ਨੇ ਮੱਲੇ
ਸੀਰ ਸੁਸਾਇਟੀ ਵਾਂਗੂ , ਹਰ ਥਾਂ ਰੁੱਖ ਲਗਾਓ ਕੋਈ।
ਬਾਬੇ ਨਾਨਕ ਦੀ ਲੋੜ ............................
ਰਾਜਨੀਤੀ ਕੋਲ ਰਹਿ ਗਈਆ , ਬਸ ਗੱਲਾਂ ਯਾਰੋ,
ਆਪਣੇ ਦੇਸ਼ ਨੂੰ, ਰਲ ਮਿਲ, ਤੁਸੀਂ ਆਪ ਸੁਧਾਰੋ,
'ਫ਼ਰੀਦਕੋਟ' ਵਿੱਚ ਸੁੰਦਰਤਾ ਦੇ, ਝੰਡੇ ਝਲਾਓ ਕੋਈ।
ਬਾਬੇ ਨਾਨਕ ਦੀ ਲੋੜ ............................
'ਬੂਟੇ ਗੱਪੀ' ਕੋਲੋਂ ਪੁੱਛ ਲਵੋ , ਕਿੰਨੀਆਂ ਲਾਸ਼ਾਂ ਜਲਾਈਆਂ
ਸੁਣਦਾ, ਆਪਣੇ ਕੰਨੀ , ਭੈਣਾਂ ਭਾਈਆਂ ਦੀਆਂ ਦੁਹਾਈਆਂ
'ਦਰਦੀ' ਬਸ ਹੋਰ ਅਰਥੀ ਨਾ , ਸ਼ਮਸ਼ਾਨ ਲਿਆਓ ਕੋਈ।
ਬਾਬੇ ਨਾਨਕ ਦੀ ਲੋੜ ....................................

## ਵਗਦੇ ਪਾਣੀ

ਡਾ. ਦੀਵਾਨ ਸਿੰਘ ਕਾਲ੍ਹੇਪਾਣੀ

ਪਾਣੀ ਵਗਦੇ ਹੀ ਰਹਿਣ,
ਕਿ ਵਗਦੇ ਸੁੰਹਦੇ ਨੇ,
ਖੜੋਂਦੇ ਬੁੱਸਦੇ ਨੇ,
ਕਿ ਪਾਣੀ ਵਗਦੇ ਹੀ ਰਹਿਣ।
ਜਿੰਦਾਂ ਮਿਲੀਆਂ ਹੀ ਰਹਿਣ,
ਕਿ ਮਿਲੀਆਂ ਜੀਂਦੀਆਂ ਨੇ,
ਵਿਛੜਿਆਂ ਮਰਦੀਆਂ ਨੇ,
ਕਿ ਜਿੰਦਾਂ ਮਿਲੀਆਂ ਹੀ ਰਹਿਣ।
ਰੂਹਾਂ ਉਡਦੀਆਂ ਹੀ ਰਹਿਣ,
ਇਹ ਉੱਡਿਆਂ ਚੜ੍ਹਦੀਆਂ ਨੇ,
ਅਟਕਿਆਂ ਡਿਗਦੀਆਂ ਨੇ,
ਕਿ ਰੂਹਾਂ ਉਡਦੀਆਂ ਹੀ ਰਹਿਣ।
ਤੇ ਮੈਂ ਟੁਰਦਾ ਹੀ ਰਹਾਂ,
ਕਿ ਟੁਰਿਆਂ ਵਧਦਾ ਹਾਂ,
ਖਲੋਇਆਂ ਘਟਨਾ ਹਾਂ,
ਕਿ ਹਾਂ, ਮੈਂ ਟੁਰਦਾ ਹੀ ਰਹਾਂ।

## 'ਜੋ ਜਿੰਦਾਂ ਦਾ ਵੀ ਹੈ'

ਕੁਲਵਿੰਦਰ ਚਾਵਲਾ

ਜਿਉਂ ਸੂਰਜ ਨੂੰ
ਪਿੱਠ ਵਿਖਾਇਆਂ
ਰਾਤ ਨਹੀਂ ਪੈਂਦੀ
ਚੰਦ੍ਰਮਾ ਤੋਂ ਮੂੰਹ ਮੋੜਿਆਂ
ਦਿਨ ਨ੍ਹੀਂ ਨਿਕਲਦਾ
ਜੋ ਜਿੰਦਾਂ ਦਾ ਹੈ
ਉਹ ਰਹਿੰਦਾ ਉਦਾਂ ਦਾ ਈ
ਜਿਸਨੇ ਜਿੱਦਾਂ ਚੱਲਣਾ
ਉਹ ਉਦਾਂ ਹੀ ਚੱਲਦਾ।
ਨਾਮ ਬਦਲਿਆਂ ਵੀ
ਊਸ਼ਾ ਪ੍ਰਭਾਤ ਹੀ ਰਹਿਣੀ
ਆਖੀ ਜਾਉ ਨਿਸ਼ਾ
ਉਹ ਤਾਂ ਵੀ ਰਾਤ ਹੀ ਰਹਿਣੀ
ਜੋ ਜਿੰਦਾਂ ਦਾ ਵੀ ਹੈ
ਰੱਖੋ ਉਦਾਂ ਉਸਨੂੰ
ਬਦਲੋਗੇ ਤਾਂ ਬਦਲਣ 'ਤੇ
ਉਹ ਬਾਤ ਨ੍ਹੀਂ ਰਹਿਣੀ।

## ਸੁਫ਼ਨੇ

ਪ੍ਰੋਫੈਸਰ ਮੋਹਨ ਸਿੰਘ

ਨਾ ਮੈਂ ਵੇਚਾਂ ਕੁੜੀਆਂ ਦੇ ਸੁਫ਼ਨੇ,
ਜਿਨ੍ਹਾਂ ਦੇ ਗਜ਼ ਗਜ਼ ਵਾਲ;
ਨਾ ਮੈਂ ਵੇਚਾਂ ਸਵਰਗਾਂ ਦੇ ਸੁਫ਼ਨੇ,
ਜਿਨ੍ਹਾਂ ਦੀ ਦੁਨੀਆਂ ਨੂੰ ਭਾਲ;
ਨਾ ਮੈਂ ਵੇਚਾਂ ਸੋਨੇ ਦੇ ਸੁਫ਼ਨੇ,
ਨਾ ਮੈਂ ਮੋਤੀਆਂ ਦੇ ਥਾਲ;
ਵੇਚਾਂ ਮੈਂ ਸੋਹਣਿਉਂ ਆਜ਼ਾਦੀ ਦੇ ਸੁਫ਼ਨੇ,
ਹੋਵੇ ਜੇ ਲੈਣ ਦਾ ਖ਼ਿਆਲ ।

ਹੋਰ ਤਾਂ ਸੁਫ਼ਨੇ ਸੁੱਤਿਆਂ ਆਉਂਦੇ,
ਆਉਂਦੇ ਇਹ ਜਾਗਣ ਨਾਲ;
ਪਹਿਲੋਂ ਤਾਂ ਆਉਂਦੇ ਸੰਙਦੇ ਸੰਙਦੇ,
ਪਿੱਛੋਂ ਮਚਾਂਦੇ ਭੁਚਾਲ;
ਇਕ ਵੇਰੀ ਆਉਂਦੇ ਇਹ ਮੁੜ ਕੇ ਨਾ ਜਾਉਂਦੇ,
ਐਸੀ ਇਨ੍ਹਾਂ ਦੀ ਚਾਲ,
ਵੇਚਾਂ ਮੈਂ ਹੀਰਿਉ ਆਜ਼ਾਦੀ ਦੇ ਸੁਫ਼ਨੇ,
ਹੋਵੇ ਜੇ ਲੈਣ ਦਾ ਖ਼ਿਆਲ ।

ਮੁੱਲ ਇਨ੍ਹਾਂ ਦਾ, ਇਨ੍ਹਾਂ ਨੂੰ ਰੱਖਣਾ
ਲਾ ਕੇ ਕਲੇਜੇ ਦੇ ਨਾਲ;
ਤੁਰਨਾ ਹੀ ਤੁਰਨਾ, ਤੁਰਨਾ ਹੀ ਤੁਰਨਾ
ਰਾਤ, ਉਸ਼ੇਰ, ਤਿਕਾਲ;
ਅਕਣਾ ਨਾ ਥਕਣਾ, ਅਕਾਸ਼ਾਂ ਵਲ ਤੱਕਣਾ,
ਅੱਖ ਨਾ ਲਾਣੀ ਰਵਾਲ;
ਵੇਚਾਂ ਮੈਂ ਸੋਹਣਿਉਂ ਆਜ਼ਾਦੀ ਦੇ ਸੁਫ਼ਨੇ,
ਹੋਵੇ ਜੇ ਲੈਣ ਦਾ ਖ਼ਿਆਲ ।

## ਵੇ ਮੈਂ ਤਿੜਕੇ ਘੜੇ ਦਾ ਪਾਣੀ

ਅੰਮ੍ਰਿਤਾ ਪ੍ਰੀਤਮ

ਵੇ ਮੈਂ ਤਿੜਕੇ ਘੜੇ ਦਾ ਪਾਣੀ
ਕੱਲ ਤੱਕ ਨਹੀਂ ਰਹਿਣਾ

ਏਸ ਪਾਣੀ ਦੇ ਕੰਨ ਤਿਰਹਾਏ
ਤ੍ਰੇਹ ਦੇ ਹੋਠਾਂ ਵਾਂਗੂ
ਓਹ ਮੇਰੇ ਠੰਡੇ ਘੁੱਟ ਦਿਆ ਮਿੱਤਰਾ !
ਕਹਿ ਦੇ ਜੋ ਕੁਝ ਕਹਿਣਾ

ਅੱਜ ਦਾ ਪਾਣੀ ਕੀਕਣ ਲਾਹਵੇ
ਕੱਲ ਦੀ ਤ੍ਰੇਹ ਦਾ ਕਰਜਾ
ਨਾ ਪਾਣੀ ਨੇ ਕੰਨੀ ਬੱਝਣਾ
ਨਾ ਪੱਲੇ ਵਿੱਚ ਰਹਿਣਾ

ਵੇਖ, ਕਿ ਤੇਰੀ ਤ੍ਰੇਹ ਵਰਗੀ
ਏਸ ਪਾਣੀ ਦੀ ਮਜਬੂਰੀ
ਨਾ ਏਸ ਤੇਰੀ ਤ੍ਰੇਹ, ਸੰਗ ਤੁਰਨਾ
ਨਾ ਏਸ ਏਥੇ ਬਹਿਣਾ

ਅੱਜ ਦੇ ਪਿੰਡੇ ਪਾਣੀ ਲਿਸ਼ਕੇ
ਤ੍ਰੇਹ ਦੇ ਮੋਤੀ ਵਰਗਾ
ਪਰ ਅੱਜ ਦੇ ਪਿੰਡੇ ਨਾਲੋਂ ਕੱਲ ਨੇ
ਚਿੱਪਰ ਵਾਂਗੂ ਲਹਿਣਾ

ਵੇ ਮੈਂ ਤਿੜਕੇ ਘੜੇ ਦਾ ਪਾਣੀ
ਕੱਲ ਤੱਕ ਨਹੀ ਰਹਿਣਾ

# ਪੰਜਾਬ ਦੇ ਅਸਲ ਨਾਇਕਾਂ ਉੱਪਰ ਬਣੀਆਂ ਫ਼ਿਲਮਾਂ

ਲਖਵਿੰਦਰ ਸੰਧੂ

## ਪੰਜਾਬ ਦੇ ਅਸਲ ਨਾਇਕ ਅਤੇ ਉਹਨਾਂ ’ਤੇ ਬਣੀਆਂ ਫ਼ਿਲਮਾਂ

ਭਾਰਤ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਪੰਜਾਬ ਸੂਬੇ ਦੇ ਲੋਕ ਨਾਇਕਾਂ ਨੇ ਹੀ ਦਿੱਤੀਆਂ । ਇਨ੍ਹਾਂ ਨਾਇਕਾਂ ਦੇ ਜੀਵਨ ਨੂੰ ਸਿਨੇਮਾ ਉਤੇ ਦੇਖਣ ਦਾ ਅਨੁਭਵ ਸੱਚੀ ਅਨੌਖਾ ਸੀ । 1999 ਵਿੱਚ ਆਈ ਰਾਜ ਬੱਬਰ ਦੀ ਫਿਲਮ ਸ਼ਹੀਦ ਊਧਮ ਸਿੰਘ ਚਿੱਤਰਾਰਥ ਵੱਲੋਂ ਨਿਰਦੇਸ਼ਤ ਕੀਤੀ ਗਈ ਸੀ। ਇਸ ਵਿੱਚ ਗੁਰਦਾਸ ਮਾਨ, ਅਮਰੀਸ਼ ਪੁਰੀ, ਸ਼ਤਰੂਘਨ ਸਿਨਹਾ ਤੇ ਹੋਰ ਕਈ ਸਟਾਰਾਂ ਨੇ ਕੰਮ ਕੀਤਾ । ਫਿਲਮ ਵਿੱਚ 1919 ਦੇ ਅੰਮ੍ਰਿਤਸਰ ਦੇ ਕਤਲੇਆਮ ਦਾ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਦੇ ਜੀਵਨ ਦੇ ਸੰਘਰਸ਼ ਨੂੰ ਪੇਸ਼ ਕੀਤਾ ਗਿਆ। ਇਸ ਤਰ੍ਹਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਉਤੇ ਬਣੀ ਫਿਲਮ ਸਰਾਭਾ : ਕਰਾਈ ਫਾਰ ਫਰੀਡਮ ਦਾ ਨਿਰਦੇਸ਼ਨ ਕਵੀ ਰਾਜ਼ ਨੇ ਕੀਤਾ । ਇਸ ਵਿੱਚ ਕਵੀ ਰਾਜ਼,ਅੰਕੁਰ ਰਾਤੀ, ਪੁਨੀਤ ਆਦਿ ਸਟਾਰਾਂ ਨੇ ਕੰਮ ਕੀਤਾ। ਗ਼ਦਰ ਲਹਿਰ ਤੇ ਆਜ਼ਾਦੀ ਘੁਲਾਟੀਏ ਕਰਤਾਰ ਸਿੰਘ ਸਰਾਭਾ ਦੇ ਜੀਵਨ ਦੇ ਆਲੇ-ਦੁਆਲੇ ਘੁੰਮਦੀ ਇਹ ਪੀਰੀਅਡ ਡਰਾਮਾ ਫਿਲਮ ਗਦਰ ਲਹਿਰ ਦੇ ਇਤਿਹਾਸ ਦੇ ਪੰਨਿਆਂ ਨੂੰ ਖੋਲ੍ਹਦੀ ਹੈ। ਓਮੀ ਬੇਦੀ ਦੀ ਫਿਲਮ ਅਮਰ ਸ਼ਹੀਦ ਭਗਤ ਸਿੰਘ ਵੀ ਇਸ ਸ਼੍ਰੇਣੀ ਵਿੱਚ ਆਉਂਦੀ ਹੈ। ਜਿਸ ਵਿੱਚ ਰਜਨੀ ਬਾਲਾ, ਸੋਮ ਦੱਤ, ਦਾਰਾ ਸਿੰਘ ਰੰਧਾਵਾ ਵਰਗੇ ਸਟਾਰ ਸਨ। ਇਸ ਵਿਚ ਸ਼ਹੀਦ ਭਗਤ ਸਿੰਘ ਜੀਵਨ, ਆਜ਼ਾਦੀ ਦੇ ਸੰਘਰਸ਼ ਤੇ ਸ਼ਹਾਦਤ ਨੂੰ ਪੇਸ਼ ਕੀਤਾ ਗਿਆ। ਇਨ੍ਹਾਂ ਫਿਲਮਾਂ ਤੋਂ ਇਲਾਵਾ ਲਾਲਾ ਲਾਜਪਾਤ ਰਾਏ, ਮਦਨ ਲਾਲ ਢੀਂਗਰਾ ਤੇ ਗਦਰੀ ਬਾਬਿਆਂ ਦੇ ਜੀਵਨ ਉਤੇ ਕਈ ਲਘੂ ਫਿਲਮਾਂ ਦਾ ਨਿਰਮਾਣ ਵੀ ਹੋਇਆ।

### ਪੰਜਾਬ ਦੇ ਆਖ਼ਰੀ ਮਹਾਰਾਜੇ ਦੀ ਕਹਾਣੀ ‘ਦ ਬਲੈਕ ਪ੍ਰਿੰਸ’




ਨਿਰਦੇਸ਼ਕ ਕਵੀ ਰਾਜ਼ ਦੀ ਫਿਲਮ ‘ਦ ਬਲੈਕ ਪ੍ਰਿੰਸ’ ਰਾਹੀ ਸਤਿੰਦਰ ਸਰਤਾਜ ਨੇ ਅਦਾਕਾਰੀ ਦੀ ਸ਼ੁਰੂਆਤ ਕੀਤੀ ਸੀ। ਇਹ ਸਿੱਖ ਸਾਮਰਾਜ ਤੇ ਪੰਜਾਬ ਖੇਤਰ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੀ ਕਹਾਣੀ ਹੈ । ਕਹਾਣੀ ਨੌਜਵਾਨ ਰਾਜਕੁਮਾਰ ਦੀ ਹੈ , ਜਿਸ ਨੂੰ ਬ੍ਰਿਟਿਸ਼ ਸਰਕਾਰ ਸਾਜ਼ਿਸ਼ ਤਹਿਤ ਜਨਮ ਭੂਮੀ ਤੋਂ ਕਾਫੀ ਦੂਰ ਲੈ ਗਈ ਤੇ ਉਹ ਆਪਣੀ ਗੱਦੀ ਨੂੰ ਮੁੜ ਹਾਸਲ ਕਰਨ ਲਈ ਦੋ ਸਭਿਆਚਾਰਾਂ ਨਾਲ ਆਪਣੇ ਆਪ ਨੂੰ ਮੇਲ ਕੇ ਚੱਲਣ ਦੀ ਕੋਸ਼ਿਸ਼ ਕਰਦਾ ਹੈ। ‘ਦ ਬਲੈਕ ਪ੍ਰਿੰਸ’ ਮਹਾਰਾਣੀ ਵਿਕਟੋਰੀਆ ਤੇ ਪੰਜਾਬ ਦੇ ਆਖ਼ਰੀ ਰਾਜੇ ਮਹਾਰਾਜਾ ਦਲੀਪ ਸਿੰਘ ਦੀ ਕਹਾਣੀ ਹੈ। ਮਹਾਰਾਣੀ ਅੰਗਰੇਜ਼ੀ ਸਭਿਆਚਾਰ ਤੇ ਮਹਾਰਾਜਾ ਦਲੀਪ ਸਿੰਘ ਪੰਜਾਬੀ ਸੱਭਿਆਚਾਰ ਦੀ ਨੁਮਾਇੰਦਗੀ ਕਰਦਾ ਹੈ । ਬਲੈਕ ਪ੍ਰਿੰਸ ਨੇ ਆਪਣਾ ਰਾਜ ਹਾਸਲ ਕਰਨ ਲਈ ਜੋ ਸੰਘਰਸ਼ ਕੀਤਾ, ਉਹ ਉਸ ਨੂੰ ਅਸਾਧਾਰਨ ਯਾਤਰਾ ’ਤੇ ਲੈ ਗਿਆ।

### ਖਿਡਾਰੀ ਨਾਇਕ

ਜਗਦੀਪ ਸਿੱਧੂ ਦੀ ਲਿਖੀ ਤੇ ਵਿਜੇ ਕੁਮਾਰ ਅਰੋੜਾ ਦੀ ਨਿਰਦੇਸ਼ਤ ਕੀਤੀ ਫਿਲਮ ਹਰਜੀਤਾ ਪੰਜਾਬੀ ਨੌਜਵਾਨਾਂ ਵਿੱਚ ਖੇਡਾਂ ਦੇ ਪ੍ਰਤੀ ਪਿਆਰ ਨੂੰ ਬਹੁਤ ਸੁੰਦਰ ਢੰਗ ਨਾਲ ਪੇਸ਼ ਕਰਦੀ ਹੈ। ਇਸ ਵਿੱਚ ਐਮੀ ਵਿਰਕ, ਸਾਵਨ ਰੂਪੋਵਾਲੀ, ਸਮੀਪ ਰਣੌਤ ਅਤੇ ਪੰਕਜ ਤ੍ਰਿਪਾਠੀ ਨੇ ਅਦਾਕਾਰੀ ਕੀਤੀ । ਫਿਲਮ ਹਾਕੀ ਖਿਡਾਰੀ ਹਰਜੀਤ ਸਿੰਘ ਦੇ ਜੀਵਨ ਉਤੇ ਆਧਾਰਿਤ ਹੈ। ਜੋ ਕਿ ਗਰੀਬ ਪਰਿਵਾਰ ਤੋਂ ਉਬਠ ਕੇ ਜੂਨੀਅਰ ਵਿਸ਼ਵ ਕੱਪ ਵਿੱਚ ਭਾਰਤੀ ਟੀਮ ਦੀ ਕਪਤਾਨੀ ਕਰਦਾ ਹੈ। ਇਸ ਫਿਲਮ ਵਿੱਚ ਬਾਲ ਕਲਾਕਾਰ ਵਜੋਂ ਸਮੀਪ ਰਣੌਤ ਨੇ ਸ਼ਾਨਦਾਰ ਅਦਾਕਾਰੀ ਕੀਤੀ, ਜਿਸ ਨੂੰ ਸਰਵੋਤਮ ਬਾਲ ਅਦਾਕਾਰ ਦੇ ਰਾਸ਼ਟਰੀ ਫਿਲਮ ਐਵਾਰਡ ਨਾਲ ਨਿਵਾਜ਼ਿਆ




ਗਿਆ। ਫਿਲਮ ਨੂੰ ਸਰਵੋਤਮ ਪੰਜਾਬੀ ਫਿਲਮ ਦਾ ਐਵਾਰਡ ਵੀ ਮਿਲਿਆ। ਇਕ ਖਿਡਾਰੀ ਦੇ ਸੁਪਨੇ ਨੂੰ ਪੂਰਾ ਕਰਨ ਦੀ ਕਹਾਣੀ ਹਰਜੀਤਾ ਦਰਸ਼ਕਾਂ ਨੂੰ ਨਾਲ ਲੈ ਕੇ ਚੱਲਦੀ ਹੈ। ਫਿਲਮ ਲਈ ਐਮੀ ਵਿਰਕ ਨੇ ਕਾਫੀ ਮਿਹਨਤ ਕੀਤੀ। ਸੁਯਸ਼ ਤ੍ਰਿਵੇਦੀ ਦੀ ਲਿਖੀ ਤੇ ਸ਼ਾਦ ਅਲੀ ਦੀ ਨਿਰਦੇਸ਼ਿਤ ਕੀਤੀ ਫਿਲਮ ਸੂਰਮਾ ਵੀ ਹਾਕੀ ਖਿਡਾਰੀ ਸੰਦੀਪ ਸਿੰਘ ਦੇ ਜੀਵਨ ’ਤੇ ਆਧਾਰਿਤ ਹੈ। ਫਿਲਮ ਵਿੱਚ ਮੁੱਖ ਭੂਮਿਕਾਵਾਂ ਵਿੱਚ ਦਿਲਜੀਤ ਦੋਸਾਂਝ, ਅੰਗਦ ਬੇਦੀ ਅਤੇ ਤਾਪਸੀ ਪੰਨੂ ਮੁੱਖ ਭੂਮਿਕਾ ਵਿਚ ਹਨ। ਇਹ ਭਾਰਤੀ ਹਾਕੀ ਵਿੱਚ ਫਲਿੱਕਰ ਸਿੰਘ ਵਜੋਂ ਮਸ਼ਹੂਰ ਸੰਦੀਪ ਸਿੰਘ ਦੀ ਕਹਾਣੀ ਹੈ। ਇਸ ਵਿਚ ਸੰਦੀਪ ਸਿੰਘ ਦੀ ਨਿਮਾਣੀ ਸ਼ੁਰੂਆਤ ਤੋਂ ਲੈ ਕੇ ਹਰਿਆਣਾ ਦੇ ਖੇਡ ਮੰਤਰੀ ਦਾ ਅਹੁਦਾ ਸੰਭਾਲਣ ਤੱਕ ਦੇ ਸਫ਼ਰ ਨੂੰ ਪੇਸ਼ ਕੀਤਾ ਗਿਆ ਹੈ। ਅਸਲ ਵਿੱਚ ਸੂਰਮਾ ਇਕ ਅਜਿਹੇ ਖਿਡਾਰੀ ਦੀ ਕਹਾਣੀ ਹੈ ਜੋ ਪੂਰੇ ਦ੍ਰਿੜ ਇਰਾਦੇ, ਸਖ਼ਤ ਮਿਹਨਤ ਤੇ ਖੇਡ ਦੇ ਅਣਥੱਕ ਜਨੂੰਨ ਨਾਲ ਮੌਤ ਨੂੰ ਨੇੜੇ ਤੋਂ ਅਨੁਭਵ ਕਰ ਕੇ ਮੈਦਾਨ ਵਿੱਚ ਚਮਤਕਾਰੀ ਵਾਪਸੀ ਕਰਦਾ ਹੈ।

### ਮਨੁੱਖਤਾ ਦੇ ਨਾਇਕ ਭਗਤ ਪੂਰਨ ਸਿੰਘ

ਹਰਜੀਤ ਸਿੰਘ ਵੱਲੋਂ ਨਿਰਦੇਸ਼ਤ ਤੇ ਤੇਜਿੰਦਰ ਦੀ ਲ਼ਿਖੀ ਏਹ ਜਨਮ ਤੁਮ੍ਹਾਰੇ ਲੇਖੇ ਫਿਲਮ ਪੰਜਾਬੀ ਸਿਨੇਮਾ ਦੀ ਇਕ ਸ਼ਾਨਦਾਰ ਪੇਸ਼ਕਾਰੀ ਹੈ। ਇਸ ਵਿਚ ਭਗਤ ਪੂਰਨ ਸਿੰਘ ਜੀ ਦੇ ਜੀਵਨ ਨੂੰ ਦਰਸ਼ਕਾਂ ਦੇ ਅੱਗੇ ਪੇਸ਼ ਕੀਤਾ ਗਿਆ। ਇਹ ਫਿਲਮ ਭਗਤ ਪੂਰਨ ਸਿੰਘ ਦੀ ਯਾਤਰਾ ਹੈ। ਜਿਨ੍ਹਾਂ ਨੇ ਅਜਿਹਾ ਸਫ਼ਰ ਤਹਿ ਕੀਤਾ ਜੋ ਇਨਸਾਨੀ ਨੂੰ ਇਕ ਨਵੀਂ ਸੇਧ ਦੇ ਗਿਆ। ਨੈਤਿਕ ਕਦਰਾਂ-ਕੀਮਤਾਂ ਜੋ ਉਨ੍ਹਾਂ ਨੇ ਆਪਣੀ ਮਾਂ ਤੋਂ ਪ੍ਰਾਪਤ ਕੀਤੀਆਂ ਤੇ ਹਿੰਮਤ, ਦ੍ਰਿਸ਼ਟੀ ਤੇ ਦ੍ਰਿੜਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ। ਉਨ੍ਹਾਂ ਦੇ ਦਿਲ ਵਿੱਚ ਸੇਵਾ ਦੀ ਜੋ ਊਰਜਾ ਸੀ, ਉਸ ਨੇ ਕਈ ਬੇਸਹਾਰਾ ਨੂੰ ਘਰ ਦੇ ਨਾਲ-ਨਾਲ ਸਮਾਜ ਵਿੱਚ ਖੜ੍ਹੇ ਹੋਣ ਦਾ ਬਲ ਬਖ਼ਸ਼ਿਆ । ਉਨ੍ਹਾਂ ਨੇ ਕਈ ਸਾਲਾਂ ਤੱਕ ਕਈ ਬੇਸਹਾਰਾ ਨੂੰ ਆਪਣੇ ਬੱਚਿਆਂ ਵਾਂਗ ਪਾਲਿਆ ਤੇ ਇਸ ਦੌਰਾਨ ਉਨ੍ਹਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪਿਆ। ਇਹ ਇੱਕ ਮਨੁੱਖ ਦੀ ਪ੍ਰੇਰਨਾਦਾਇਕ ਯਾਤਰਾ ਹੈ ਜੋ ਮਨੁੱਖਤਾ ਦੀ ਸੇਵਾ ਤੇ ਵਾਤਾਵਰਨ ਦੀ ਸੰਭਾਲ ਲਈ ਜੀਵਨ ਭਰ ਸੰਘਰਸ਼ ਕਰਦਾ ਰਿਹਾ। ਫਿਲਮ ਵਿੱਚ ਪਵਨ ਮਲਹੋਤਰਾ ਨੇ ਭਗਤ ਜੀ ਦਾ ਕਿਰਦਾਰ ਬਹੁਤ ਹੀ ਖੂਬਸੂਰਤੀ ਨਾਲ ਨਿਭਾਇਆ ਹੈ। ਫਿਲਮ ਵਿੱਚ ਅਰਜੁਨ ਭੱਲਾ, ਸੁਧਾਂਸ਼ੂ ਅਗਰਵਾਲ, ਅਰਵਿੰਦਰ ਭੱਟੀ, ਅਵਰਿੰਦਰ ਕੌਰ ਆਦਿ ਨੇ ਅਦਾਕਾਰੀ ਕੀਤੀ।

### ਫੌਜੀ ਨਾਇਕ

ਗੁਰਪ੍ਰੀਤ ਸਿੰਘ ਪਲਹੇੜੀ ਦੀ ਲਿਖੀ ਤੇ ਪੰਕਜ ਬੱਤਰਾ ਦੀ ਡਾਇਰਕੈਟਰ ਕੀਤੀ ਫਿਲਮ ਸੱਜਣ ਸਿੰਘ ਰੰਗਰੂਟ ਪਹਿਲੇ ਵਿਸ਼ਵ ਯੁੱਧ ਦੌਰਾਨ ਲੜ ਰਹੇ ਬ੍ਰਿਟਿਸ਼ ਭਾਰਤੀ ਫੌਜ ਦੇ ਸਿੱਖ ਸਿਪਾਹੀਆਂ ਦੇ ਤਜ਼ਰਬਿਆਂ ਦੀ ਸੱਚੀ ਕਹਾਣੀ ’ਤੇ ਆਧਾਰਿਤ ਹੈ। ਫਿਲਮ ਸੱਜਣ ਸਿੰਘ ਰੰਗਰੂਟ ਦੇ ਆਲੇ-ਦੁਆਲੇ ਘੁੰਮਦੀ ਹੈ,ਜੋ ਅੰਦਰ ਦੇਸ਼ ਭਗਤੀ ਦੇ ਜਜ਼ਬਾ ਹੈ ਪਰ ਕਿਸੇ ਕਾਰਨ ਉਸ ਨੂੰ ਪਹਿਲੇ ਵਿਸ਼ਵ ਯੁੱਧ ਵਿੱਚ ਬ੍ਰਿਟਿਸ਼ ਸਰਕਾਰ ਵੱਲੋਂ ਲੜਨ ਲਈ ਭੇਜਿਆ ਜਾਂਦਾ ਹੈ। ਫਿਲਮ ਵਿੱਚ ਸਿੱਖ ਰੈਜੀਮੈਂਟ ਨਾਲ ਵਿਦੇਸ਼ ਵਿੱਚ ਹੋਣ ਵਾਲੇ ਭੈੜੇ ਸਲੂਕ ਨੂੰ ਦਿਖਾਇਆ ਗਿਆ ਹੈ ਕਿ ਕਿਵੇ ਗੁਲਾਮੀ ਦੀਆਂ ਜੰਜੀਰਾਂ ਹਰ ਸਮੇਂ ਭਾਰਤੀਆਂ ਦੇ ਪੈਰਾਂ ਵਿੱਚ ਸਨ। ਪਹਿਲੇ ਵਿਸ਼ਵ ਯੁੱਧ ਵਿੱਚ ਸਿੱਖ ਰੈਜੀਮੈਂਟ ਨੇ ਜੋ ਬਹਾਦਰੀ ਦਿਖਾਈ ਉਸ ਦੀ ਯਾਦ ਭਾਰਤ ਦੇ ਹੀ ਨਹੀਂ ਸਗੋਂ ਵਿਸ਼ਵ ਦੇ ਲੋਕਾਂ ਦੇ ਦਿਲਾਂ ਵਿਚ ਹਮੇਸ਼ਾ ਰਹੇਗੀ। ਇਸ ਫਿਲਮ ਵਿਚ ਦਲਜੀਤ ਦੌਸਾਂਝ, ਸੁਨੰਦਾ ਸ਼ਰਮਾ, ਜਗਜੀਤ ਸੰਧੂ ਤੇ ਯੋਗਰਾਜ ਸਿੰਘ ਨੇ ਅਦਾਕਾਰੀ ਕੀਤੀ।

ਸਿਮਰਜੀਤ ਸਿੰਘ ਦੀ ਫਿਲਮ ਸੂਬੇਦਾਰ ਜੋਗਿੰਦਰ ਸਿੰਘ ਵੀ ਇਸ ਸ਼੍ਰੇਣੀ ਵਿੱਚ ਹੀ ਆਉਂਦੀ ਹੈ। ਜਿਸ ਵਿੱਚ ਭਾਰਤੀ ਸਿਪਾਹੀ ਜੋਗਿੰਦਰ ਸਿੰਘ ਦੇ ਜੀਵਨ ਨੂੰ ਵਿਸ਼ਾ ਬਣਾਇਆ ਗਿਆ। ਜੋ 1962 ਦੀ ਚੀਨ-ਭਾਰਤ ਜੰਗ ਵਿੱਚ ਸ਼ਹੀਦ ਹੋਇਆ ਸੀ ਤੇ ਉਨ੍ਹਾਂ ਦੀ ਸ਼ਹਾਦਤ ਉਪਰੰਤ ਸਰਕਾਰ ਵੱਲੋਂ ਪਰਮਵੀਰ ਚੱਕਰ ਨਾਲ ਸਨਮਾਨਿਤ ਵੀ ਕੀਤਾ ਗਿਆ ਸੀ। ਇਸ ਫਿਲਮ ਵਿੱਚ ਕਈ ਲੰਮੀ ਸਟਾਰਕਾਸਟ ਸੀ। ਜਿਵੇਂ ਗਿੱਪੀ ਗਰੇਵਾਲ,ਅਦਿਤੀ ਸ਼ਰਮਾ,ਗੁੱਗੂ ਗਿੱਲ, ਕੁਲਵਿੰਦਰ ਬਿੱਲਾ, ਕਰਮਜੀਤ ਅਨਮੋਲ,ਲਵਲੀਨ ਕੌਰ, ਰਾਜਵੀਰ ਜਵੰਦਾ,ਸਰਦਾਰ ਸੋਹੀ ਨੇ ਅਦਾਕਾਰੀ ਕੀਤੀ ।

ਅਕਸ਼ੈ ਕੁਮਾਰ ਤੇ ਪਰਣੀਤੀ ਚੋਪੜਾ ਦੀ ਫਿਲਮ ਕੇਸਰੀ ਦਾ ਨਿਰਦੇਸ਼ਕ ਅਨੁਰਾਗ ਸਿੰਘ ਨੇ ਕੀਤਾ। ਫਿਲਮ ਵਿੱਚ ਸਾਰਾਗੜ੍ਹੀ ਦੀ ਲੜਾਈ ਦੀ ਇੱਕ ਅਦੁੱਤੀ ਸੱਚੀ ਕਹਾਣੀ ’ਤੇ ਆਧਾਰਿਤ ਹੈ। ਜਿਸ ਵਿੱਚ 21 ਸਿੱਖਾਂ ਦੀ ਫੌਜ ਨੇ 1897 ਵਿੱਚ 10,000 ਅਫਗਾਨਾਂ ਲਈ ਲੜਾਈ ਕੀਤੀ ਸੀ। ਅਫਗਾਨਾਂ ਦੇ ਸਾਰਾਗੜ੍ਹੀ ਦੀ ਚੌਕੀ ਦੀ ਪੋਸਟ ’ਤੇ ਕਬਜ਼ਾ ਕਰਨ ਲਈ ਹਮਲਾ ਕਰ ਦਿੱਤਾ ਸੀ । ਹੌਲਦਾਰ ਈਸ਼ਰ ਸਿੰਘ ਦੀ ਅਗਵਾਈ ਵਿੱਚ 21 ਸਿਪਾਹੀਆਂ ਨੇ ਆਤਮ ਸਮਰਪਣ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਸ਼ਹਾਦਤ ਆਉਣ ਤਕ ਦੁਸ਼ਮਣਾਂ ਨਾਲ ਲੜਦੇ ਰਹੇ। ਇਨ੍ਹਾਂ 21 ਸਿਪਾਹੀਆਂ ਨੂੰ ਸ਼ਹੀਦੀ ਉਪਰੰਤ ਇੰਡੀਅਨ ਆਰਡਰ ਆਫ਼ ਮੈਰਿਟ ਨਾਲ ਸਨਮਾਨਿਤ ਕੀਤਾ ਗਿਆ ਸੀ, ਜੋ ਕਿ ਉਸ ਸਮੇਂ ਇੱਕ ਭਾਰਤੀ ਸਿਪਾਹੀ ਨੂੰ ਪ੍ਰਾਪਤ ਹੋਣ ਵਾਲਾ ਸਭ ਤੋਂ ਉਬਚਾ ਬਹਾਦਰੀ ਪੁਰਸਕਾਰ ਸੀ।

### ਅਮਰ ਪ੍ਰੇਮ ਕਹਾਣੀਆਂ ਨੇ ਜਿੱਤਿਆ ਦਿਲ




ਪੰਜਾਬ ਵਿਚ ਕਈ ਪ੍ਰੇਮ ਕਹਾਣੀਆਂ ਲੋਕਾਂ ਦੇ ਦਿਲ ਵਿੱਚ ਅੱਜ ਵੀ ਜ਼ਿੰਦਾ ਹੈ ਜਿਨ੍ਹਾਂ ਵਿਚੋਂ ਹੀਰ-ਰਾਂਝਾ, ਸੱਸੀ ਪੰਨੂ, ਮਿਰਜ਼ਾ-ਸਾਹਿਬਾ,ਯੂਸਫ ਜੁਲੇਖਾ, ਸੋਹਣੀ-ਮਾਹੀਵਾਲ ਆਦਿ ਵਰਣਨਯੋਗ ਹੈ। ਇਨ੍ਹਾਂ ਦੀਆਂ ਪ੍ਰੇਮ ਕਹਾਣੀਆਂ ਨੂੰ ਸਿਨੇਮਾ ਉਤੇ ਦਰਸ਼ਕਾਂ ਦਾ ਬਹੁਤ ਪਿਆਰ ਮਿਲਿਆ । 1932 ਵਿੱਚ ਪੰਜਾਬੀ ਫਿਲਮ ਹੀਰ-ਰਾਂਝਾ ਦਾ ਨਿਰਦੇਸ਼ਨ ਏ.ਆਰ. ਕਰਦਾਰ ਨੇ ਕੀਤਾ। ਜਿਸ ਵਿੱਚ ਅਨਵਰੀ ਬੇਗਮ ਅਤੇ ਰਫੀਕ ਗਜ਼ਨਵੀ ਨੇ ਅਦਾਕਾਰੀ ਕੀਤੀ। ਇਸ ਤੋਂ ਇਲਾਵਾ 1970 ਵਿੱਚ ਵੀ ਪਾਕਿਸਤਾਨੀ ਪੰਜਾਬੀ ਫਿਲਮ ਹੀਰ ਰਾਂਝਾ ਬਣੀ। ਫਿਰ ਇਸੇ ਪ੍ਰੇਮ ਕਹਾਣੀ ਨੂੰ ਵਿਸ਼ਾ ਬਣਾ ਕੇ ਹਰਜੀਤ ਸਿੰਘ ਦੇ ਨਿਰਦੇਸ਼ਨ ਵਿੱਚ ਹਰਭਜਨ ਮਾਨ ਤੇ ਨੀਰੂ ਬਾਜਵਾ ਦੀ ਅਦਾਕਾਰੀ ਵਾਲੀ ਫਿਲਮ ਹੀਰ-ਰਾਂਝਾ 2009 ਵਿੱਚ




ਆਈ । 1983 ਵਿੱਚ ਸਤੀਸ਼ ਭਾਖੜੀ ਦੇ ਨਿਰਦੇਸ਼ਨ ਵਿੱਚ ਬਣੀ ਫਿਲਮ ਸੱਸੀ ਪੰਨੂੰ ਆਈ। ਜਿਸ ਵਿੱਚ ਸਤੀਸ਼ ਕੌਲ ਤੇ ਭਾਵਨਾ ਭੱਟ ਨੇ ਕੰਮ ਕੀਤਾ। ਇਸ ਫਿਲਮ ਦੇ ਸੰਗੀਤ ਨੇ ਲੋਕਾਂ ਉਤੇ ਡੂੰਘੀ ਛਾਪ ਛੱਡੀ । 1992 ਵਿੱਚ ਆਈ ਫਿਲਮ ਮਿਰਜ਼ਾ ਜੱਟ ਵਿੱਚ ਮਿਰਜ਼ਾ ਸਾਹਿਬਾ ਦੀ ਪ੍ਰੇਮ ਕਹਾਣੀ ਨੂੰ ਵਿਸ਼ਾ ਬਣਾਇਆ ਗਿਆ। ਇਸ ਫਿਲਮ ਦੇ ਡਾਇਰੈਕਟਰ ਰਵਿੰਦਰ ਰਵੀ ਸਨ ਤੇ ਗੁੱਗੂ ਗਿੱਲ ਤੇ ਮਨਜੀਤ ਕੁਲਾਰ ਨੇ ਅਦਾਕਾਰੀ ਕੀਤੀ। ਇਸ ਤੋਂ ਇਲਾਵਾ ਕੰਵਲ ਦੇ ਨਿਰਦੇਸ਼ਨ ਵਿਚ ਬਣੀ ਫਿਲਮ ਸੋਹਣੀ ਮਾਹੀਵਾਲ ਵਿੱਚ ਦਲਜੀਤ ਕੌਰ, ਅਰੁਣ ਚੋਪੜਾ ਤੇ ਮੇਹਰ ਮਿੱਤਲ ਨੇ ਕੰਮ ਕੀਤਾ।

ਮਨੋਜ ਪੁੰਜ ਨੇ ਪੇਸ਼ ਕੀਤੀ ਵਾਰਿਸ ਸ਼ਾਹ ਦੀ ਹੀਰ

2006 ਵਿੱਚ ਨਿਰਦੇਸ਼ਕ ਮਨੋਜ ਪੁੰਜ ਦੀ ਫਿਲਮ ਵਾਰਿਸ ਸ਼ਾਹ : ਇਸ਼ਕ ਦਾ ਵਾਰਿਸ ਨੇ ਮਹਾਨ ਕਿੱਸਾਕਾਰ ਵਾਰਿਸ ਸ਼ਾਹ ਦੇ ਜੀਵਨ ਨੂੰ ਦਰਸ਼ਕਾਂ ਅੱਗੇ ਪੇਸ਼ ਕੀਤਾ। ਇਹ ਫਿਲਮ ਵਾਰਿਸ ਸ਼ਾਹ ਦੇ ਆਲੇ-ਦੁਆਲੇ ਘੁੰਮਦੀ ਹੈ ਜੋ ਆਪਣੇ ਗੁਰੂ ਸ਼ਾਹ ਮਖਦੂਮ ਦੇ ਪ੍ਰਭਾਵ ਹੇਠਾਂ ਆ ਕੇ ਹੀਰ-ਰਾਂਝਾ ਦਾ ਕਿੱਸਾ ਲਿਖਣਾ ਸ਼ੁਰੂ ਕਰਦਾ ਹੈ। ਇਸ ਦੌਰਾਨ ਮੁਗਲ ਬਾਦਸ਼ਾਹ ਔਰੰਗਜੇਬ ਵੱਲੋਂ ਲਗਾਈ ਗਈ ਸੰਗੀਤ ਉਤੇ ਪਾਬੰਦੀ ਉਸ ਦੇ ਰਾਹ ਵਿੱਚ ਰੁਕਾਵਟਾਂ ਪੈਦਾ ਕਰਦੀ ਹੈ। ਵਾਰਿਸ ਸ਼ਾਹ ਆਪਣੇ ਉਤੇ ਇਸ਼ਕ ਦੀ ਲੋਅ ਹੰਢਾ ਕੇ ਇਕ ਅਜਿਹੇ ਕਿੱਸੇ ਦਾ ਨਿਰਮਾਣ ਕਰਦਾ ਹੈ ਜੋ ਪੰਜਾਬੀ ਸਾਹਿਤ ਵਿੱਚ ਇਕ ਨਵਾਂ ਬੋਹੜ ਲਗਾਉਂਦਾ ਹੈ। ਇਸ ਫਿਲਮ ਵਿੱਚ ਗੁਰਦਾਸ ਮਾਨ, ਜੂਹੀ ਚਾਵਲਾ ਅਤੇ ਦਿਵਿਆ ਦੱਤਾ ਨੇ ਸ਼ਾਨਦਾਰ ਅਦਾਕਾਰੀ ਕੀਤੀ। ਇਸ ਫਿਲਮ ਦੀ ਅੰਤਰਰਾਸ਼ਟਰੀ ਪੱਧਰ ’ਤੇ ਕਾਫੀ ਪ੍ਰਸ਼ੰਸਾ ਹੋਈ ਤੇ 54ਵੇਂ ਰਾਸ਼ਟਰੀ ਫਿਲਮ ਪੁਰਸਕਾਰਾਂ ਵਿੱਚ ਇਸ ਫਿਲਮ ਨੇ ਚਾਰ ਪੁਰਸਕਾਰ ਜਿੱਤੇ।

### ਜੱਟ ਜਿਊਣਾ ਮੌੜ ਤੇ ਸੁੱਚੇ ਸੂਰਮੇ ਦੀ ਕਹਾਣੀ

ਰਵਿੰਦਰ ਰਵੀ ਦੇ ਨਿਰਦੇਸ਼ਨ ਵਿੱਚ ਬਣੀ ਫਿਲਮ ਜੱਟ ਜਿਊਣਾ ਮੌੜ ਵਿੱਚ ਗੁੱਗੂ ਗਿੱਲ, ਗੁਰਕੀਰਤਨ, ਮਨਜੀਤ ਕੁਲਾਰ, ਮੁਹੰਮਦ ਸਦੀਕ ਤੇ ਸੁਰਿੰਦਰ ਸ਼ਿੰਦਾ ਨੇ ਅਦਾਕਾਰੀ ਕੀਤੀ। ਫਿਲਮ ਡਾਕੂ ਜੱਟ ਜਿਊਣਾ ਮੌੜ ਦੇ ਆਲੇ-ਦੁਆਲੇ ਘੁੰਮਦੀ ਹੈ। ਜੋ ਆਪਣੇ ਭਰਾ ਦਾ ਬਦਲਾ ਲੈਣ ਲਈ ਭਰਾ ਦੇ ਦੋਸਤ ਟੋਗਰ ਤੇ ਬ੍ਰਿਟਿਸ਼ ਸਰਕਾਰ ਨਾਲ ਟਕਰਾ ਲੈਂਦਾ ਹੈ । ਫਿਲਮ ਦਾ ਨਾਇਕ ਲੋਕਾਂ ਦਾ ਮਸੀਹਾ ਹੈ ਜੋ ਅਮੀਰਾਂ ਤੋਂ ਲੁੱਟ ਕੇ ਗਰੀਬ ਪਰਿਵਾਰਾਂ ਦੀ ਮਦਦ ਕਰਦਾ ਹੈ। ਡਾਕੂ ਹੋਣ ਦੇ ਨਾਲ-ਨਾਲ ਮਾਤਾ ਰਾਣੀ ਦਾ ਸੱਚਾ ਭਗਤ ਹੈ । ਜੱਟ ਜਿਊਣਾ ਮੌੜ ਦੀ ਕਬਰ ਹਿਮਾਚਲ ਵਿੱਚ ਨੈਣਾ ਦੇਵੀ ਮੰਦਿਰ ਦੇ ਨੇੜੇ ਸਥਿਤ ਹੈ ।

1981 ਵਿੱਚ ਆਈ ਵਰਿੰਦਰ ਦੀ ਫਿਲਮ ਬਲਵੀਰੋ ਭਾਬੀ ਫਿਲਮ ਦੀ ਕਹਾਣੀ ਸੁੱਚਾ ਸੂਰਮਾ ਦੀ ਕਹਾਣੀ ਉਤੇ ਆਧਾਰਿਤ ਹੈ। ਫਿਲਮ ਦੀ ਕਹਾਣੀ ਤੇ ਅਸਲ ਕਹਾਣੀ ਵਿੱਚ ਕਾਫ਼ੀ ਫਰਕ ਨਜ਼ਰ ਆਉਂਦਾ ਹੈ। ਸੁੱਚੇ ਦਾ ਜਨਮ 1875, ਪਿੰਡ ਸਮਾਓਂ, ਮਾਨਸਾ ਵਿਖੇ ਸੁੰਦਰ ਸਿੰਘ ਤੇ ਮਾਤਾ ਭਾਗ ਕੌਰ ਦੇ ਘਰ ਹੋਇਆ ਸੀ । ਸੁੱਚੇ ਨੇ ਆਪਣੀ ਅਣਖ ਤੇ ਇੱਜਤ ਨੂੰ ਬਚਾਅ ਲਈ ਆਪਣੀ ਵੱਡੇ ਭਰਾ ਨਰੈਣ ਦੀ ਚਿੱਠੀ ਪੜ੍ਹ ਕੇ ਫੌਜੀ ਵਿਚੋਂ ਛੁੱਟੀ ਲੈ ਕੇ ਬਲਵੀਰੋ ਭਾਬੀ ਤੇ ਆਪਣੇ ਦੋਸਤ ਘੁੱਕਰ ਦਾ ਕਤਲ ਕਰ ਦਿੱਤਾ ਸੀ। ਇਸ ਤੋਂ ਬਾਅਦ ਸੁੱਚੇ ਨੇ ਇਕ ਔਰਤ ਦੀ ਪੁਕਾਰ ਉਤੇ ਗਊਆਂ ਮਾਰਨ ਵਾਲੇ ਪੰਜ ਜਾਂ ਸੱਤ ਬੁੱਚੜਾਂ ਦਾ ਕਤਲ ਕੀਤਾ ਤੇ ਲੋਕ ਉਸ ਨੂੰ ਸੁੱਚਾ ਸੂਰਮਾ ਕਹਿਣ ਲੱਗੇ। ਇਸ ਤੋਂ ਬਾਅਦ ਉਸ ਨੇ ਰਾਜ ਕੌਰ ਤੇ ਗੱਜਣ ਵੈਲੀ ਦਾ ਸੰਬੰਧਾਂ ਦੇ ਚੱਲਦੇ ਕਤਲ ਕਰ ਦਿੱਤਾ। ਜਿਸ ਦੇ ਦੋਸ਼ ਵਿੱਚ ਬ੍ਰਿਟਿਸ਼ ਸਰਕਾਰ ਨੇ ਉਸ ਨੂੰ ਮੌਤ ਦੀ ਸਜ਼ਾ ਦਿੱਤੀ।

# ਹਾਕੀ ਬਨਾਮ ਘਾਹ ਦੇ ਮੈਦਾਨ

## ਹਾਕੀ ਜਾਦੂਗਰਾਂ ਦੇ ਦੇਸ਼ 'ਚ ਬਨਾਉਟੀ ਘਾਹ ਵਾਲੇ ਮੈਦਾਨਾਂ ਦੀ ਮੁਥਾਜ ਹੋ ਕੇ ਰਹਿ ਗਈ ਭਾਰਤੀ ਹਾਕੀ

**ਪਰਮਜੀਤ ਸਿੰਘ ਰੰਧਾਵਾ**

1980 ਦੇ ਨੇੜੇ-ਤੇੜੇ ਦੇ ਸਾਲਾਂ ਵਿੱਚ ਭਾਰਤ ਵਿੱਚ ਹਾਕੀ ਖੇਡ ਦੀ ਲੋਕਪ੍ਰਿਅਤਾ ਸਿਖਰਾਂ 'ਤੇ ਸੀ। ਕਾਰਨ ਸਿਰਫ਼ ਇਹ ਹੀ ਨਹੀਂ ਸੀ ਕਿ ਤੱਦ ਤੱਕ ਭਾਰਤ ਦੀ ਝੋਲੀ ਉਲੰਪਿਕ ਤਗਮਿਆਂ ਨਾਲ ਭਰੀ ਹੋਈ ਸੀ ਜਾਂ 1975 ਦੇ ਵਿਸ਼ਵ ਕੱਪ ਦੀ ਜਿੱਤ ਦੀ ਖੁਮਾਰੀ ਸਿਰਾਂ ਨੂੰ ਚੜ੍ਹੀ ਹੋਈ ਸੀ। ਠੋਸ ਤੇ ਵਜ਼ਨਦਾਰ ਕਾਰਨ ਇਹ ਸੀ ਕਿ ਹਾਕੀ ਘਾਹ ਦੇ ਮੈਦਾਨਾਂ 'ਤੇ ਖੇਡੀ ਜਾਂਦੀ ਸੀ। ਸ਼ਹਿਰਾਂ ਵਿੱਚ ਹਾਕੀ ਦੇ ਘਾਹ ਵਾਲੇ ਮੈਦਾਨ ਸਨ, ਪਿੰਡ ਤੇ ਕਸਬਿਆਂ ਵਿੱਚ ਵੀ ਘਾਹ ਵਾਲੇ ਹਾਕੀ ਮੈਦਾਨਾਂ ਦੀ ਭਰਮਾਰ ਸੀ। ਫਿਰ ਸੰਸਾਰ ਪੱਧਰ 'ਤੇ ਬਨਾਉਟੀ ਘਾਹ ਵਾਲੇ ਮੈਦਾਨਾਂ ਨੇ ਹੋਂਦ 'ਚ ਆਉਣਾ ਕਰ ਦਿੱਤਾ। ਐਸਟਰੋਟਰਫ ਮੈਦਾਨਾਂ ਤੋਂ ਬਗੈਰ ਹਾਕੀ ਖੇਡਣ ਦਾ ਸੰਕਲਪ ਹੀ ਖਤਮ ਹੋਣ ਲੱਗ ਪਿਆ। ਸਾਡੇ ਵਰਗੇ ਹੋਰ ਦੇਸ਼ਾਂ ਵਿੱਚ ਜਿਵੇਂ ਪਾਕਿਸਤਾਨ ਵਿੱਚ ਵੀ ਇਹੀ ਆਲਮ ਵੇਖਣ ਨੂੰ ਮਿਲਿਆ। ਹਾਕੀ ਜਾਦੂਗਰਾਂ ਦੇ ਦੇਸ਼ 'ਚ ਹਾਕੀ ਬਨਾਉਟੀ ਘਾਹ ਵਾਲੇ ਮੈਦਾਨਾਂ ਦੇ ਮੁਥਾਜ ਹੋ ਕੇ ਰਹਿ ਗਈ। ਮੇਜਰ ਧਿਆਨ ਚੰਦ , ਸ੍ਰ. ਬਲਬੀਰ ਸਿੰਘ ਦੀ ਹਾਕੀ ਦਾ ਜਾਦੂ ਹੌਲੀ-ਹੌਲੀ ਖ਼ਤਮ ਹੋਣ ਲੱਗ ਪਿਆ।

ਕੌਮਾਂਤਰੀ ਹਾਕੀ ਫੈਡਰੇਸ਼ਨ, ਜਿਸ ਨੂੰ ਕਦੇ ਵੀ ਅਸੀਂ ਬਹੁਤ ਸਿਆਣੀ ਦੂਰ ਦ੍ਰਿਸ਼ਟੀ ਵਾਲੀ ਨਹੀਂ ਸਮਝਿਆ, ਨੇ ਹਾਕੀ ਖੇਡ ਨੂੰ ਤਬਾਹ ਕਰਨ ਦੇ ਨਵੇਂ-ਨਵੇਂ ਨਿਯਮ ਬਣਾਉਣੇ ਸ਼ੁਰੂ ਕਰ ਦਿੱਤੇ ਜੋ ਸਭ ਗੋਰਿਆਂ ਦੇ ਹੱਕ ਵਿੱਚ ਜਾਂਦੇ ਵਿਖਾਈ ਦਿੱਤੇ। ਭਾਰਤ ਪਾਕਿਸਤਾਨ ਵਰਗੇ ਦੇਸ਼ ਵਿੱਚ ਹਾਕੀ ਦੀ ਲੋਕਪ੍ਰਿਅਤਾ ਖ਼ਤਮ ਹੋਣ ਲੱਗੀ। ਦੋਵਾਂ ਦੇਸ਼ਾਂ 'ਚ ਕੌਮੀ ਟੀਮ ਦੇ ਚੰਗੇ ਪ੍ਰਦਰਸ਼ਨ ਦਾ ਰੌਲਾ ਪੈਣਾ ਲੱਗਾ, ਦੋਵਾਂ ਦੇਸ਼ਾਂ 'ਚ ਉਲੰਪਿਕ ਜਾਂ ਵਿਸ਼ਵ ਕੱਪ ਹਾਕੀ 'ਚ ਤਗਮੇ ਜਿੱਤਣ ਦੀ ਦੁਹਾਈ ਦਿੱਤੀ ਜਾਣ ਲੱਗੀ। ਸਭ ਕੁਝ ਦੇਸ਼ ਦੀ ਕੌਮੀ ਟੀਮ ਦਾ ਪ੍ਰਦਰਸ਼ਨ ਹੀ ਬਣ ਗਿਆ। ਐਸਟਰੋਟਰਫ ਮੈਦਾਨਾਂ ਦੀ ਘਾਟ ਦਾ ਸ਼ੋਰ ਹਰ ਪਾਸੇ ਸੁਣਾਈ ਦੇਣ ਲੱਗਾ। ਵਿਦੇਸ਼ੀ ਕੋਚਾਂ ਦੀਆਂ ਨਿਯੁਕਤੀਆਂ ਦਾ ਸ਼ੁਦਾਅ ਹਰ ਪਾਸੇ ਵੇਖਣ ਨੂੰ ਮਿਲਿਆ। ਦੇਸ਼ 'ਚ ਐਸਟਰੋਟਰਫ ਮੈਦਾਨਾਂ ਦੀ ਘਾਟ ਕਰਕੇ ਸਰਕਾਰਾਂ ਨੂੰ ਕੋਸਣ, ਨਿੰਦਣ ਦਾ ਰੁਝਾਨ ਚੱਲ ਪਿਆ। ਪਰ ਅਫ਼ਸੋਸ ਭਾਰਤ ਦੀ ਕਿਸੇ ਕੌਮੀ ਫੈਡਰੇਸ਼ਨ ਨੇ, ਰਾਜ ਫੈਡਰੇਸ਼ਨ ਨੇ ਇਹ ਨਹੀਂ ਸੋਚਿਆ ਦੇਸ਼ 'ਚ ਘਾਹ ਦੇ ਮੈਦਾਨ 'ਤੇ ਨਾ ਖੇਡਣ ਕਰਕੇ ਹਾਕੀ ਦੀ ਲੋਕਪ੍ਰਿਅਤਾ ਨੂੰ ਜਿਹੜੀ ਢਾਅ ਲੱਗੀ ਹੈ, ਉਸ ਨੂੰ ਕਿੱਦਾਂ ਬਚਾਉਣਾ ਹੈ। ਭਲਿਓ ਮਾਣਸੋ ਸਾਰਾ ਕੁਝ ਦੇਸ਼ ਦੀ ਕੌਮੀ ਟੀਮ ਦਾ ਪ੍ਰਦਰਸ਼ਨ ਹੀ ਨਹੀਂ ਹੁੰਦਾ, ਸਗੋਂ ਉਹ ਖੇਡ ਜਿਸ ਕਰਕੇ ਉਹ ਦੇਸ਼ ਦੁਨੀਆ ਵਿੱਚ ਮਸ਼ਹੂਰ ਹੋਇਆ, ਉਸ ਖੇਡ ਦੀ ਲੋਕਪ੍ਰਿਅਤਾ ਨੂੰ ਉਸ ਦੇਸ਼ ਲਈ ਬਚਾਉਣਾ ਕਿਤੇ ਜ਼ਰੂਰੀ ਸੀ, ਦੂਜੇ ਪਾਸੇ ਕ੍ਰਿਕਟ ਦੀ ਖੇਡ ਗਲੀਆਂ, ਮੁਹੱਲਿਆਂ, ਚੌਕਾਂ, ਬਾਜ਼ਾਰਾਂ, ਪਾਰਕਾਂ, ਸੜਕਾਂ 'ਤੇ ਖੇਡੀ ਜਾਂਦੀ ਵੇਖੀ ਗਈ। ਸਾਰੇ ਥਾਵਾਂ 'ਤੇ ਕ੍ਰਿਕਟ ਦੇ ਕੌਮਾਂਤਰੀ ਮੈਦਾਨਾਂ ਵਰਗੇ ਮੈਦਾਨ ਨਹੀਂ ਹਨ। ਕੌਮਾਂਤਰੀ ਪਿੱਚਾਂ ਵਰਗੀਆਂ ਪਿੱਚਾਂ ਨਹੀਂ ਪਰ ਲੋਕ ਖੇਡੀ ਤੁਰੀ ਜਾਂਦੇ ਨੇ ਪਰ ਅਸੀਂ ਹਾਕੀ ਵਾਲੇ ਐਸਟਰੋਟਰਫ ਮੈਦਾਨਾਂ ਨੂੰ ਘੁੱਟ ਕੇ ਜੱਫਾ ਮਾਰ ਕੇ ਬਹਿ ਗਏ। ਜੇ ਬਨਾਉਟੀ ਮੈਦਾਨ ਹਰ ਸ਼ਹਿਰ, ਹਰ ਕਸਬੇ, ਹਰ ਪਿੰਡ ਵਿੱਚ ਹੋਂਦ ਵਿੱਚ ਆਉਣਗੇ ਤਾਂ ਹਾਕੀ ਖਿਡਾਰੀ ਫਿਰ ਹੀ ਹਾਕੀ ਖੇਡਣਗੇ, ਨਾ ਨੌਂ ਮਣ ਤੇਲ ਹੋਵੇਗਾ ਨਾ ਰਾਧਾ ਨੱਚੇਗੀ।

ਹਾਕੀ ਨੂੰ ਮੁਹੱਬਤ ਕਰਨ ਵਾਲਿਓ, ਹਾਕੀ ਨੂੰ ਇਸ਼ਕ ਕਰਨ ਵਾਲਿਓ, ਹੁਣ ਜਾਗਣ ਦਾ ਵੇਲਾ ਹੈ। ਉਲੰਪਿਕ ਦੀਆਂ ਜਿੱਤਾਂ ਨਾਲ ਵਿਸ਼ਵ ਕੱਪ ਦੀਆਂ ਜਿੱਤਾਂ ਨਾਲ ਦੇਸ਼ 'ਚ ਕਦੇ ਹਾਕੀ ਲੋਕਪ੍ਰਿਅਤਾ ਨਹੀਂ ਜੇ ਹੋਣੀ। ਇਹ ਦੇਸ਼ ਦੇ ਸਨਮਾਨ, ਦੇਸ਼ ਦੇ ਗੌਰਵ ਦਾ ਇਕ ਵੱਖਰਾ ਸੰਕਲਪ ਹੈ, ਪਰ ਹਾਕੀ ਖੇਡ ਦੇ ਸਨਮਾਨ ਤੇ ਸਤਿਕਾਰ ਦਾ ਸੰਬੰਧ ਉਸ ਦਾ ਵੱਧ ਤੋਂ ਵੱਧ ਹਰਮਨ-ਪਿਆਰਤਾ ਨਾਲ ਜੁੜਿਆ ਹੋਇਆ ਹੈ। ਆਓ, ਹੁਣ ਮੁੜ ਪਿੰਡਾਂ ਕਸਬਿਆਂ ਤੇ ਸ਼ਹਿਰਾਂ 'ਚ ਘਾਹ ਵਾਲੇ ਹਾਕੀ ਮੈਦਾਨ ਬਣਾਉਣ ਦਾ ਪ੍ਰਬੰਧ ਕਰੀਏ। ਦੇਸ਼ ਦੀ ਕੌਮੀ ਟੀਮ ਦੀ ਚਿੰਤਾ ਤੁਸੀਂ ਬਹੁਤ ਸਾਰੇ ਦਹਾਕੇ ਕਰ ਲਈ। ਹੁਣ ਹਾਕੀ ਖੇਡ ਦੀ ਹੋਂਦ ਨੂੰ ਬਚਾਉਣ ਦਾ ਖਿਆਲ ਕਰਨ ਦੀ ਜ਼ਰੂਰਤ ਹੈ। ਗਲੀ-ਮੁਹੱਲੇ, ਪਾਰਕਾਂ, ਬਜ਼ਾਰਾਂ, ਘਰ ਦੀਆਂ ਛੱਤਾਂ 'ਤੇ ਕ੍ਰਿਕਟ ਖੇਡਣ ਵਾਲੀ ਜਨਤਾ, ਦੇਸ਼ ਦੀ ਕੌਮੀ ਟੀਮ ਵਿੱਚ ਨਹੀਂ ਜਾਂਦੀ ਪਰ ਕ੍ਰਿਕਟ ਦੀ ਖੇਡ ਦੀ ਲੋਕਪ੍ਰਿਅਤਾ ਕਾਇਮ ਰੱਖਦੀ ਹੈ। ਕੌਮਾਂਤਰੀ ਕ੍ਰਿਕਟ ਖੇਡਣ ਦੇ ਨਿਯਮ ਭਾਵੇਂ ਜੋ ਮਰਜ਼ੀ ਹੋਣ, ਪਰ ਕ੍ਰਿਕਟ ਦੇ ਦੀਵਾਨੇ ਕਿਸੇ ਚੀਜ਼ ਦੀ ਪ੍ਰਵਾਹ ਨਾ ਕਰਦੇ ਕ੍ਰਿਕਟ ਖੇਡ ਨੂੰ ਜਿਊਂਦਾ ਰੱਖ ਰਹੇ ਹਨ। ਪਰ ਅਸੀਂ ਹਾਕੀ ਵਾਲੇ ਦੇਸ਼ ਦੀ ਕੌਮੀ ਟੀਮ ਦੀ ਚਿੰਤਾ ਹੀ ਕਰਦੇ ਰਹੇ। ਐਸਟਰੋਟਰਫ ਮੈਦਾਨਾਂ ਦੀ ਘਾਟ ਦਾ ਝੋਰਾ ਹੀ ਕਰਦੇ ਰਹੇ।

ਆਓ, ਦੇਸ਼ ਵਿੱਚ ਘਾਹ ਦੇ ਮੈਦਾਨਾਂ 'ਤੇ ਮੁੜ ਹਾਕੀ ਖੇਡਣ ਦੀ ਪਿਰਤ ਪਾਈਏ। ਫਿਰ ਭਾਰਤੀ ਟੀਮ ਦਾ ਕੌਮੀ ਪ੍ਰਦਰਸ਼ਨ ਹਾਕੀ ਦੀ ਲੋਕਪ੍ਰਿਅਤਾ ਨੂੰ ਪ੍ਰਭਾਵਿਤ ਨਹੀਂ ਕਰੇਗਾ। ਅਸੀਂ ਆਪਣੀ ਛੋਟੀ ਉਮਰੇ ਘਾਹ ਦੇ ਮੈਦਾਨਾਂ 'ਤੇ ਹਾਕੀ ਦਾ ਉਹ ਹੁਨਰ, ਉਹ ਜਾਦੂ, ਉਹ ਜਲਵਾ ਵੇਖਿਆ ਜੋ ਰੰਗ-ਬਰੰਗੇ ਬਨਾਉਟੀ ਮੈਦਾਨਾਂ 'ਤੇ ਕਦੇ ਨਜ਼ਰ ਨਹੀਂ ਆਇਆ। ਹਾਕੀ ਖੇਡ ਨੂੰ ਪਿਆਰਨ ਵਾਲਿਓ, ਹੁਣ ਦੇਸ਼ ਵਿੱਚ ਘਾਹ ਦੇ ਚੰਗੇ ਮੈਦਾਨਾਂ ਦੀ ਲਹਿਰ ਚਲਾਓ ਜੇ ਹਾਕੀ ਖੇਡ ਜਿਊਂਦੀ ਰੱਖਣੀ ਹੈ।



## ਐਥਲੀਟ ਅਕਸ਼ਦੀਪ ਸਿੰਘ ਨੇ ਏਸ਼ੀਅਨ ਚੈਂਪੀਅਨਸ਼ਿਪ 'ਚ ਸੋਨ ਤਮ.ਗਾ ਜਿੱਤਿਆ




ਚੰਡੀਗੜ੍ਹ/ਏ.ਟੀ.ਨਿਊਜ਼ :-ਨੋਮੀ (ਜਾਪਾਨ) ਵਿਖੇ ਏਸ਼ੀਅਨ ਰੇਸ ਵਾਕਿੰਗ ਚੈਂਪੀਅਨਸ਼ਿਪ ਵਿੱਚ ਭਾਰਤ ਦੇ ਐਥਲੀਟ ਅਕਸ਼ਦੀਪ ਸਿੰਘ ਨੇ 20 ਕਿਲੋਮੀਟਰ ਪੈਦਲ ਤੋਰ ਵਿੱਚ ਸੋਨ ਤਮਗਾ ਜਿੱਤਿਆ। ਅਕਸ਼ਦੀਪ ਸਿੰਘ ਨੇ 1:20:57 ਦਾ ਸਮਾਂ ਕੱਢ ਕੇ ਇਹ ਪ੍ਰਾਪਤੀ ਹਾਸਲ ਕੀਤੀ। ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਐਥਲੀਟ ਅਕਸ਼ਦੀਪ ਸਿੰਘ ਨੂੰ ਇਸ ਪ੍ਰਾਪਤੀ ਉੱਤੇ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅਕਸ਼ਦੀਪ ਸਿੰਘ ਦਾ ਇਹ ਪਹਿਲਾ ਕੌਮਾਂਤਰੀ ਮੁਕਾਬਲਾ ਸੀ, ਜਿਸ ਵਿੱਚ ਇਸ ਪ੍ਰਾਪਤੀ ਨਾਲ ਏਸ਼ੀਆਈ ਖੇਡਾਂ, ਵਿਸ਼ਵ ਚੈਂਪੀਅਨਸ਼ਿਪ ਤੇ ਓਲੰਪਿਕ ਖੇਡਾਂ ਵਰਗੇ ਵੱਡੇ ਟੂਰਨਾਮੈਂਟ ਲਈ ਹੌਸਲਾ ਬੁਲੰਦ ਹੋਵੇਗਾ। ਕਾਹਨੇਕੇ (ਬਰਨਾਲਾ) ਦੇ ਰਹਿਣ ਵਾਲੇ ਅਕਸ਼ਦੀਪ ਸਿੰਘ ਨੇ ਪਿੱਛੇ ਜਿਹੇ ਰਾਂਚੀ ਵਿਖੇ ਨੈਸ਼ਨਲ ਓਪਨ ਵਾਕਿੰਗ ਚੈਂਪੀਅਨਸ਼ਿਪ ਵਿਚ 20 ਕਿਲੋਮੀਟਰ ਪੈਦਲ ਤੋਰ ਵਿੱਚ ਨਵਾਂ ਨੈਸ਼ਨਲ ਰਿਕਾਰਡ ਬਣਾਉਂਦਿਆਂ ਪੈਰਿਸ ਓਲੰਪਿਕ ਖੇਡਾਂ-2024 ਲਈ ਕੁਆਲੀਫਾਈ ਕੀਤਾ ਸੀ। ਖੇਡ ਮੰਤਰੀ ਨੇ ਮੁੱਖ ਮੰਤਰੀ ਵੱਲੋਂ ਅਕਸ਼ਦੀਪ ਸਿੰਘ ਨੂੰ ਓਲੰਪਿਕਸ ਦੀ ਤਿਆਰੀ ਲਈ ਪੰਜ ਲੱਖ ਰੁਪਏ ਦਿੱਤੇ ਸਨ।

## ਭਾਰਤ ਨੂੰ ਆਸਟ੍ਰੇਲੀਆ-ਸਾਊਥ ਅ.ਫਰੀਕਾ ਨੇ ਸਭ ਤੋਂ ਜ਼ਿਆਦਾ ਵਾਰ ਹਰਾਇਆ



ਟੀਮ ਇੰਡੀਆ ਨੇ ਇੱਕ ਰੋਜ਼ਾ 'ਚ 1028 ਅਤੇ ਟੀ-20 'ਚ 199 ਮੁਕਾਬਲੇ ਖੇਡੇ ਹਨ। ਇੱਕ ਰੋਜ਼ਾ 'ਚ 6 ਅਤੇ ਟੀ-20 'ਚ ਟੀਮ ਨੂੰ 2 ਵਾਰ 10 ਵਿਕਟਾਂ ਨਾਲ ਹਾਰ ਝੱਲਣੀ ਪਈ। ਇਨ੍ਹਾਂ 'ਚੋਂ 4 ਹਾਰਾਂ ਪਿਛਲੇ 38 ਮਹੀਨਿਆਂ 'ਚ ਦੇਖਣ ਨੂੰ ਮਿਲੀਆਂ। ਇੱਕ ਰੋਜ਼ਾ 'ਚ ਦੋਵੇਂ ਵਾਰ ਆਸਟ੍ਰੇਲੀਆ ਅਤੇ ਟੀ-20 'ਚ ਇੰਗਲੈਂਡ ਅਤੇ ਪਾਕਿਸਤਾਨ ਨੇ ਭਾਰਤੀ ਟੀਮ ਨੂੰ ਟੀ-20 ਵਿਸ਼ਵ ਕੱਪ 'ਚ ਇਸ ਅੰਤਰ ਨਾਲ ਹਰਾਇਆ। 1974 ਤੋਂ 2019 ਤੱਕ ਟੀਮ ਇੰਡੀਆ ਨੂੰ ਦੋਵੇਂ ਫਾਰਮੈਟਾਂ 'ਚ 4 ਵਾਰ ਇਸ ਅੰਤਰ ਨਾਲ ਹਾਰ ਝੱਲਣੀ ਪਈ ਸੀ। ਉਸ ਵੇਲੇ ਸਾਊਥ ਅਫਰੀਕਾ ਨੇ ਸਭ ਤੋਂ ਜ਼ਿਆਦਾ 2 ਵਾਰ ਅਤੇ ਵੈਸਟ ਇੰਡੀਜ਼-ਨਿਊਜ਼ੀਲੈਂਡ ਨੇ ਇੱਕ-ਇੱਕ ਵਾਰ ਹਰਾਇਆ ਸੀ ਪਰ ਹੁਣ ਆਸਟ੍ਰੇਲੀਆ ਨੇ ਵੀ 2 ਵਾਰ 10 ਵਿਕਟਾਂ ਨਾਲ ਹਰਾ ਦਿੱਤਾ।

### ਟੌਪ ਟੀਮਾਂ 'ਚ ਸ੍ਰੀਲੰਕਾ ਹੀ ਭਾਰਤ ਤੋਂ ਖਰਾਬ ਸਥਿਤੀ 'ਚ

Sri Lanka Cricket

ਟੈਸਟ ਖੇਡਣ ਵਾਲੀਆਂ ਟੌਪ ਦੇਸ਼ਾਂ ਦੀਆਂ ਟੀਮਾਂ 'ਚ ਸ੍ਰੀਲੰਕਾ ਦਾ ਰਿਕਾਰਡ ਹੀ ਭਾਰਤ ਤੋਂ ਖਰਾਬ ਹੈ। ਟੀਮ ਨੇ ਇੱਕ ਰੋਜ਼ਾ 'ਚ 881 ਮੁਕਾਬਲਿਆਂ 'ਚ 6 ਅਤੇ ਟੀ-20 ਦੇ 176 ਮੁਕਾਬਲਿਆਂ 'ਚ 3 ਵਾਰ 10 ਵਿਕਟਾਂ ਨਾਲ ਹਾਰ ਝੱਲੀ। ਦੋਵਾਂ ਫਾਰਮੈਟਾਂ 'ਚ ਟੀਮ ਨੇ 9 ਮੁਕਾਬਲੇ ਇਸ ਅੰਤਰ ਨਾਲ ਗਵਾਏ ਅਤੇ ਟੀਮ ਚਿੱਟੀ ਬਾਲ ਫਾਰਮੈਟ ਦਾ ਹਰ 117ਵਾਂ ਮੁਕਾਬਲਾ ਇਸ ਅੰਤਰ ਨਾਲ ਹਾਰਦੀ ਹੈ।

### ਵਿਸ਼ਵ ਚੈਂਪੀਅਨ ਇੰਗਲੈਂਡ ਹਰ 136ਵਾਂ ਮੈਚ ਹਾਰੈ

ਟੀ-20 ਅਤੇ ਇੱਕ ਰੋਜ਼ਾ ਵਿਸ਼ਵ ਕੱਪ ਦਾ ਚੈਂਪੀਅਨ ਇੰਗਲੈਂਡ ਹਰ 136ਵਾਂ ਚਿੱਟੀ ਗੇਂਦ ਦਾ ਮੁਕਾਬਲਾ 10 ਵਿਕਟਾਂ ਨਾਲ ਹਾਰਦਾ ਹੈ ਪਰ ਪੂਰੇ ਮੈਚਾਂ 'ਚ 10 ਵਿਕਟਾਂ ਦੀ ਹਾਰ 'ਚ ਇੰਗਲੈਂਡ ਭਾਰਤ ਤੋਂ ਅੱਗੇ ਹੈ। ਇੱਕ ਰੋਜ਼ਾ 'ਚ 6 ਅਤੇ ਟੀ-20 'ਚ ਇੱਕ ਹੀ ਵਾਰ ਇਸ ਅੰਤਰ ਨਾਲ ਹਾਰ ਮਿਲੀ। ਇਸ ਤਰ੍ਹਾਂ ਟੀਮ ਨੂੰ ਇੱਕ ਰੋਜ਼ਾ 'ਚ ਹਰ 129ਵੇਂ ਮੁਕਾਬਲੇ 'ਚ ਇਸ ਅੰਤਰ ਨਾਲ ਹਾਰ ਝੱਲਣੀ ਪਈ ਹੈ। ਵੈਸਟ ਇੰਡੀਜ਼ ਅਤੇ ਨਿਊਜੀਲੈਂਡ ਵੀ ਇਸ ਮਾਮਲੇ 'ਚ ਭਾਰਤ ਤੋਂ ਅੱਗੇ ਹੈ। ਦੋਵਾਂ ਨੇ ਚਿੱਟੀ ਗੇਂਦ ਫਾਰਮੈਟ 'ਚ 5-5 ਵਾਰ 10 ਵਿਕਟਾਂ ਨਾਲ ਮੈਚ ਹਾਰੇ ਹਨ। ਵਿੰਡੀਜ਼ ਨੇ 4 ਅਤੇ ਨਿਊਜ਼ੀਲੈਂਡ ਨੇ 3 ਵਾਰ ਇਸ ਅੰਤਰ ਨਾਲ ਮੈਚ ਹਾਰੇ।

**ਅੰਕੜਿਆਂ ਰਾਹੀਂ ਦੇਖਦੇ ਹਾਂ 12 ਦੇਸ਼ਾਂ ਦੀਆਂ ਟੀਮਾਂ ਜਿੰਨਾਂ ਨੇ ਵਨਡੇ ਅਤੇ ਟੀ-20 ਫਾਰਮੈਂਟ ਮਿਲਾ ਕੇ ਸਭ ਤੋਂ ਜ਼ਿਆਦਾ ਵਾਰ 10 ਵਿਕਟਾਂ ਨਾਲ ਹਾਰ ਝੱਲੀ ਹੈ :**

| ਟੀਮ | ਮੈਚ | ਇੱਕ ਰੋਜ਼ਾ | ਟੀ-20 | ਕੁੱਲ |
|---|---|---|---|---|
| ਬੰਗਲਾ ਦੇਸ਼ | 555 | 12 | 1 | 13 |
| ਜਿੰਬਾਬਵੇ | 679 | 9 | 3 | 12 |
| ਸ੍ਰੀਲੰਕਾ | 1057 | 6 | 3 | 9 |
| ਭਾਰਤ | 1227 | 6 | 2 | 8 |
| ਇੰਗਲੈਂਡ | 952 | 6 | 1 | 7 |
| ਪਾਕਿਸਤਾਨ | 1163 | 3 | 3 | 6 |
| ਵੈਸਟ ਇੰਡੀਜ਼ | 1029 | 4 | 1 | 5 |
| ਨਿਊਜ਼ੀਲੈਂਡ | 982 | 3 | 2 | 5 |
| ਸਾਊਥ ਅਫ਼ਰੀਕਾ | 816 | 2 | 0 | 2 |
| ਆਸਟ੍ਰੇਲੀਆ | 1151 | 1 | 0 | 1 |
| ਆਇਰਲੈਂਡ | 328 | 0 | 1 | 1 |
| ਅਫਗਾਨਿਸਤਾਨ | 251 | 0 | 0 | 0 |

## ਅਰਸ਼ਦੀਪ ਨੂੰ ਕੈਂਟ ਕਾਊਂਟੀ ਟੀਮ ਨੇ ਕੀਤਾ ਸਾਈਨ



ਲੰਡਨ: ਟੀਮ ਇੰਡੀਆ ਦੇ ਤੇਜ਼ ਗੇਂਦਬਾਜ ਅਰਸ਼ਦੀਪ ਸਿੰਘ ਜਲਦੀ ਹੀ ਇੰਗਲੈਂਡ 'ਚ ਹੋਣ ਵਾਲੀ ਕਾਊਂਟੀ ਚੈਂਪੀਅਨਸ਼ਿ 2023 'ਚ ਖੇਡਦੇ ਨਜ਼ਰ ਆਉਣਗੇ। ਖੱਬੇ ਹੱਥ ਦੇ ਇਸ ਗੇਂਦਬਾਜ਼ ਨੂੰ ਮਸ਼ਹੂਰ ਕਲੱਬ ਕੈਂਟ ਨੇ ਸਾਈਨ ਕੀਤਾ ਹੈ। ਅਰਸ਼ਦੀਪ ਜੂਨ ਅਤੇ ਜੁਲਾਈ ਵਿੱਚ ਕੈਂਟ 'ਚ ਪੰਜ ਮੈਚ ਖੇਡੇਗਾ। ਕੈਂਟ ਨੇ ਇਸ ਸੀਜ਼ਨ ਲਈ ਤਿੰਨ ਵਿਦੇਸ਼ੀ ਖਿਡਾਰੀਆਂ ਦੀ ਚੋਣ ਕੀਤੀ ਹੈ ਜਿਨ੍ਹਾਂ ਵਿੱਚ ਜੌਰਜ ਲਿੰਡੇ ਅਤੇ ਕੈਨ ਰਿਚਰਡਸਨ ਵੀ ਸ਼ਾਮਿਲ ਹਨ।

ਕੈਂਟ ਮੈਨੇਜਮੈਂਟ ਦੇ ਪਾਲ ਡਾਊਨਟਨ ਨੇ ਕਿਹਾ, "ਅਰਸ਼ਦੀਪ ਨੇ ਦਿਖਾਇਆ ਹੈ ਕਿ ਉਸ ਕੋਲ ਚਿੱਟੀ ਗੇਂਦ ਨਾਲ ਵਿਸ਼ਵ ਪੱਧਰੀ ਹੁਨਰ ਹੈ, ਅਤੇ ਮੈਨੂੰ ਭਰੋਸਾ ਹੈ ਕਿ ਉਹ ਕਾਊਂਟੀ ਚੈਂਪੀਅਨਸ਼ਿਪ 'ਚ ਲਾਲ ਗੇਂਦ ਨਾਲ ਇਨ੍ਹਾਂ ਹੁਨਰਾਂ ਦਾ ਵਧੀਆ ਇਸਤੇਮਾਲ ਕਰ ਸਕੇਗਾ।" ਪਾਲ ਡਾਊਨਟਨ ਨੇ ਕਿਹਾ ਕਿ ਭਾਵੇਂ ਅਰਸ਼ਦੀਪ ਨੇ ਹੁਣ ਤਕ ਸਿਰਫ਼ ਸੱਤ ਪਹਿਲੇ ਦਰਜੇ ਦੇ ਮੈਚ ਹੀ ਖੇਡੇ ਹਨ, ਪਰ ਉਸ ਦੇ ਹਾਲੀਆ ਪ੍ਰਦਰਸ਼ਨਾਂ 'ਚ ਵਾਧਾ ਹੋਇਆ ਹੈ। ਉਹ ਇੰਡੀਅਨ ਪ੍ਰੀਮੀਅਰ ਲੀਗ 'ਚ ਸ਼ਾਨਦਾਰ ਪ੍ਰਦਰਸ਼ਨ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਅਰਸ਼ਦੀਪ ਨੇ ਪਿਛਲੇ ਸਾਲ ਟੀ-20 ਅਤੇ ਵਨ ਡੇਅ ਵਿੱਚ ਭਾਰਤ ਲਈ ਡੈਬਿਊ ਕੀਤਾ ਸੀ। ਉਹ ਹੁਣ ਤਕ 29 ਅੰਤਰਰਾਸ਼ਟਰੀ ਮੈਚ ਖੇਡ ਚੁੱਕੇ ਹਨ। ਉਹ ਕੈਂਟ ਦੀ ਨੁਮਾਇੰਦਗੀ ਕਰਨ ਵਾਲਾ ਚੌਥਾ ਭਾਰਤੀ ਖਿਡਾਰੀ ਵੀ ਬਣ ਗਿਆ।ਕੈਂਟ ਤੋਂ ਕਰਾਰ ਮਿਲਣ 'ਤੇ ਅਰਸ਼ਦੀਪ ਨੇ ਕਿਹਾ, "ਮੈਂ ਇੰਗਲੈਂਡ 'ਚ ਰੈੱਡ-ਬਾਲ ਕ੍ਰਿਕਟ ਖੇਡਣ ਲਈ ਉਤਸ਼ਾਹਿਤ ਹਾਂ। ਮੈਂ ਪਹਿਲੇ ਦਰਜੇ ਦੀ ਖੇਡ ਵਿੱਚ ਆਪਣੇ ਹੁਨਰ ਵਿੱਚ ਸੁਧਾਰ ਕਰਨਾ ਜਾਰੀ ਰੱਖਾਂਗਾ।"

## ਪੰਜਾਬ ’ਚ ਪੁਲਿਸ ਵੱਲੋਂ ਅਪਰੇਸ਼ਨ ਅੰਮ੍ਰਿਤਪਾਲ

**ਐਨ ਆਰ ਆਈ ਪੰਜਾਬੀਆਂ ਦੇ ਵਿਚਾਰ** : ਪੰਜਾਬ ਵਿੱਚ ਪੰਜਾਬ ਪੁਲਿਸ ਵੱਲੋਂ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਵਿਰੁੱਧ ਕੀਤੀ ਗਈ ਕਾਰਵਾਈ ਬਾਰੇ ਐਨ ਆਰ ਆਈ ਪੰਜਾਬੀਆਂ ਦੇ ਵੱਖ ਵੱਖ ਤਰਾਂ ਦੇ ਪ੍ਰਤੀਕਰਮ ਸਾਹਮਣੇ ਆ ਰਹੇ ਹਨ। ਵੱਡੀ ਗਿਣਤੀ ਐਨ ਆਰ ਆਈ ਪੰਜਾਬੀਆਂ ਦਾ ਕਹਿਣਾ ਹੈ ਕਿ ਜਦੋਂ ਵੀ ਕੋਈ ਦਸਤਾਰਧਾਰੀ ਸਿੱਖ ਨੌਜਵਾਨ ਸਿੱਖ ਧਰਮ, ਸਿੱਖਾਂ ਦੇ ਹੱਕਾਂ ਦੀ ਗਲ ਕਰਦਾ ਹੈ ਤਾਂ ਅਕਸਰ ਉਸ ਵਿਰੁੱਧ ਸਰਕਾਰ ਅਤੇ ਪੁਲਿਸ ਵੱਲੋਂ ਕਾਰਵਾਈ ਕਰ ਦਿਤੀ ਜਾਂਦੀ ਹੈ ਪਰ ਬਾਬਾ ਰਾਮ ਰਹੀਮ ਅਤੇ ਉਸ ਵਰਗੇ ਹੋਰਨਾਂ ਆਗੂਆਂ ਵਿਰੁੱਧ ਕਾਰਵਾਈ ਕਰਨ ਤੋਂ ਗੁਰੇਜ ਕੀਤਾ ਜਾਂਦਾ ਹੈ। ਐਨ ਆਰ ਆਈ ਪੰਜਾਬੀ ਇਹ ਵੀ ਕਹਿ ਰਹੇ ਹਨ ਕਿ ਹੋਰਨਾਂ ਧਰਮਾਂ ਦੇ ਜਿਹੜੇ ਕੱਟੜ ਆਗੂ ਸਿੱਖਾਂ ਖਿਲਾਫ ਬੋਲਦੇ ਹਨ, ਉਹਨਾਂ ਆਗੂਆਂ ਖਿਲਾਫ ਵੀ ਕਦੇ ਕੋਈ ਕਾਰਵਾਈ ਨਹੀਂ ਕੀਤੀ ਗਈ, ਉਲਟਾ ਸਿੱਖਾਂ ਵਿਰੁੱਧ ਬੋਲਣ ਵਾਲੇ ਵੱਖ ਵੱਖ ਧਰਮਾਂ ਦੇ ਆਗੂਆਂ ਨੂੰ ਸਰਕਾਰੀ ਅਤੇ ਪੁਲਿਸ ਸੁਰਖਿਆ ਦਿੱਤੀ ਜਾਂਦੀ ਹੈ। ਅਨੇਕਾਂ ਐਨ ਆਰ ਆਈ ਪੰਜਾਬੀ ਕਹਿ ਰਹੇ ਹਨ ਕਿ ਇਸ ਤਰਾਂ ਭਾਰਤ ਵਿੱਚ ਸਿੱਖਾਂ ਲਈ ਕਾਨੂੰਨ ਹੋਰ ਹਨ ਅਤੇ ਹੋਰ ਲੋਕਾਂ ਲਈ ਹੋਰ ਕਾਨੂੰਨ ਹਨ। ਇਸ ਤੋਂ ਇਲਾਵਾ ਐਨ ਆਰ ਆਈ ਪੰਜਾਬੀਆਂ ਖਾਸ ਕਰਕੇ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿੱਚ ਵਸੇ ਹੋਏ ਸਿੱਖਾਂ ਵੱਲੋਂ ਪੰਜਾਬ ਵਿੱਚ ਪੰਜਾਬ ਪੁਲਿਸ ਵੱਲੋਂ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਵਿਰੁੱਧ ਕੀਤੀ ਗਈ ਕਾਰਵਾਈ ਦੀ ਨਿਖੇਧੀ ਕੀਤੀ ਜਾ ਰਹੀ ਹੈ।

***

## ਕੀ ਹੈ ਅੰਮ੍ਰਿਤਪਾਲ ’ਤੇ ਲਗਾਇਆ ਗਿਆ NSA

ਸਕਦਾ ਹੈ। ਸੰਖੇਪ ਵਿੱਚ, ਇਹ ਐਕਟ ਕਿਸੇ ਵੀ ਸ਼ੱਕੀ ਵਿਅਕਤੀ ਨੂੰ ਗ੍ਰਿਫਤਾਰ ਕਰਨ ਦਾ ਅਧਿਕਾਰ ਦਿੰਦਾ ਹੈ।

**ਰਾਸ਼ਟਰੀ ਸੁਰੱਖਿਆ ਐਕਟ (ਐਨ.ਐਸ.ਏ.) ਦੇ ਉਪਬੰਧ** :ਰਾਸ਼ਟਰੀ ਸੁਰੱਖਿਆ ਕਾਨੂੰਨ ਦੇ ਮੁਤਾਬਕ ਸ਼ੱਕੀ ਵਿਅਕਤੀ ਨੂੰ 3 ਮਹੀਨੇ ਤੱਕ ਬਿਨਾਂ ਜ਼ਮਾਨਤ ਦੇ ਹਿਰਾਸਤ ’ਚ ਰੱਖਿਆ ਜਾ ਸਕਦਾ ਹੈ ਅਤੇ ਇਸ ਦੀ ਮਿਆਦ ਵੀ ਵਧਾਈ ਜਾ ਸਕਦੀ ਹੈ। ਇਸ ਦੇ ਨਾਲ ਹੀ ਨਜ਼ਰਬੰਦੀ ਲਈ ਦੋਸ਼ ਤੈਅ ਕਰਨ ਦੀ ਲੋੜ ਨਹੀਂ ਹੈ ਅਤੇ ਨਜ਼ਰਬੰਦੀ ਦੀ ਮਿਆਦ 12 ਮਹੀਨਿਆਂ ਤੱਕ ਕੀਤੀ ਜਾ ਸਕਦੀ ਹੈ। ਨਾਲ ਹੀ, ਨਜ਼ਰਬੰਦ ਵਿਅਕਤੀ ਹਾਈ ਕੋਰਟ ’ਚ ਅਪੀਲ ਕਰ ਸਕਦਾ ਹੈ ਅਤੇ ਰਾਜ ਸਰਕਾਰ ਨੂੰ ਸੂਚਿਤ ਕਰਨਾ ਹੋਵੇਗਾ ਕਿ ਇਸ ਵਿਅਕਤੀ ਨੂੰ ਹਿਰਾਸਤ ਵਿੱਚ ਰੱਖਿਆ ਗਿਆ ਹੈ।

**ਐਨ.ਐਸ.ਏ. ਦਾ ਇਤਿਹਾਸ** ਬ੍ਰਿਟਿਸ਼ ਸ਼ਾਸਨ ਨਾਲ ਸਬੰਧਤ ਇਹ ਐਕਟ ਇੱਕ ਰੋਕਥਾਮ ਕਾਨੂੰਨ ਹੈ, ਜਿਸਦਾ ਮਤਲਬ ਹੈ ਕਿ ਸ਼ੱਕੀ ਵਿਅਕਤੀ ਨੂੰ ਘਟਨਾ ਵਾਪਰਨ ਤੋਂ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। 1881 ਵਿੱਚ ਅੰਗਰੇਜ਼ਾਂ ਨੇ ਬੰਗਾਲ ਰੈਗੂਲੇਸ਼ਨ 3 ਨਾਂ ਦਾ ਕਾਨੂੰਨ ਬਣਾਇਆ, ਜਿਸ ਵਿੱਚ ਘਟਨਾ ਤੋਂ ਪਹਿਲਾਂ ਗ੍ਰਿਫਤਾਰੀ ਦੀ ਵਿਵਸਥਾ ਸੀ। ਇਸ ਤੋਂ ਬਾਅਦ 1919 ਵਿੱਚ ਰੋਲਟ ਐਕਟ ਲਿਆਂਦਾ ਗਿਆ, ਜਿਸ ਵਿੱਚ ਵਿਅਕਤੀ ਨੂੰ ਮੁਕੱਦਮੇ ਤੋਂ ਛੋਟ ਨਹੀਂ ਦਿੱਤੀ ਗਈ। ਆਜ਼ਾਦ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਸਰਕਾਰ ਨੇ 1950 ਵਿੱਚ ਨਿਵਾਰਕ ਨਜ਼ਰਬੰਦੀ ਐਕਟ ਲਿਆਂਦਾ। ਇੰਦਰਾ ਗਾਂਧੀ 1980 ਵਿੱਚ ਪ੍ਰਧਾਨ ਮੰਤਰੀ ਬਣੀ ਅਤੇ ਉਨ੍ਹਾਂ ਦੀ ਸਰਕਾਰ ਵੱਲੋਂ 23 ਸਤੰਬਰ, 1980 ਨੂੰ ਇਸ ਨੂੰ ਸੰਸਦ ਤੋਂ ਪਾਸ ਕਰਵਾ ਕੇ ਇਸ ਨੂੰ ਕਾਨੂੰਨ ਬਣਾਇਆ ਗਿਆ।

***

## ਪੰਜਾਬ ਸਰਕਾਰ ਵੱਲੋਂ ਇੱਕ ਤੀਰ ਨਾਲ ਕਈ ਨਿਸ਼ਾਨੇ

ਅਤੇ ਉਸਦੇ ਸਾਥੀਆਂ ਵਿਰੁੱਧ ਕਾਰਵਾਈ ਕਾਰਨ ਦਿੱਲੀ ਵਿਖੇ ਹੋਈ ਕਿਸਾਨ ਪੰਚਾਇਤ ਦੀ ਖਬਰ ਵੀ ਦੱਬ ਕੇ ਰਹਿ ਗਈ। ਇਸੇ ਕਾਰਨ ਕਿਸਾਨ ਸਵਾਲ ਕਰ ਰਹੇ ਹਨ ਕਿ ਸਰਕਾਰ ਵੱਲੋਂ ਕੀਤੀ ਜਾਣ ਵਾਲੀ ਕਾਰਵਾਈ 20 ਮਾਰਚ ਦੀ ਕਿਸਾਨ ਪੰਚਾਇਤ ਤੋਂ ਬਾਅਦ ਵੀ ਹੋ ਸਕਦੀ ਸੀ ਪਰ ਸਰਕਾਰ ਵੱਲੋਂ ਕਿਸਾਨ ਪੰਚਾਇਤ ਨੂੰ ਅਸਫਲ ਕਰਨ ਲਈ ਕਿਸਾਨ ਪੰਚਾਇਤ ਦੇ ਦਿਨਾਂ ਦੌਰਾਨ ਇਹ ਕਾਰਵਾਈ ਕੀਤੀ ਗਈ। ਜਿਸ ਕਿਸਾਨ ਧਰਨੇ ਨੇ ਕੇਂਦਰ ਸਰਕਾਰ ਦੀਆਂ ਚੂਲਾਂ ਹਿਲਾਂ ਦਿਤੀਆਂ ਸਨ, ਉਹਨਾਂ ਕਿਸਾਨਾਂ ਦੀ ਕਿਸਾਨ ਮਹਾਂਪੰਚਾਇਤ ਨੂੰ ਰੋਲਣ ਲਈ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਰਲ ਮਿਲ ਕੇ ਅੰਮ੍ਰਿਤਪਾਲ ਸਿੰਘ ਵਿਰੁੱਧ ਕਾਰਵਾਈ ਨੂੰ ਅੰਜਾਮ ਦਿਤਾ ਗਿਆ।

ਜੀ 20 ਸੰਮੇਲਨ ਦੀ ਖਬਰ ਫਿੱਕੀ ਪਈ: ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਵਿਰੁੱਧ ਜਦੋਂ ਕਾਰਵਾਈ ਕੀਤੀ ਗਈ, ਉਸ ਤੋਂ ਠੀਕ ਇਕ ਦਿਨ ਪਹਿਲਾਂ ਪੰਜਾਬ ਵਿੱਚ ਜੀ 20 ਸੰਮੇਲਨ ਖਤਮ ਹੋਇਆ ਸੀ। ਇਹ ਸੰਮੇਲਨ ਖਤਮ ਹੋਣ ਤੋਂ ਤੁਰੰਤ ਬਾਅਦ ਜਿਸ ਤਰੀਕੇ ਨਾਲ ਪੰਜਾਬ ਪੁਲਿਸ ਵੱਲੋਂ ਅਪਰੇਸ਼ਨ ਅੰਮ੍ਰਿਤਪਾਲ ਆਰੰਭ ਕੀਤਾ ਗਿਆ, ਉਸ ਵਿੱਚ ਪੰਜਾਬ ਵਿੱਚ ਹੋਏ ਜੀ 20 ਸੰਮੇਲਨ ਦੀ ਖਬਰ ਮੱਧਮ ਪੈ ਗਈ। ਵੱਡੀ ਗਿਣਤੀ ਪੰਜਾਬੀਆਂ ਨੂੰ ਪਤਾ ਹੀ ਨਹੀਂ ਲੱਗਿਆ ਕਿ ਪੰਜਾਬ ਵਿੱਚ ਜੋ ਜੀ 20 ਸੰਮੇਲਨ ਹੋਇਆ ਹੈ, ਉਸ ਦੇ ਅਰਥ ਕੀ ਹਨ ? ਅਤੇ ਇਸ ਸੰਮੇਲਨ ਦਾ ਕੀ ਮਹੱਤਵ ਹੈ। ਵੱਡੀ ਗਿਣਤੀ ਲੋਕਾਂ ਨੂੰ ਪਤਾ ਹੀ ਨਹੀਂ ਕਿ ਇਹ ਜੀ 20 ਸੰਮੇਲਨ ਆਖਰ ਹੈ ਕੀ ? ਇਸ ਤਰਾਂ ਪੰਜਾਬ ਪੁਲਿਸ ਦੇ ਅਪਰੇਸ਼ਨ ਅੰਮ੍ਰਿਤਪਾਲ ਕਾਰਨ ਜੀ 20 ਸੰਮੇਲਨ ਦੀ ਖਬਰ ਮੱਧਮ ਪੈ ਗਈ।

***

## ਸਲਮਾਨ ਖ਼ਾਨ ਰਾਸ਼ਟਰਵਾਦੀ ਗੈਂਗਸਟਰਾਂ

ਇਸ ਤੋਂ ਇਹ ਸਵਾਲ ਖੜਾ ਹੁੰਦਾ ਹੈ ਕਿ ਕੀ ਕੋਈ ਕੈਦੀ ਇੰਨਾ ਸੌਖਿਆਂ ਕਿਸੇ ਪੱਤਰਕਾਰ ਨਾਲ ਕਿਵੇਂ ਸੰਪਰਕ ਕਰ ਸਕਦਾ ਹੈ ?ਬੇਸ਼ੱਕ ਪੰਜਾਬ ਦਾ ਜੇਲ੍ਹ ਪ੍ਰਸ਼ਾਸਨ ਇਹ ਇੰਟਰਵਿਊ ਪੰਜਾਬ ਦੀ ਕਿਸੇ ਜੇਲ੍ਹ ਦੀ ਨਾ ਹੋਣ ਦੇ ਦਾਅਵੇ ਕਰ ਰਿਹਾ ਹੈ ਪਰ ਬਿਸ਼ਨੋਈ ਦੇ ਪਿਛਲੇ ਲਗਭਗ 10 ਮਹੀਨਿਆਂ ਤੋਂ ਪੰਜਾਬ ਪੁਲਿਸ ਦੀ ਹਿਰਾਸਤ ਵਿੱਚ ਹੋਣ ਕਰਕੇ ਜੇਲ੍ਹ ਪ੍ਰਸ਼ਾਸਨ ਦੇ ਉਕਤ ਦਾਅਵੇ ਕੁਝ ਸ਼ੱਕੀ ਲੱਗ ਰਹੇ ਹਨ । ਜ਼ਿਕਰਯੋਗ ਹੈ ਕਿ ਸਿੱਧੂ ਮੂਸੇਵਾਲਾ ਦੀ ਹੱਤਿਆ ਵਿੱਚ ਮੁੱਖ ਸਾਜਿਸ਼ਘਾੜੇ ਵਜੋਂ ਨਾਮਜ਼ਦ ਕੀਤਾ ਗਿਆ ਲਾਰੈਂਸ ਪਿਛਲੇ ਵਰ੍ਹੇ ਦੇ ਜੂਨ ਮਹੀਨੇ ਤੋਂ ਪੰਜਾਬ ਪੁਲਿਸ ਦੀ ਹਿਰਾਸਤ ਵਿੱਚ ਹੈ, ਜਿਸ ਨੂੰ ਸਮੇਂ-ਸਮੇਂ ’ਤੇ ਏ. ਐਨ. ਆਈ. ਸਮੇਤ ਬਾਹਰੀ ਸੂਬਿਆਂ ਦੀ ਪੁਲਿਸ ਵਲੋਂ ਪ੍ਰੋਡਕਸ਼ਨ ਵਾਰੰਟ ’ਤੇ ਲਿਜਾਂਦੀ ਰਹੀ ਹੈ ।ਇਸੇ ਤਹਿਤ ਬੀਤੀ 15 ਫਰਵਰੀ ਤੋਂ ਪ੍ਰੋਡਕਸ਼ਨ ਵਾਰੰਟ ’ਤੇ ਲੈ ਕੇ ਗਈ ਜੈਪੁਰ (ਰਾਜਸਥਾਨ) ਪੁਲਿਸ ਉਸ ਨੂੰ ਬੀਤੀ 7 ਮਾਰਚ ਨੂੰ ਬਠਿੰਡਾ ਜੇਲ੍ਹ ਵਿੱਚ ਛੱਡਣ ਆਈ ਪਰ ਹਨੇਰਾ ਹੋਣ ਕਾਰਨ ਜੇਲ੍ਹ ਦੀ ਬਜਾਏ ਬਠਿੰਡਾ ਸੀ. ਆਈ. ਏ. ਸਟਾਫ਼ ਦੀ ਹਿਰਾਸਤ ਵਿੱਚ ਰੱਖਿਆ ਗਿਆ ਸੀ।

ਮੀਡੀਆ ਰਿਪੋਰਟਸ ਮੁਤਾਬਕ ਰਾਜਸਥਾਨ ਪੁਲਿਸ ਨੇ ਵੀ ਇਸ ਇੰਟਰਵਿਊ ਦੇ ਆਪਣੀ ਜੇਲ੍ਹ ਵਿੱਚ ਰਿਕਾਰਡ ਕੀਤੇ ਜਾਣ ਤੋਂ ਇਨਕਾਰ ਕੀਤਾ ਹੈ।ਦੂਜੇ ਪਾਸੇ ਰਾਜ ਦੇ ਮੁੱਖ ਸਕੱਤਰ ਵਿਜੇ ਕੁਮਾਰ ਜੰਜੂਆ ਨੇ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਦੇ ਮਾਮਲੇ ਦੀ ਜਾਂਚ ਦੇ ਹੁਕਮ ਜਾਰੀ ਕੀਤੇ ਹਨ । ਮੁੱਖ ਸਕੱਤਰ ਨੇ ਸੂਬੇ ਦੇ ਕਾਰਜਕਾਰੀ ਡੀ.ਜੀ.ਪੀ. ਗੌਰਵ ਯਾਦਵ ਨੂੰ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਹੈ। ਕੁਝ ਦਿਨ ਪਹਿਲਾਂ ਦਿੱਲੀ ਦੀਆਂ ਦੋ ਨਾਬਾਲਗ ਲੜਕੀਆਂ ਪੰਜਾਬ ਦੀ ਬਠਿੰਡਾ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਮਿਲਣ ਪਹੁੰਚੀਆਂ ਸਨ। ਇਸ ਤੋਂ ਬਾਅਦ ਜੇਲ੍ਹ ਪ੍ਰਸ਼ਾਸਨ ਨੇ ਦੋਵਾਂ ਨਾਬਾਲਗ ਲੜਕੀਆਂ ਨੂੰ ਹਿਰਾਸਤ ਵਿੱਚ ਲੈ ਕੇ ਪੁਲਿਸ ਹਵਾਲੇ ਕਰ ਦਿੱਤਾ ਸੀ।

ਕੇਂਦਰੀ ਏਜੰਸੀ ਵੱਲੋਂ ਜਾਂਚ ਲਈ ਹਾਈ ਕੋਰਟ ਵਿੱਚ ਪਟੀਸ਼ਨ ਖਾਰਜ

ਲਾਰੈਂਸ ਬਿਸ਼ਨੋਈ ਦੀ ਜੇਲ੍ਹ ਤੋਂ ਇੰਟਰਵਿਊ ਨੂੰ ਦੇਸ਼ ਦਾ ਪਹਿਲਾ ਅਜਿਹਾ ਮਾਮਲਾ ਦੱਸਦੇ ਹੋਏ ਇਸਦੀ ਕੇਂਦਰੀ ਏਜੰਸੀਆਂ ਤੋਂ ਜਾਂਚ ਦੀ ਮੰਗ ਨੂੰ ਲੈ ਕੇ ਐਡਵੋਕੇਟ ਗੌਰਵ ਭਈਆ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਜੋ ਪਟੀਸ਼ਨ ਦਾਖਲ ਕੀਤੀ ਸੀ ਉਹ ਹਾਈ ਕੋਰਟ ਨੇ ਖਾਰਜ ਕਰ ਦਿਤੀ ਹੈ।

ਜਸਟਿਸ ਵਿਕਰਮ ਅਗਰਵਾਲ ਨੇ ਪਟੀਸ਼ਨਕਰਤਾ ਨੂੰ ਕਿਹਾ ਕਿ ਇਹ ਮਾਮਲਾ ਵਿਆਪਕ ਜਨਹਿੱਤ ਦਾ ਹੈ। ਇਹ ਸਿੱਧੇ ਤੌਰ ’ਤੇ ਉਸ (ਪਟੀਸ਼ਨਕਰਤਾ) ਨੂੰ ਪ੍ਰਭਾਵਿਤ ਨਹੀਂ ਕਰਦਾ। ਉਹ ਇਸ ਮਾਮਲੇ ਨੂੰ ਲੈ ਕੇ ਜਨਹਿੱਤ ਪਟੀਸ਼ਨ ਦਾਇਰ ਕਰ ਸਕਦਾ ਹੈ।

***

## ਕਸ਼ਮੀਰ ’ਚ ਪ੍ਰਧਾਨ ਮੰਤਰੀ ਦਫ਼ਤਰ ਦਾ

ਰਿਹਾ ਹੈ ਕਿ ਉਸ ਨੇ ਅਮਰੀਕਾ ਦੇ ਵਿੱਦਿਅਕ ਅਦਾਰੇ ‘ਯੂਨੀਵਰਸਿਟੀ ਆਫ਼ ਵਰਜੀਨੀਆ’ ਤੋਂ ਪੀਐੱਚਡੀ ਕੀਤੀ ਹੋਈ ਹੈ।ਜੰਮੂ-ਕਸ਼ਮੀਰ ਪੁਲਿਸ ਨੇ ਕਿਰਨ ਪਟੇਲ ਨੂੰ 3 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਸੀ। ਉਸ ਨੇ ਕਈ ਵਾਰ ਟੈਲੀਵਿਜ਼ਨ ਚੈਨਲਾਂ ’ਤੇ ਹੁੰਦੀਆਂ ਬਹਿਸਾਂ ਵਿੱਚ ਹਿੱਸਾ ਲਿਆ ਸੀ। ਉਸ ਨੇ ਆਪਣੀਆਂ ਕਾਰਵਾਈਆਂ 2020 ਵਿੱਚ ਸ਼ੁਰੂ ਕਰ ਦਿੱਤੀਆਂ ਸਨ ਅਤੇ ਆਪਣੇ ਆਪ ਨੂੰ ਸੋਸ਼ਲ ਮੀਡੀਆ ਪਲੇਟਫ਼ਾਰਮਾਂ ’ਤੇ ਵੀ ਪੇਸ਼ ਕੀਤਾ ਸੀ।

ਸੰਤਾਂ ਦੇ ਨਾਂ ’ਤੇ ਧੋਖਾਧੜੀ ਵੀ ਕੀਤੀ

ਗੁਜਰਾਤੀ ਮੀਡੀਆ ਵਿੱਚ ਕਿਰਨ ਭਾਈ ਪਟੇਲ ਅਕਸਰ ਚਰਚਾ ਵਿੱਚ ਰਹਿੰਦਾ ਸੀ। ਇੰਡੀਆ ਟੂਡੇ ਗਰੁੱਪ ਦੀ ਇਕ ਰਿਪੋਰਟ ਮੁਤਾਬਕ, ਉਸ ਨੂੰ ਗੁਜਰਾਤ ਭਾਜਪਾ ਦਾ ਨੇਤਾ ਮੰਨਿਆ ਜਾਂਦਾ ਹੈ। ਉਹ ਅਕਸਰ ਬੀਜੇਪੀ ਦਫ਼ਤਰ ਵਿੱਚ ਨਜ਼ਰ ਆਉਂਦਾ ਸੀ। ਤਾਜ਼ਾ ਮਾਮਲੇ ਤੋਂ ਬਾਅਦ ਕਿਰਨ ਪਟੇਲ ਦੀ ਮੁੱਖ ਧਾਰਾ ਮੀਡੀਆ ਵਿੱਚ ਵੀ ਕਾਫੀ ਚਰਚਾ ਹੋਈ ਹੈ। ਕਿਰਨ ਪਟੇਲ ’ਤੇ ਪਹਿਲਾਂ ਵੀ ਧੋਖਾਧੜੀ ਦੇ ਦੋਸ਼ ਲੱਗ ਚੁੱਕੇ ਹਨ। ਗੁਜਰਾਤ ਪੁਲਿਸ ਨੇ ਉਸਨੂੰ ਅਤੇ ਉਸਦੇ ਭਰਾ ਮਨੀਸ਼ ਪਟੇਲ ਨੂੰ ਵੀ 78 ਲੱਖ ਰੁਪਏ ਦੀ ਧੋਖਾਧੜੀ ਦੇ ਮਾਮਲੇ ਵਿੱਚ ਫੜਿਆ ਸੀ।

25 ਫਰਵਰੀ, 2017 ਨੂੰ ਟਾਈਮਜ਼ ਆਫ਼ ਇੰਡੀਆ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਦੇ ਅਨੁਸਾਰ, ਕਿਰਨ ਪਟੇਲ ਨੇ ਸ਼ੇਖੀ ਮਾਰੀ ਸੀ ਕਿ ਉਹ ਇੱਕ ਰਾਸ਼ਟਰੀ ਰਾਜਨੀਤਿਕ ਪਾਰਟੀ ਦਾ ਮੈਂਬਰ ਹੈ ਅਤੇ ਰਾਜ ਦੇ ਚੋਟੀ ਦੇ ਨੌਕਰਸ਼ਾਹਾਂ ਦੇ ਬਹੁਤ ਨੇੜੇ ਸੀ। ਉਦੋਂ ਕਿਰਨ ਪਟੇਲ ਆਪਣੇ ਪਰਿਵਾਰ ਨਾਲ ਨਰੋਦਾ ਦੀ ਅਮਰਪਾਰਕ ਸੁਸਾਇਟੀ ਵਿੱਚ ਰਹਿੰਦਾ ਸੀ।

ਉਨ੍ਹਾਂ ਲੋਕਾਂ ਨਾਲ ਵਾਅਦਾ ਕੀਤਾ ਕਿ ਜੇਕਰ ਉਹ ਆਪਣੀ ਕਾਰ ਮੰਦਰ ਦੇ ਸੰਤਾਂ ਦੀ ਵਰਤੋਂ ਲਈ ਦੇਣਗੇ ਤਾਂ ਉਨ੍ਹਾਂ ਨੂੰ ਕਾਰ ਦੇ ਕਿਰਾਏ ਵਜੋਂ 30,000 ਰੁਪਏ ਪ੍ਰਤੀ ਮਹੀਨਾ ਮਿਲਣਗੇ। ਇਹ ਇੱਕ ਮੁਨਾਫ਼ੇ ਵਾਲਾ ਸੌਦਾ ਸੀ। ਮਿੱਠਾਭਾਈ ਪਰਮਾਰ, ਇੱਕ ਸੇਵਾਮੁਕਤ ਪੁਲਿਸ ਸਬ-ਇੰਸਪੈਕਟਰ, ਕਿਰਨ ਦੀ ਠੱਗੀ ਦਾ ਸ਼ਿਕਾਰ ਹੋ ਗਿਆ।ਗੁਜਰਾਤ ਸਮਾਚਾਰ ਵਿੱਚ ਛਪੀ ਰਿਪੋਰਟ ਅਨੁਸਾਰ ਕਿਰਨ ਨੇ ਮਿੱਠਾਭਾਈ ਪਰਮਾਰ ਨੂੰ ਕਿਹਾ ਕਿ ਵਡਤਾਲ ਸਵਾਮੀਨਾਰਾਇਣ ਮੰਦਰ ਦੇ ਮਹੰਤ ਸਵਾਮੀ ਮੈਨੂੰ ਜਾਣਦੇ ਹਨ ਅਤੇ ਉਨ੍ਹਾਂ ਨੂੰ ਮੰਦਰ ਵਿੱਚ ਸੰਤਾਂ-ਮਹਾਂਪੁਰਸ਼ਾਂ ਲਈ ਕਾਰ ਚਾਹੀਦੀ ਹੈ, ਤੁਹਾਨੂੰ 25 ਤੋਂ 30 ਹਜ਼ਾਰ ਰੁਪਏ ਮਿਲਣਗੇ।

ਇਸ ਵਾਅਦੇ ਤੋਂ ਬਾਅਦ ਕਿਰਨ ਪਟੇਲ ਅਤੇ ਉਸ ਦੇ ਭਰਾ ਮਨੀਸ਼ ਪਟੇਲ ਨੇ ਮਿੱਠਾਭਾਈ ਪਰਮਾਰ ਦੀਆਂ 16 ਕਾਰਾਂ ਲੈ ਲਈਆਂ। ਹਰ ਮਹੀਨੇ ਕਿਰਾਇਆ ਦੇਣ ਦਾ ਵਾਅਦਾ ਕੀਤਾ ਗਿਆ ਸੀ। ਪਰ ਕਿਰਨ ਕਿਰਾਇਆ ਦੇਣ ਤੋਂ ਇਨਕਾਰ ਕਰਨ ਲੱਗਾ। ਉਸ ਦੇ ਭਰਾ ਮੁਨੀਸ਼ ਨੇ ਆਪਣਾ ਫ਼ੋਨ ਬੰਦ ਕਰ ਦਿੱਤਾ। ਹੁਣ ਮਿੱਠਾਭਾਈ ਪਰਮਾਰ ਨੂੰ ਚਿੰਤਾ ਹੈ ਕਿ ਉਨ੍ਹਾਂ ਦੀਆਂ ਕਾਰਾਂ ਕਿੱਥੇ ਹਨ।

ਕਿਸੇ ਤਰ੍ਹਾਂ ਕਿਰਨ ਪਟੇਲ ਨਾਲ ਸੰਪਰਕ ਕੀਤਾ ਗਿਆ। ਉਨ੍ਹਾਂ ਕਿਹਾ ਕਿ ਤੁਹਾਡੀਆਂ ਕਾਰਾਂ ਦੀ ਕੀਮਤ ਇੱਕ ਕਰੋੜ ਦੇ ਕਰੀਬ ਹੈ। ਮੈਂ ਤੁਹਾਨੂੰ 78 ਲੱਖ ਦਿੰਦਾ ਹਾਂ। ਇਸ ਤੋਂ ਬਾਅਦ ਕਿਰਨ ਨੇ 40 ਲੱਖ ਰੁਪਏ ਦਾ ਚੈੱਕ ਅਤੇ 38 ਲੱਖ ਰੁਪਏ ਦਾ ਚੈੱਕ ਕੱਟ ਦਿੱਤਾ।

ਕਿਰਨ ਨੇ ਜਿਸ ਬੈਂਕ ਖਾਤੇ ਤੋਂ ਚੈੱਕ ਕਢਵਾਏ ਸਨ, ਉਸ ਦੀ ਜਾਂਚ ਕਰਨ ’ਤੇ ਪਤਾ ਲੱਗਾ ਕਿ ਉਸ ਦੇ ਬੈਂਕ ਖਾਤੇ ’ਚ ਸਿਰਫ਼ 113 ਰੁਪਏ ਸਨ। ਜਦੋਂ ਦੁਬਾਰਾ ਕਿਰਨ ਨਾਲ ਸੰਪਰਕ ਕੀਤਾ ਗਿਆ ਅਤੇ ਕਾਰ ਵਾਪਸ ਕਰਨ ਲਈ ਕਿਹਾ ਗਿਆ ਤਾਂ ਉਸ ਨੇ ਗ਼ੁੱਸੇ ਵਿੱਚ ਆ ਕੇ ਕਿਹਾ ਕਿ ਜੋ ਕਰ ਸਕਦੇ ਹੋ ਕਰੋ। ਇਸ ਤੋਂ ਬਾਅਦ ਮਿੱਠਾਭਾਈ ਪਰਮਾਰ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ।

ਪ੍ਰਮੁੱਖ ਸਵਾਲ ਇਹ ਹੈ ਕਿ ਕੋਈ ਵਿਅਕਤੀ ਨਕਲੀ ਅਧਿਕਾਰੀ ਬਣ ਕੇ ਪ੍ਰਸ਼ਾਸਨ ਤੇ ਪੁਲਿਸ ਦੋਵਾਂ ਨੂੰ ਧੋਖਾ ਕਿਵੇਂ ਦੇ ਸਕਦਾ ਹੈ, ਉਹ ਵੀ ਜੰਮੂ-ਕਸ਼ਮੀਰ ਜਿਹੇ ਸੰਵੇਦਨਸ਼ੀਲ ਪ੍ਰਦੇਸ਼ ਵਿੱਚ ? ਤੀਸਰੇ ‘ਦੌਰੇ’ ਦੌਰਾਨ ਗ੍ਰਿਫ਼ਤਾਰ ਕੀਤੇ ਜਾਣ ਤੋਂ ਪਹਿਲਾਂ ਪਹਿਲੇ ਦੋ ‘ਦੌਰਿਆਂ’ ਵਿੱਚ ਉਸ ਨੇ ਉੱਚ ਅਧਿਕਾਰੀਆਂ ਨਾਲ ਮੁਲਾਕਾਤਾਂ ਕੀਤੀਆਂ ਅਤੇ ਕਈਆਂ ਨੂੰ ਵਧੀਆ ਅਹੁਦਿਆਂ ’ਤੇ ਨਿਯੁਕਤ ਕਰਵਾਉਣ ਦਾ ਲਾਰਾ ਲਾਇਆ ਸੀ। ਇਹ ਵੀ ਦੱਸਿਆ ਜਾ ਰਿਹਾ ਕਿ ਉਸ ਵਿਰੁੱਧ ਗੁਜਰਾਤ ਵਿੱਚ ਵੀ ਕੇਸ ਦਰਜ ਹੋਏ ਸਨ ਪਰ ਪੁਲੀਸ ਦੁਆਰਾ ਕੋਈ ਕਾਰਵਾਈ ਨਾ ਕਰਨ ਕਰ ਕੇ ਉਹ ਖੁੱਲ੍ਹੇਆਮ ਘੁੰਮਦਾ ਅਤੇ ਗ਼ੈਰ-ਕਾਨੂੰਨੀ ਕਾਰਵਾਈਆਂ ਕਰਦਾ ਰਿਹਾ ਹੈ। ਇਸ ਵਿਅਕਤੀ ਨਾਲ ਜੁੜਿਆ ਘਟਨਾਕ੍ਰਮ ਇਹ ਦਰਸਾਉਂਦਾ ਹੈ ਕਿ ਭਾਰਤੀ ਪ੍ਰਸ਼ਾਸਨ, ਪੁਲਿਸ ਅਤੇ ਸੁਰੱਖਿਆ ਬਲ ਕਈ ਵਾਰ ਏਨੇ ਸੁਚੇਤ ਨਹੀਂ ਹੁੰਦੇ ਅਤੇ ਧੋਖੇਬਾਜ਼ ਅਜਿਹੀਆਂ ਸਥਿਤੀਆਂ ਦਾ ਨਾਜਾਇਜ਼ ਫ਼ਾਇਦਾ ਉਠਾ ਸਕਦੇ ਹਨ।

***

## ਹੰਗਾਮੇ ਭਰਪੂਰ ਰਿਹਾ ਬਜਟ

ਅਕਾਲੀ ਦਲ ਦੇ ਵਿਧਾਇਕ ਤੇ ਸੀਨੀਅਰ ਆਗੂ ਮਨਪ੍ਰੀਤ ਸਿੰਘ ਇਯਾਲੀ ਨੇ ਸਿਸਟਮ ’ਤੇ ਸਵਾਲ ਚੁੱਕਦਿਆਂ ਬੇਕਸੂਰ ਨੌਜਵਾਨਾਂ ’ਤੇ ਨਾਸਾ (ਨੈਸ਼ਨਲ ਸਕਿਓਰਿਟੀ ਐਕਟ) ਲਗਾਉਣ ਦਾ ਵਿਰੋਧ ਕੀਤਾ ਹੈ। ਅਕਾਲੀ ਦਲ ਦੇ ਵਿਧਾਇਕ ਨੇ ਸਰਕਾਰ ਨੂੰ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਕਾਰਵਾਈ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਕਸੂਰਵਾਰ ਹੈ ਤਾਂ ਉਸ ’ਤੇ ਜ਼ਰੂਰ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਪਰ ਬੇਕਸੂਰ ਨੌਜਵਾਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ।



## ਪ੍ਰਾਂਤਾਂ ਵਿੱਚ ਰਾਜਪਾਲ ਦੀ

ਵਿਚਕਾਰ ਟਕਰਾਅ ਵਧਿਆ ਹੈ। ਪੰਜਾਬ ਵਿੱਚ ਵੀ ਇਹ ਗੈਰ ਜਮਹੂਰੀਅਤ ਵਾਲਾ ਵਰਤਾਰਾ ਚਲ ਰਿਹਾ ਹੈ। ਭਾਜਪਾ ਤੋਂ ਪਹਿਲਾਂ ਕਾਂਗਰਸ ਦਾ ਰਿਕਾਰਡ ਵੀ ਗੈਰ ਜਮਹੂਰੀਅਤ ਵਾਲਾ ਰਿਹਾ ਹੈ।1967 ਤੋਂ ਬਾਅਦ ਸੂਬਿਆਂ ਵਿੱਚ ਗ਼ੈਰ ਕਾਂਗਰਸੀ ਸਰਕਾਰਾਂ ਬਣੀਆਂ ਅਤੇ ਕੇਂਦਰ, ਜਿਸ ਵਿੱਚ ਕਾਂਗਰਸ ਦੀ ਸਰਕਾਰ ਸੀ, ਨੇ ਸੂਬਿਆਂ ਵਿੱਚ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਡੇਗਣ ਲਈ ਕਈ ਤਰ੍ਹਾਂ ਦੇ ਢੰਗ-ਤਰੀਕੇ ਅਪਣਾਏ। ਕਈ ਸੂਬਿਆਂ ਵਿੱਚ ਰਾਜਪਾਲਾਂ ਦੀ ਭੂਮਿਕਾ ਬਹੁਤ ਵਿਵਾਦਪੂਰਨ ਰਹੀ। 1990ਵਿਆਂ ਤੋਂ 2014 ਤਕ ਇਸ ਰੁਝਾਨ ਵਿੱਚ ਕੁਝ ਠਹਿਰਾਅ ਆਇਆ ਪਰ ਪਿਛਲੇ ਕੁਝ ਸਾਲਾਂ ਤੋਂ ਰਾਜਪਾਲਾਂ ਦੀ ਭੂਮਿਕਾ ਬਾਰੇ ਫਿਰ ਸਵਾਲ ਉਠਾਏ ਜਾਣ ਲੱਗੇ ਹਨ। ਮਹਾਰਾਸ਼ਟਰ, ਕਰਨਾਟਕ, ਮੱਧ ਪ੍ਰਦੇਸ਼ ਆਦਿ ਸੂਬਿਆਂ ਵਿੱਚ ਗ਼ੈਰ-ਭਾਜਪਾ ਸਰਕਾਰਾਂ ਨੂੰ ਅਸਥਿਰਤਾ ਵੱਲ ਧੱਕਣ ਵਿਚ ਰਾਜਪਾਲਾਂ ਦੀ ਭੂਮਿਕਾ ਚਰਚਾ ਵਿਚ ਰਹੀ ਹੈ। ਸੁਪਰੀਮ ਕੋਰਟ ਦੀ ਹਦਾਇਤ ਉਚਿਤ ਹੈ ਕਿ ਰਾਜਪਾਲ ਨਿਰਪੱਖ ਰਹਿ ਕੇ ਸੰਵਿਧਾਨਿਕ ਕਦਰਾਂ ਕੀਮਤਾਂ ਦੀ ਰਾਖੀ ਕਰੇ।

## ਆਸਟ੍ਰੇਲੀਆ 'ਚ ਮੋਦੀ ਦਾ ਸਵਾਗਤ

ਵੀਡੀਓ ਰਿਕਾਰਡ ਕਰਨ ਦਾ ਰੁਝਾਨ ਸੀ।ਰੇਬੇਕਾ ਮਿਸ਼ੇਲ, ਜੋ ਧਨਖੜ ਦੀ ਵਕੀਲ ਹੈ, ਨੇ ਮੰਨਿਆ ਕਿ ਧਨਖੜ ਦੀ ਕੋਰੀਆ ਔਰਤਾਂ ਵਿੱਚ ਜਿਨਸੀ ਰੁਚੀਆਂ ਸਨ, ਉਨ੍ਹਾਂ ਨੂੰ ਮਿਲਣ ਲਈ ਉਸਨੇ ਜਾਅਲੀ ਇਸ਼ਤਿਹਾਰਾਂ ਦੀ ਵਰਤੋਂ ਕੀਤੀ ਸੀ। ਉਸ ਨੇ ਕਿਹਾ ਕਿ ਧਨਖੜ ਨੇ ਔਰਤਾਂ ਨਾਲ ਸੈਕਸ ਕਰਨ ਨੂੰ ਲੈ ਕੇ ਕੋਈ ਵਿਵਾਦ ਜਾਂ ਹਿੰਸਾ ਨਹੀਂ ਕੀਤੀ।

ਹਾਲਾਂਕਿ, ਵਕੀਲ ਨੇ ਦਲੀਲ ਦਿੱਤੀ, ਧਨਖੜ ਦਾ ਮਾਮਲਾ ਇਹ ਹੈ ਕਿ ਸ਼ਿਕਾਇਤਕਰਤਾਵਾਂ ਵਿੱਚੋਂ ਹਰੇਕ ਨੇ ਜਿਨਸੀ ਹਰਕਤਾਂ ਲਈ ਸਹਿਮਤੀ ਦਿੱਤੀ ਸੀ, ਪਰ ਇਸਤਗਾਸਾ ਨੂੰ ਧਨਖੜ ਦੇ ਦੋਸ਼ ਨੂੰ ਸਾਬਤ ਕਰਨ ਦੀ ਲੋੜ ਸੀ।

ਮਿਸ਼ੇਲ ਨੇ ਕਿਹਾ ਕਿ ਉਸ ਨੇ ਇਹ ਵੀ ਵਿਵਾਦ ਕੀਤਾ ਕਿ ਤਸਵੀਰਾਂ ਔਰਤਾਂ ਦੀ ਸਹਿਮਤੀ ਨਾਲ ਲਈਆਂ ਗਈਆਂ ਸਨ ਅਤੇ ਲੜਕੀਆਂ ਨੇ ਹੀ ਉਸਨੂੰ ਨੂੰ ਨਸ਼ਾ ਦਿਤਾ ਸੀ।ਮਾਮਲੇ ਦੀ ਇੰਚਾਰਜ ਸਾਰਜੈਂਟ ਕੈਟਰੀਨਾ ਗੇਡੇ ਨੇ ਅਦਾਲਤ ਨੂੰ ਦੱਸਿਆ ਕਿ ਧਨਖੜ ਦੇ ਬੈਗ ਵਿੱਚੋਂ ਇੱਕ ਹਾਰਡ ਡਰਾਈਵ ਮਿਲੀ ਸੀ ਜਿਸ ਵਿੱਚ ਮੁਲਜ਼ਮ ਦੇ ਸੈਕਸ ਕਰਨ ਦੀਆਂ 47 ਵੀਡੀਓਜ਼ ਸਨ।

## ਪਖੰਡੀ ਤੇ ਰੰਗੀਨ ਸ਼ੈਲੀ ਵਾਲੇ

ਅਧਿਕਾਰੀਆਂ ਨੂੰ ਪਤਾ ਲੱਗਾ ਕਿ ਅਸਲ ਵਿੱਚ ਕੈਲਾਸਾ ਦੀ ਹੋਂਦ ਹੀ ਨਹੀਂ ਹੈ।ਇਸ ਤੋਂ ਬਾਅਦ ਨਿਤਿਆਨੰਦ ਨੇ ਦਾਅਵਾ ਕੀਤਾ ਸੀ ਕਿ ਅਮਰੀਕਾ ਨੇ ਉਨ੍ਹਾਂ ਦੇ ਦੇਸ਼ ਕੈਲਾਸਾ ਨੂੰ ਮਾਨਤਾ ਦੇ ਦਿੱਤੀ ਹੈ। ਨਿਤਿਆਨੰਦ ਨੇ ਇਸ ਸਮਝੌਤੇ ਨਾਲ ਜੁੜੇ ਸਮਾਰੋਹ ਦੀਆਂ ਕਈ ਤਸਵੀਰਾਂ ਫੇਸਬੁੱਕ 'ਤੇ ਵੀ ਸ਼ੇਅਰ ਕੀਤੀਆਂ ਸਨ। ਹਾਲਾਂਕਿ, ਮਾਮਲਾ ਸਾਹਮਣੇ ਆਉਣ ਤੋਂ ਬਾਅਦ ਨੇਵਾਰਕ ਸਿਟੀ ਕੌਂਸਲ ਨੇ 18 ਜਨਵਰੀ ਨੂੰ ਕੈਲਾਸਾ ਨਾਲ ਹਸਤਾਖਰ ਕੀਤੇ ਸਿਸਟਰ ਸਿਟੀ ਸਮਝੌਤੇ ਨੂੰ ਤੁਰੰਤ ਰੱਦ ਕਰ ਦਿੱਤਾ। ਨੇਵਾਰਕ ਦੇ ਸੰਚਾਰ ਵਿਭਾਗ ਦੇ ਪ੍ਰੈਸ ਸਕੱਤਰ ਸੁਜ਼ੈਨ ਗੈਰੋਫੋਲੋ ਨੇ ਕਿਹਾ ਕਿ ਨੇਵਾਰਕ ਸ਼ਹਿਰ ਵਿਭਿੰਨ ਸੰਸਕ੍ਰਿਤੀਆਂ ਦੇ ਲੋਕਾਂ ਨਾਲ ਸਾਂਝੇਦਾਰੀ ਲਈ ਵਚਨਬੱਧ ਹੈ ਪਰ ਇਹ ਅਫਸੋਸਨਾਕ ਘਟਨਾ ਸੀ।

ਦਿਲਚਸਪ ਗੱਲ ਇਹ ਹੈ ਕਿ ਨੇਵਾਰਕ ਇਕੱਲਾ ਅਜਿਹਾ ਸ਼ਹਿਰ ਨਹੀਂ ਹੈ ਜਿਸ ਨੇ ਕੈਲਾਸਾ ਨਾਲ ਸਿਸਟਰ ਸਿਟੀ ਸੌਦੇ 'ਤੇ ਹਸਤਾਖਰ ਕੀਤੇ ਹਨ, ਸਗੋਂ ਨਿਤਿਆਨੰਦ ਦੇ ਕੈਲਾਸਾ ਨੇ 30 ਸ਼ਹਿਰਾਂ ਨਾਲ ਇਸੇ ਤਰ੍ਹਾਂ ਦੇ ਕੰਟਰੈਕਟ ਕੀਤੇ ਹਨ। ਫੌਕਸ ਦੀ ਰਿਪੋਰਟ ਮੁਤਾਬਕ ਕਈ ਮੇਅਰਾਂ ਨੇ ਅਜਿਹੇ ਸੌਦਿਆਂ 'ਤੇ ਦਸਤਖਤ ਕੀਤੇ ਹਨ। ਰਿਪੋਰਟ ਮੁਤਾਬਕ ਕੈਲਾਸਾ ਨੇ ਸੌਦੇ 'ਤੇ ਦਸਤਖਤ ਕਰਨ ਲਈ ਸਾਰੇ ਸ਼ਹਿਰਾਂ ਨੂੰ ਅਪਨਾਈ ਕੀਤਾ ਸੀ।

ਸਿਸਟਰ ਸਿਟੀ ਸਮਝੌਤਾ 2 ਸ਼ਹਿਰਾਂ, ਰਾਜਾਂ ਜਾਂ ਦੇਸ਼ਾਂ ਵਿੱਚ 2 ਭਾਈਚਾਰਿਆਂ ਵਿਚਕਾਰ ਇਕ ਲੰਬੇ ਸਮੇਂ ਦੀ ਭਾਈਵਾਲੀ ਹੈ। ਇਹ ਇਕਰਾਰਨਾਮਾ ਸਿਰਫ਼ ਉਦੋਂ ਹੀ ਅਧਿਕਾਰਤ ਤੌਰ 'ਤੇ ਮਾਨਤਾ ਪ੍ਰਾਪਤ ਹੁੰਦਾ ਹੈ ਜਦੋਂ ਦੋਵਾਂ ਸ਼ਹਿਰਾਂ ਜਾਂ ਭਾਈਚਾਰਿਆਂ ਦੇ ਚੁਣੇ ਜਾਂ ਨਿਯੁਕਤ ਅਧਿਕਾਰੀ ਇਕ ਸਮਝੌਤੇ 'ਤੇ ਹਸਤਾਖਰ ਕਰਦੇ ਹਨ। ਉਦਾਹਰਨ ਲਈ ਭਾਰਤ ਦੇ ਮਹਾਰਾਸ਼ਟਰ ਰਾਜ ਦੇ ਪੁਣੇ ਸ਼ਹਿਰ ਦਾ ਸਿਸਟਰ ਸਿਟੀ ਸਬੰਧ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੇ ਸੈਨ ਜੋਸ ਸ਼ਹਿਰ ਨਾਲ ਹੈ। ਇਕ ਸ਼ਹਿਰ 'ਚ ਕਈ ਸਿਸਟਰ ਸਿਟੀਜ਼ ਹੋ ਸਕਦੀਆਂ ਹਨ, ਜਿਸ ਵਿੱਚ ਭਾਈਚਾਰਕ ਸ਼ਮੂਲੀਅਤ ਨਿਭਾਉਣ ਵਾਲੇ ਵਾਲੰਟੀਅਰਾਂ ਦੀ ਗਿਣਤੀ ਅੱਧੀ ਦਰਜਨ ਤੋਂ ਲੈ ਕੇ ਸੈਂਕੜੇ ਤੱਕ ਹੁੰਦੀ ਹੈ।

ਨਿਤਿਆਨੰਦ ਨੂੰ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਕਾਰਣ ਭਾਰਤ ਵਿੱਚ ਭਗੌੜਾ ਐਲਾਨ ਦਿੱਤਾ ਗਿਆ ਸੀ। ਨਵੰਬਰ 2019 ਵਿੱਚ ਗੁਜਰਾਤ ਪੁਲਿਸ ਨੇ ਕਿਹਾ ਸੀ ਕਿ ਉਹ ਫਰਾਰ ਹੋ ਗਿਆ ਸੀ। ਪੁਲਿਸ ਉਸ ਦੇ ਆਸ਼ਰਮ ਵਿੱਚ ਬੱਚਿਆਂ ਨੂੰ ਅਗਵਾ ਕਰਨ ਦੇ ਦੋਸ਼ਾਂ ਦੀ ਜਾਂਚ ਕਰ ਰਹੀ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇੱਕ ਫਰਜ਼ੀ ਦੇਸ਼ ਦੇ ਨੁਮਾਇੰਦੇ ਨੂੰ ਸੰਯੁਕਤ ਰਾਸ਼ਟਰ ਦੇ ਵੱਕਾਰੀ ਸਮਾਗਮ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਕਿਸ ਨੇ ਦਿੱਤੀ? ਕੀ ਜਿਨਸੀ ਸ਼ੋਸ਼ਣ ਦੇ ਦੋਸ਼ੀਆਂ ਨੂੰ ਇੰਨਾ ਵੱਡਾ ਪਲੇਟਫਾਰਮ ਦੇਣ ਨਾਲ ਉਨ੍ਹਾਂ ਦਾ ਹੌਸਲਾ ਨਹੀਂ ਵਧੇਗਾ? ਇੱਕ ਹੋਰ ਵੱਡਾ ਸਵਾਲ ਇਹ ਹੈ ਕਿ ਕੀ ਸੰਯੁਕਤ ਰਾਸ਼ਟਰ ਦੀ ਮੀਟਿੰਗ ਵਿੱਚ ਕਿਸੇ ਅਜਿਹੇ ਅਖੌਤੀ ਦੇਸ਼ ਦੇ ਨੁਮਾਇੰਦਿਆਂ ਨੂੰ ਸ਼ਾਮਲ ਹੋਣ ਦੀ ਇਜਾਜ਼ਤ ਦੇਣਾ ਸੰਯੁਕਤ ਰਾਸ਼ਟਰ ਦੇ ਸਿਧਾਂਤਾਂ ਦਾ ਅਪਮਾਨ ਨਹੀਂ ਹੈ?

## ਹਿਮਾਚਲ ਵੱਲੋਂ ਲਗਾਏ ਦਰਿਆਈ

ਸੈੱਸ ਲਾ ਕੇ ਗ਼ੈਰ-ਰਾਇਪੇਰੀਅਨ ਰਾਜਾਂ ਰਾਜਸਥਾਨ, ਹਰਿਆਣਾ ਤੇ ਦਿੱਲੀ ਤੋਂ ਵਸੂਲੀ ਕੀਤੀ ਜਾਵੇ।

ਵੈਸੇ ਤਾਂ ਪੰਜਾਬ ਵਿਧਾਨ ਸਭਾ ਦੋ ਵਾਰ ਇਕ ਵਾਰ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੋਣ ਵੇਲੇ ਅਤੇ ਇਕ ਵਾਰ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਹੋਣ ਸਮੇਂ ਸਰਕਾਰ ਨੂੰ ਹਦਾਇਤ ਕਰ ਚੁੱਕੀ ਹੈ ਕਿ ਇਨ੍ਹਾਂ ਰਾਜਾਂ ਤੋਂ ਪਾਣੀਆਂ ਦੀ ਰਾਇਲਟੀ ਲੈਣ ਲਈ ਕਾਰਵਾਈ ਕਰੇ। ਪਰ ਅਜੇ ਤੱਕ ਅਜਿਹਾ ਪੰਜਾਬ ਦੀ ਕਿਸੇ ਸਰਕਾਰ ਨੇ ਵੀ ਨਹੀਂ ਕੀਤਾ।

ਹਾਲਾਂਕਿ 29 ਜਨਵਰੀ, 1955 ਨੂੰ ਕੇਂਦਰੀ ਸਿੰਜਾਈ ਤੇ ਊਰਜਾ ਮੰਤਰਾਲੇ ਦੀ ਜਿਸ ਮੀਟਿੰਗ ਵਿੱਚ ਰਾਜਸਥਾਨ ਨੂੰ 80 ਲੱਖ ਏਕੜ ਫੁੱਟ ਪਾਣੀ ਦੇਣ ਦਾ ਫ਼ੈਸਲਾ ਕੀਤਾ ਗਿਆ ਸੀ, ਉਸੇ ਹੀ ਮੀਟਿੰਗ ਦੀ ਕਾਰਵਾਈ ਦੇ ਪੈਰਾ ਨੰਬਰ 5 ਵਿੱਚ ਲਿਖਿਆ ਗਿਆ ਸੀ ਕਿ ਪਾਣੀ ਦੀ ਕੀਮਤ ਬਾਰੇ ਫ਼ੈਸਲਾ ਇਕ ਵੱਖਰੀ ਮੀਟਿੰਗ ਕਰਕੇ ਲਿਆ ਜਾਵੇਗਾ ਪਰ ਹੈਰਾਨੀ ਦੀ ਗੱਲ ਹੈ ਕਿ 67 ਸਾਲ ਬੀਤ ਜਾਣ ਉਪਰੰਤ ਵੀ ਉਹ ਮੀਟਿੰਗ ਕਿਸੇ ਨੇ ਨਹੀਂ ਬੁਲਾਈ। ਜਦੋਂ ਕਿ ਇਸ ਤੋਂ ਪਹਿਲਾਂ, ਬਹੁਤ ਪਹਿਲਾਂ 1873 ਵਿਚ ਸਰਹਿੰਦ ਨਹਿਰ ਜਿਸ ਦਾ ਪਾਣੀ ਪਟਿਆਲਾ, ਨਾਭਾ, ਜੀਂਦ ਅਤੇ ਮਲੇਰਕੋਟਲਾ ਰਿਆਸਤਾਂ ਨੂੰ ਦਿੱਤਾ ਗਿਆ ਸੀ, ਵੀ ਬਾਕਾਇਦਾ ਮੁੱਲ ਲੈ ਕੇ ਦਿੱਤਾ ਗਿਆ ਸੀ। ਸੋਚਣ ਵਾਲੀ ਗੱਲ ਹੈ ਕਿ ਜੇ ਪਟਿਆਲਾ, ਨਾਭਾ, ਜੀਂਦ ਤੇ ਮਲੇਰਕੋਟਲਾ ਦੀਆਂ ਰਿਆਸਤਾਂ ਰਾਇਪੇਰੀਅਨ ਰਿਆਸਤਾਂ ਨਹੀਂ ਸਨ ਤੇ ਉਨ੍ਹਾਂ ਨੂੰ ਪਾਣੀ ਮੁੱਲ ਲੈਣਾ ਪਿਆ ਸੀ ਤਾਂ ਰਾਜਸਥਾਨ ਹਰਿਆਣਾ ਤੇ ਦਿੱਲੀ ਕਿਵੇਂ ਮੁਫ਼ਤ ਪਾਣੀ ਦੀਆਂ ਹੱਕਦਾਰ ਹਨ।

***

## ਮੀਡੀਆ ਉਪਰ ਸਰਕਾਰੀ ਕੰਟਰੋਲ

ਬੀਤੇ ਅਰਸੇ ਦੌਰਾਨ, ਸਰਕਾਰ ਨੇ ਹਜ਼ਾਰਾਂ ਘਰਾਂ ਉਪਰ ਬੁਲਡੋਜ਼ ਚਲਾਉਣ ਦੀ ਮੁਹਿੰਮ ਸ਼ੁਰੂ ਕੀਤੀ ਸੀ। ਅਧਿਕਾਰੀਆਂ ਦਾ ਕਹਿਣਾ ਸੀ ਕਿ ਇਹ ਘਰ ਸਰਕਾਰੀ ਜ਼ਮੀਨ 'ਤੇ ਗੈਰ-ਕਾਨੂੰਨੀ ਢੰਗ ਨਾਲ ਬਣਾਏ ਗਏ ਸਨ। ਕਸ਼ਮੀਰ ਦੇ ਇੱਕ ਪ੍ਰਮੁੱਖ ਅਖ਼ਬਾਰ ਨੇ ਇਸਨੂੰ ਬੇਨਾਮੀ ਪ੍ਰਭਾਵਸ਼ਾਲੀ ਜ਼ਮੀਨ ਹੜੱਪਣ ਵਾਲਿਆਂ ਵਿਰੁੱਧ ਕਾਰਵਾਈ ਵਜੋਂ ਪੇਸ਼ ਕੀਤਾ। ਅਚਾਨਕ ਬੇਘਰ ਹੋਏ ਗਰੀਬ ਨਿਵਾਸੀਆਂ ਜਾਂ ਉਨ੍ਹਾਂ ਨਿਵਾਸੀਆਂ ਬਾਰੇ ਕੋਈ ਸ਼ਬਦ ਨਹੀਂ ਸੀ ਜਿਨ੍ਹਾਂ ਕੋਲ ਮਾਲਕੀ ਦੇ ਜਾਇਜ਼ ਦਸਤਾਵੇਜ਼ ਸਨ।ਕਿਸੇ ਵੀ ਤਰ੍ਹਾਂ ਦੀ ਸਮੀਖਿਆ ਅਤੇ ਜਵਾਬਦੇਹੀ ਤੋਂ ਮੁਕਤ ਸਰਕਾਰ ਤੇ ਅਗਿਆਨੀ ਜਨਤਾ ਲੋਕਤੰਤਰ ਲਈ ਖਤਰਾ ਹਨ ਪਰ ਪ੍ਰਧਾਨ ਮੰਤਰੀ ਮੋਦੀ ਇਸ ਨੂੰ ਪੂਰੇ ਦੇਸ਼ ਵਿੱਚ ਦੁਹਰਾਉਣਾ ਚਾਹੁੰਦੇ ਹਨ।

ਜਨਵਰੀ ਵਿੱਚ ਪੇਸ਼ ਕੀਤੇ ਗਏ ਡਿਜੀਟਲ ਮੀਡੀਆ ਬਾਰੇ ਪ੍ਰਸਤਾਵਿਤ ਸਰਕਾਰੀ ਸੋਧਾਂ ਕਸ਼ਮੀਰ ਵਿੱਚ ਲਾਗੂ ਕੀਤੇ ਗਏ ਉਪਾਅ ਦੇ ਸਮਾਨ ਹਨ, ਜਿਸ ਨਾਲ ਸਰਕਾਰੀ ਜਾਂਚਕਰਤਾਵਾਂ ਵਲੋਂ ਔਨਲਾਈਨ ਸਮੱਗਰੀ ਨੂੰ ਜਾਅਲੀ ਖ਼ਬਰਾਂ ਵਜੋਂ ਐਲਾਨਣ ਦੀ ਸ਼ਕਤੀ ਮਿਲਦੀ ਹੈ।

ਇਨ੍ਹਾਂ ਸੋਧਾਂ ਦੇ ਐਲਾਨ ਕੀਤੇ ਜਾਣ ਤੋਂ ਕੁਝ ਦਿਨ ਬਾਅਦ, ਸਰਕਾਰ ਨੇ ਪ੍ਰਧਾਨ ਮੰਤਰੀ ਦੀ ਆਲੋਚਨਾ ਕਰਨ ਵਾਲੀ ਬੀਬੀਸੀ ਦਸਤਾਵੇਜ਼ੀ ਇੰਡੀਆ: ਦ ਮੋਦੀ ਕਵੇਸ਼ਨ ਦੇ ਲਿੰਕਾਂ ਨੂੰ ਰੋਕਣ ਲਈ ਔਨਲਾਈਨ ਫੋਰਮਾਂ ਨੂੰ ਆਦੇਸ਼ ਦਿੱਤਾ। ਭਾਰਤੀ ਟੈਕਸ ਅਧਿਕਾਰੀਆਂ ਨੇ ਬ੍ਰਿਟਿਸ਼ ਬ੍ਰੌਡਕਾਸਟਰ ਦੇ ਭਾਰਤੀ ਦਫਤਰਾਂ ਤੇ ਛਾਪਾ ਮਾਰਿਆ। ਆਲੋਚਨਾਤਮਕ ਆਵਾਜ਼ਾਂ ਨੂੰ ਦਬਾਉਣ ਲਈ ਮੀਡੀਆ ਵਿੱਚ ਅਜਿਹੇ ਪ੍ਰਭਾਵ ਲਗਾਤਾਰ ਵਰਤੇ ਜਾ ਰਹੇ ਹਨ।2014 ਤੋਂ ਜਦੋਂ ਦੀ ਮੋਦੀ ਸਰਕਾਰ ਬਣੀ ਹੈ, ਉਸਨੇ ਯੋਜਨਾਬੱਧ ਢੰਗ ਨਾਲ ਅਦਾਲਤਾਂ, ਸਰਕਾਰੀ ਮਸ਼ੀਨਰੀ ਦੀ ਮਨਮਾਨੀ ਨਾਲ ਵਰਤੋਂ ਕਰਕੇ ਭਾਰਤ ਦੇ ਲੋਕਤੰਤਰੀ ਆਦਰਸ਼ਾਂ ਨੂੰ ਤਬਾਹ ਕਰ ਦਿੱਤਾ ਹੈ।ਮੀਡੀਆ ਆਖਰੀ ਕੁਝ ਸੰਸਥਾਵਾਂ ਵਿੱਚੋਂ ਇੱਕ ਹੈ ਜੋ ਭਾਰਤ ਨੂੰ ਤਾਨਾਸ਼ਾਹੀ ਤੋਂ ਬਚਾ ਸਕਦਾ ਹੈ। ਪਰ ਜੇਕਰ ਨਰਿੰਦਰ ਮੋਦੀ ਸੂਚਨਾ ਨਿਯੰਤਰਣ ਦੇ ਕਸ਼ਮੀਰ ਮਾਡਲ ਨੂੰ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਲਾਗੂ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਨ ਤਾਂ ਨਾ ਸਿਰਫ਼ ਪ੍ਰੈੱਸ ਦੀ ਆਜ਼ਾਦੀ ਖਤਰੇ ਵਿੱਚ ਪੈ ਜਾਵੇਗੀ, ਸਗੋਂ ਭਾਰਤੀ ਲੋਕਤੰਤਰ ਵੀ ਖਤਰੇ ਵਿੱਚ ਪੈ ਜਾਵੇਗਾ।

**ਨਿਊਯਾਰਕ ਟਾਈਮਜ਼ ਤੋਂ ਧੰਨਵਾਦ ਸਹਿਤ**

****

## ਪੰਜਾਬ ਦੇ ਹਜ਼ਾਰਾਂ ਲੋਕ ਕਾਲੇ ਪੀਲੀਏ ਤੋਂ ਪੀੜ੍ਹਤ

ਇਲਾਜ ਮੁਫ਼ਤ ਕੀਤਾ ਜਾਵੇਗਾ ਅਤੇ ਸਾਲ 2020 ਵਿੱਚ ਇਲਾਜ ਕੇਂਦਰਾਂ ਦੀ ਗਿਣਤੀ ਵੀ 25 ਤੋਂ ਵਧਾ ਕੇ 60 ਕਰ ਦਿੱਤੀ ਗਈ ਸੀ ਪਰ ਬਾਵਜੂਦ ਇਸ ਦੇ ਸਿਹਤ ਵਿਭਾਗ ਇਸ ਬਿਮਾਰੀ ਦੀ ਰੋਕਥਾਮ ਕਰਨ ਵਿੱਚ ਨਾਕਾਮ ਰਿਹਾ ਹੈ। ਸੋ ਸੂਬਾ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਘਾਤਕ ਬਿਮਾਰੀ ਜਿਸ ਦਾ ਵਾਇਰਸ ਏਡਜ਼ ਦੇ ਵਾਇਰਸ ਨਾਲੋਂ ਵੀ ਖ਼ਤਰਨਾਕ ਹੈ, ਨੂੰ ਰੋਕਣ ਲਈ ਠੋਸ ਕਦਮ ਚੁੱਕੇ ਅਤੇ ਮੁੱਖ ਮੰਤਰੀ ਹੈਪੇਟਾਈਟਸ ਸੀ ਰਾਹਤ ਫ਼ੰਡ ਤਹਿਤ ਪੀੜਤਾਂ ਦੇ ਹੋਏ ਅਤੇ ਹੋ ਰਹੇ ਇਲਾਜ ਦੀ ਸਵੈ ਪੜਚੋਲ ਕਰੇ ਤਾਂ ਜੋ ਲੱਖਾਂ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਈਆਂ ਜਾ ਸਕਣ।

***

## ਪੰਜ ਸਾਲ ਵਿੱਚ ਭਾਰਤ ਵਿੱਚ ਡਰੱਗ

ਵਿੱਚ ਪਾਏ ਗਏ 300 ਕਿਲੋਗ੍ਰਾਮ ਕੋਕੀਨ ਨਾਲ ਬਰਾਮਦਗੀ ਦਾ ਪੱਧਰ ਵੱਧ ਗਿਆ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਬੰਦਰਗਾਹ ਦੇ ਅਧਿਕਾਰੀਆਂ ਨੇ ਸ਼ਿਪਿੰਗ ਕੰਟੇਨਰਾਂ ਵਿਚ ਵੱਡੀ ਮਾਤਰਾ ਵਿੱਚ ਹੈਰੋਇਨ ਦੀ ਜ਼ਬਤੀ ਦੀ ਸੂਚਨਾ ਦਿੱਤੀ ਹੈ। ਸਤੰਬਰ 2021 ਵਿੱਚ ਗੁਜਰਾਤ ਵਿੱਚ ਲਗਪਗ ਤਿੰਨ ਟਨ ਹੈਰੋਇਨ ਜ਼ਬਤ ਹੋਈ। ਇਸ ਤੋਂ ਪਤਾ ਲੱਗਦਾ ਹੈ ਕਿ ਦੱਖਣੀ ਮਾਰਗ ਅਤੇ ਇਸ ਰਾਹੀਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਵਿਸਥਾਰ ਹੋਇਆ ਹੈ।

***

## ਅਨੁਭਵ 'ਚੋਂ ਨਿਕਲੀ ਸੱਚੀ ਅਰਦਾਸ

ਮੈਂ ਅਨੁਭਵ ਕੀਤਾ ਉਸ ਨੂੰ ਬਿਆਨ ਕਰਨ ਲਈ ਮੇਰੇ ਕੋਲ ਸ਼ਬਦ ਨਹੀਂ ਹਨ।

ਅਸੀਂ ਤਕਰੀਬਨ ਖਤਮ ਹੀ ਕਰ ਚੁੱਕੇ ਸੀ ਕਿ ਇੱਕ ਬਜ਼ੁਰਗ ਸਿੱਖ ਅਤੇ ਇੱਕ ਨੌਜਵਾਨ (ਸ਼ਾਇਦ ਹੈੱਡ ਗ੍ਰੰਥੀ ਅਤੇ ਸੇਵਾਦਾਰ-ਸਹਾਇਕ) ਨੇ ਮੈਨੂੰ ਲੱਭ ਰਹੇ ਸਨ। ਪਾਤਸ਼ਾਹ ਦੀ ਰਿਹਮਤ ਨਾਲ ਮੈਂ ਡਰ ਤੋਂ ਦੂਰ ਹੋ ਗਿਆ ਸੀ, ਪਰ ਮੇਰੇ ਮਹਿਮਾਨ ਡਰੇ ਹੋਏ ਸਨ। ਮੈਂ ਹੱਥ ਜੋੜ ਕੇ ਉਨ੍ਹਾਂ ਕੋਲ ਗਿਆ, ਉਸਨੇ ਪੁਛਿਆ, "ਇਨ੍ਹਾਂ ਨੂੰ ਤੁਸੀ ਲੈ ਕੇ ਆਏ ਹੋ? ਮੈਂ ਸਿਰ ਹਿਲਾਇਆ।

ਅਗਲੇ ਸਵਾਲ ਨੇ ਮੈਨੂੰ ਹੈਰਾਨ ਕਰ ਦਿੱਤਾ, "ਤੁਸੀ ਹਰ ਦਿਨ ਗੁਰੂ ਘਰ ਆਉਂਦੇ ਹੋ? ਮੈਂ ਲਗਭਗ "ਹਾਂ" ਨੂੰ ਧੁੰਦਲਾ ਕਰ ਦਿੱਤਾ, ਪਰ ਇਹ ਝੂਠ ਹੁੰਦਾ। ਇਸ ਲਈ, ਬਹੁਤ ਨਿਮਰਤਾ ਨਾਲ ਮੈਂ "ਨਹੀਂ" ਕਿਹਾ।

ਇੱਕ ਨਸੀਹਤ ਦੀ ਉਮੀਦ ਕਰਦਿਆਂ, ਉਸਨੇ ਮੈਨੂੰ ਹੈਰਾਨ ਕਰ ਦਿੱਤਾ, "ਤੁਹਾਨੂੰ ਤਾਂ ਕੋਈ ਲੋੜ ਨਹੀਂ। ਅੱਜ ਤੁਹਾਨੂੰ ਸਭ ਕੁਝ ਮਿਲ ਗਿਆ ਹੈ ਜੀ (ਤੁਹਾਨੂੰ ਇਸਦੀ ਲੋੜ ਨਹੀਂ ਹੈ। ਅੱਜ ਤੁਹਾਡੇ ਕੋਲ ਸਭ ਕੁਝ ਹੈ)। ਮੈਂ ਹੈਰਾਨ ਰਹਿ ਗਿਆ। ਕੀ ਇਹ ਸਲਾਹ ਸੀ ਜਾਂ ਵਿਅੰਗ ਸੀ? ਉਸਨੇ ਅੱਗੇ ਕਿਹਾ, "ਇਨ੍ਹਾਂ ਨੂੰ ਬਾਬੇ ਦੇ ਘਰ ਲਿਆ ਕੇ ਤੇ ਲੰਗਰ ਛਕਾ ਕੇ ਤੁਸੀ ਸਭ ਕੁਝ ਪਾਇਆ। ਤੁਹਾਡਾ ਧੰਨਵਾਦ। ਅਸੀਂ ਧੰਨ ਹੋ ਗਏ (ਉਨ੍ਹਾਂ ਨੂੰ ਲੰਗਰ ਲਈ ਗੁਰੂ ਘਰ ਪਹੁੰਚਾ ਕੇ, ਤੁਹਾਨੂੰ ਪਰਮਾਤਮਾ ਤੋਂ ਸਭ ਕੁਝ ਮਿਲ ਗਿਆ ਹੈ। ਧੰਨਵਾਦ। ਅਸੀਂ ਧੰਨ ਹਾਂ)।

ਫਿਰ, ਹੱਥ ਜੋੜ ਕੇ, ਉਹ ਬਜ਼ੁਰਗ ਜੋੜੇ ਕੋਲ ਗਿਆ ਅਤੇ ਉਨ੍ਹਾਂ ਨੂੰ ਬੇਨਤੀ ਕੀਤੀ, "ਆਪ ਜਦੋਂ ਵੀ ਇਧਰ ਆਓ ਤਾਂ ਲੰਗਰ ਖਾ ਕੇ ਜਾਇਓ। ਯੇ ਤੋ ਊਪਰ ਵਾਲੇ ਦਾ ਦੀਆ ਹੈ ਜੀ (ਜਦੋਂ ਵੀ ਤੁਸੀਂ ਹੁੰਦੇ ਹੋ ਇੱਥੋਂ ਲੰਘਣ ਲਈ, ਕਿਰਪਾ ਕਰਕੇ ਆਓ ਅਤੇ ਭੋਜਨ ਕਰੋ। ਇਹ ਰੱਬ ਦੀ ਦਾਤ ਹੈ)।

ਮੈਂ ਆਪਣੇ ਮਹਿਮਾਨਾਂ ਨੂੰ ਲੰਗਰ ਹਾਲ ਤੋਂ ਬਾਹਰ ਲੈ ਗਿਆ। ਜਿਵੇਂ ਹੀ ਅਸੀਂ ਆਪਣੀ ਜੁੱਤੀ ਚੁੱਕਣ ਹੀ ਲੱਗੇ ਸੀ ਕਿ ਇੱਕ ਬੱਚੇ ਨੇ ਕਿਹਾ, "ਹੰਮੇ ਔਰ ਹਲਵਾ ਦੋ ਨਾ।" (ਸਾਨੂੰ ਕੋਈ ਹੋਰ ਮਿੱਠਾ ਚੜ੍ਹਾਵਾ ਦਿਉ)। ਅਸੀਂ ਪੰਜ ਹੋਰ ਪਰਸ਼ਾਦ ਲੈਣ ਲਈ ਅੰਦਰ ਗਏ।

ਆਖਰਕਾਰ, ਜਦੋਂ ਉਹ ਜਾਣ ਵਾਲੇ ਸਨ, ਬਜ਼ੁਰਗ ਔਰਤ ਨੇ ਆਪਣੇ ਪਤੀ ਨੂੰ ਕਿਹਾ ਮੈਂ ਪੁੱਛਿਆ, "ਕੋਈ ਬਾਤ, ਮੀਆਂ ਜੀ?" (ਕੀ ਕੋਈ ਸਮੱਸਿਆ ਹੈ, ਮੀਆਂ ਜੀ!!

ਲਗਭਗ ਮਿੰਨਤ ਕਰਦੇ ਹੋਏ, ਉਸਨੇ ਕਿਹਾ, "ਯੇ ਕਹਿ ਰਹੀਂ ਕੀ, ਕੀ ਆਪ ਕੇ ਸਰ ਪਰ ਹੱਥ ਰਖ ਸਕਤੀ ਹੈ? (ਉਹ ਕਹਿ ਰਹੀ ਹੈ, ਕੀ ਉਹ ਤੁਹਾਡੇ ਸਿਰ 'ਤੇ ਆਪਣਾ ਹੱਥ ਰੱਖ ਸਕਦੀ ਹੈ) !! ਮੈਂ ਝੁਕਿਆ ਕਿਉਂਕਿ ਉਸਨੇ ਆਪਣੀਆਂ ਅੱਖਾਂ ਵਿੱਚ ਹੰਝੂਆਂ ਨਾਲ ਮੈਨੂੰ ਅਸੀਸ ਦਿੱਤੀ।

ਭਾਵਨਾਵਾਂ ਦੀ ਇੱਕ ਲਹਿਰ ਮੇਰੇ ਉੱਤੇ ਵਹਿ ਗਈ। ਕੀ ਇਹ ਮੇਰੀ ਕਲਪਨਾ ਹੈ, ਜਾਂ ਅਸਲ ਵਿੱਚ, ਮੈਂ ਅਕਸਰ ਆਪਣੇ ਸਿਰ 'ਤੇ ਪਵਿੱਤਰਤਾ ਅਤੇ ਪਿਆਰ ਵਿੱਚ ਲਪੇਟੀ ਇੱਕ ਮੁਸਲਮਾਨ ਔਰਤ ਦਾ ਸੁੰਦਰ ਹੱਥ ਮਹਿਸੂਸ ਕਰਦਾ ਹਾਂ?

ਇਹੀ ਕਾਰਨ ਹੈ, ਅਸੀਂ ਧਰਮ ਨਿਰਪੱਖ ਹਾਂ।

***

## ਪੰਜਾਬ-ਹਰਿਆਣਾ ਹਾਈਕੋਰਟ ਵੱਲੋਂ

ਮੁੱਖ ਸਾਜ਼ਿਸ਼ਕਰਤਾ ਦੱਸਿਆ ਗਿਆ ਸੀ। ਜਿਸ ਦੇ ਆਧਾਰ 'ਤੇ ਅਦਾਲਤ ਨੇ ਚਲਾਨ 'ਚ ਨਾਮਜ਼ਦ ਵਿਅਕਤੀਆਂ ਨੂੰ ਸੰਮਨ ਜਾਰੀ ਕਰ ਕੇ ਅਦਾਲਤ 'ਚ ਤਲਬ ਕੀਤਾ ਸੀ। ਜਿਸ ਤੋਂ ਬਾਅਦ ਬਾਦਲੋ ਨੇ 9 ਮਾਰਚ ਨੂੰ ਇਸ ਮਾਮਲੇ 'ਚ ਅਗਾਊਂ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਸੀ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਫਰੀਦਕੋਟ ਅਦਾਲਤ ਵੱਲੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਜ਼ਮਾਨਤ ਦੇ ਦਿਤੀ ਗਈ ਸੀ ਪਰ ਫਰੀਦਕੋਟ ਅਦਾਲਤ ਵੱਲੋਂ ਸੁਖਬੀਰ ਬਾਦਲ ਨੂੰ ਜ਼ਮਾਨਤ ਨਹੀਂ ਸੀ ਦਿਤੀ ਗਈ, ਜਿਸ ਕਰਕੇ ਸੁਖਬੀਰ ਬਾਦਲ ਮਾਣਯੋਗ ਹਾਈਕੋਰਟ ਵਿੱਚ ਚਲੇ ਗਏ ਸਨ ਅਤੇ ਮਾਣਯੋਗ ਹਾਈਕੋਰਟ ਨੇ ਸੁਖਬੀਰ ਬਾਦਲ ਨੂੰ ਅਗਾਊਂ ਜ਼ਮਾਨਤ ਦੇ ਦਿਤੀ ਹੈ।

***

## ਸਾਬਕਾ ਡੀ.ਜੀ.ਪੀ. ਸਮੇਤ ਤਿੰਨ ਆਈ.ਪੀ.ਐਸ.

ਨੂੰ ਇਸ ਕੁਤਾਹੀ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਸਾਰਿਆਂ ਖਿਲਾਫ ਕਾਰਵਾਈ ਕਰਨ ਲਈ ਕਿਹਾ ਗਿਆ। ਕੇਂਦਰ ਸਰਕਾਰ ਨੇ ਇਸ ਰਿਪੋਰਟ ਵਿੱਚ ਦੋਸ਼ੀ ਪਾਏ ਗਏ ਸਾਰੇ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਪਿਛਲੇ ਸਾਲ ਅਗਸਤ ਮਹੀਨੇ ਵਿੱਚ ਸੂਬਾ ਸਰਕਾਰ ਨੂੰ ਪੱਤਰ ਲਿਖਿਆ ਸੀ ਪਰ ਇੰਨਾ ਸਮਾਂ ਬੀਤ ਜਾਣ ਦੇ ਬਾਵਜੂਦ ਕੋਈ ਕਾਰਵਾਈ ਨਾ ਹੋਣ ਤੋਂ ਨਾਰਾਜ਼ ਕੇਂਦਰੀ ਗ੍ਰਹਿ ਸਕੱਤਰ ਅਜੇ ਭੱਲਾ ਨੇ ਡਾ. ਪਿਛਲੇ ਹਫ਼ਤੇ ਜਦੋਂ ਸੂਬਾ ਸਰਕਾਰ ਤੋਂ ਐਕਸ਼ਨ ਟੇਕਨ ਰਿਪੋਰਟ ਮੰਗੀ ਗਈ ਤਾਂ ਸੂਬਾ ਸਰਕਾਰ ਵੀ ਸਰਗਰਮ ਹੋ ਗਈ।

ਕੇਂਦਰੀ ਗ੍ਰਹਿ ਸਕੱਤਰ ਨੇ ਪੁੱਛਿਆ

ਹੁਣ ਤੱਕ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ। ਇਹ ਕਿਸੇ ਵੀ ਅਧਿਕਾਰੀ ਵਿਰੁੱਧ ਕਾਰਵਾਈ ਹੋ ਸਕਦੀ ਹੈ, ਮੇਜਰ ਪੈਨਲਟੀ ਵਿੱਚ ਕਈ ਤਰ੍ਹਾਂ ਦੀਆਂ ਸਜ਼ਾਵਾਂ ਦੀ ਵਿਵਸਥਾ ਹੈ। ਇਨ੍ਹਾਂ ਵਿਚ ਅਧਿਕਾਰੀ ਦਾ ਇਕ ਵਾਰ ਵਾਧਾ ਰੋਕਣਾ, ਪੱਕੇ ਤੌਰ 'ਤੇ ਵਾਧੇ ਨੂੰ ਰੋਕਣਾ, ਉਸ ਨੂੰ ਅਹੁਦੇ ਤੋਂ ਡਿਮੋਟ ਕਰਨਾ, ਉਸ ਨੂੰ ਅਸਲ ਅਹੁਦੇ 'ਤੇ ਭੇਜਣਾ, ਜਿੱਥੋਂ ਅਧਿਕਾਰੀ ਨੇ ਆਪਣੀ ਸੇਵਾ ਸ਼ੁਰੂ ਕੀਤੀ ਸੀ ਅਤੇ ਨੌਕਰੀ ਤੋਂ ਬਰਖਾਸਤ ਕਰਨਾ ਸ਼ਾਮਲ ਹੈ। ਪਰ ਇਸ ਤੋਂ ਪਹਿਲਾਂ ਜਾਂਚ ਰਿਪੋਰਟ ਵਿੱਚ ਦੋਸ਼ੀ ਠਹਿਰਾਏ ਗਏ ਅਧਿਕਾਰੀ ਨੂੰ ਚਾਰਜਸ਼ੀਟ ਜਾਰੀ ਕਰਕੇ ਜਾਂਚ ਅਧਿਕਾਰੀ ਦੀ ਡਿਊਟੀ ਲਾਈ ਜਾਂਦੀ ਹੈ।

ਸਾਰੇ ਮੁਲਜ਼ਮ ਤਫ਼ਤੀਸ਼ੀ ਅਫ਼ਸਰ ਦੇ ਸਾਹਮਣੇ ਆਪਣੇ ਜਵਾਬ ਦਿੰਦੇ ਹਨ, ਜੇਕਰ ਤਫ਼ਤੀਸ਼ੀ ਅਫ਼ਸਰ ਸੰਤੁਸ਼ਟ ਨਹੀਂ ਹੁੰਦਾ ਤਾਂ ਉਹ ਉਨ੍ਹਾਂ ਖ਼ਿਲਾਫ਼ ਕਾਰਵਾਈ ਦੀ ਸਿਫ਼ਾਰਸ਼ ਕਰਦਾ ਹੈ। ਜੇਕਰ ਦੋਸ਼ੀ ਅਧਿਕਾਰੀ ਸੇਵਾਮੁਕਤ ਹੋ ਚੁੱਕਾ ਹੈ ਤਾਂ ਉਸ ਦੀ ਪੂਰੀ ਜਾਂ ਅੱਧੀ ਪੈਨਸ਼ਨ ਰੋਕੀ ਜਾ ਸਕਦੀ ਹੈ।

ਪ੍ਰਧਾਨ ਮੰਤਰੀ ਦੀ ਰੈਲੀ ਨੂੰ ਪ੍ਰਦਰਸ਼ਨਕਾਰੀਆਂ ਨੇ ਰੋਕਿਆ

ਜ਼ਿਕਰਯੋਗ ਹੈ ਕਿ 5 ਜਨਵਰੀ 2022 ਨੂੰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਫਿਰੋਜ਼ਪੁਰ ਵਿੱਚ ਇੱਕ ਜਨਸਭਾ ਨੂੰ ਸੰਬੋਧਨ ਕਰਨ ਪਹੁੰਚੇ ਸਨ। ਇਸ ਦੌਰਾਨ ਉਹ ਹੁਸੈਨੀਵਾਲਾ ਸਥਿਤ ਸ਼ਹੀਦੀ ਸਮਾਰਕ 'ਤੇ ਸ਼ਰਧਾਂਜਲੀ ਦੇਣ ਜਾ ਰਹੇ ਸਨ ਕਿ ਕੁਝ ਪ੍ਰਦਰਸ਼ਨਕਾਰੀਆਂ ਨੇ ਉਨ੍ਹਾਂ ਦਾ ਰਸਤਾ ਰੋਕ ਦਿੱਤਾ। ਉਹ ਕਰੀਬ 20 ਮਿੰਟ ਤੱਕ ਉੱਥੇ ਫਸੇ ਰਹੇ ਅਤੇ ਬਾਅਦ ਵਿਚ ਉਨ੍ਹਾਂ ਦਾ ਕਾਫਲਾ ਵਾਪਸ ਪਰਤ ਗਿਆ।

***

## ਭਾਰਤ ਵਿੱਚ 'ਮਹੱਤਵਪੂਰਣ ਮਨੁੱਖੀ ਅਧਿਕਾਰਾਂ'

ਯੂਐਸ ਰਿਪੋਰਟ ਵਿੱਚ ਕਿਹਾ ਗਿਆ ਹੈ, ਸਿਵਲ ਸੋਸਾਇਟੀ ਸੰਗਠਨਾਂ ਨੇ ਚਿੰਤਾ ਜ਼ਾਹਰ ਕੀਤੀ ਹੈ ਕਿ ਕੇਂਦਰ ਸਰਕਾਰ ਨੇ ਕਈ ਵਾਰ ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਪੱਤਰਕਾਰਾਂ ਨੂੰ ਹਿਰਾਸਤ ਵਿੱਚ ਲੈਣ ਲਈ UAPA (ਗੈਰ-ਕਾਨੂੰਨੀ ਗਤੀਵਿਧੀਆਂ ਰੋਕਥਾਮ ਐਕਟ) ਦੀ ਵਰਤੋਂ ਕੀਤੀ ਹੈ।

***

## ਕਿਸਾਨ ਮਹਾਂਪੰਚਾਇਤ:

ਕੇਂਦਰੀ ਮੰਤਰੀ ਅਜੇ ਮਿਸ਼ਰਾ ਟੈਨੀ ਨੂੰ ਮੰਤਰੀ ਮੰਡਲ ਵਿੱਚੋਂ ਬਰਖਾਸਤ ਕਰਨ ਤੇ ਮੋਰਚੇ ਦੇ ਆਗੂਆਂ ਹਰਿੰਦਰ ਸਿੰਘ ਲੱਖੋਵਾਲ ਤੇ ਸਤਨਾਮ ਸਿੰਘ ਦੇ ਘਰਾਂ 'ਤੇ ਮਾਰੇ ਗਏ ਛਾਪਿਆਂ ਨੂੰ ਬੰਦ ਕਰਨ ਦੀ ਮੰਗ ਕੀਤੀ ਗਈ। ਮਹਾਂਪੰਚਾਇਤ ਨੂੰ ਰਾਕੇਸ਼ ਟਿਕੈਤ, ਡਾ. ਦਰਸ਼ਨਪਾਲ, ਬੀਜੂ ਕ੍ਰਿਸ਼ਨਨ, ਰੁਲਦੂ ਸਿੰਘ, ਆਰ. ਵੈਂਕਈਆ, ਸੁਰੇਸ਼ ਕੌਥ, ਜੋਗਿੰਦਰ ਉਗਰਾਹਾਂ, ਰਜਿੰਦਰ ਸਿੰਘ ਦੀਪ ਸਿੰਘ ਵਾਲਾ, ਡਾ. ਸਤਨਾਮ ਅਜਨਾਲਾ, ਮੇਧਾ ਪਾਟੇਕਰ, ਸੱਤਿਆਵਾਨ ਸਮੇਤ ਕਈ ਹੋਰ ਕਿਸਾਨ ਆਗੂਆਂ ਨੇ ਸੰਬੋਧਨ ਕੀਤਾ।

## ਕੁਦਰਤੀ ਆਫਤਾਂ ਬਨਾਮ ਮਨੁੱਖ

ਤਬਾਹ ਹੋਈਆਂ, ਇਸ ਤੋਂ ਬਾਅਦ ਕਰਨਾਟਕ ਵਿੱਚ 45,465, ਤੇਲੰਗਾਨਾ ਵਿੱਚ 14,858, ਆਂਧਰਾ ਪ੍ਰਦੇਸ਼ ਵਿੱਚ 13,573, ਉੜੀਸਾ ਵਿੱਚ 9,693, ਗੁਜਰਾਤ ਵਿੱਚ 6,762 ਅਤੇ ਮੱਧ ਪ੍ਰਦੇਸ਼ ਵਿੱਚ 6,646 ਘਰ ਤਬਾਹ ਹੋਏ।

**ਜਲਵਾਯੂ ਪਰਿਵਰਤਨ ਕਾਰਨ ਵਧੀਆਂ ਹਨ ਆਫ਼ਤਾਂ**

ਵਿਗਿਆਨੀਆਂ ਦਾ ਕਹਿਣਾ ਹੈ ਕਿ ਜਲਵਾਯੂ ਪਰਿਵਰਤਨ ਕਾਰਨ ਕੁਦਰਤੀ ਆਫ਼ਤਾਂ ਵਧੀਆਂ ਹਨ ਅਤੇ ਜ਼ਿਆਦਾ ਲੋਕ ਮਰ ਰਹੇ ਹਨ। ਪਿਛਲੇ ਸਾਲ, ਵਿਗਿਆਨ ਮੰਤਰਾਲੇ ਨੇ ਸੰਸਦ ਵਿੱਚ ਇੱਕ ਰਿਪੋਰਟ ਵਿੱਚ ਕਿਹਾ ਸੀ ਕਿ ਹੀਟ ਸਟ੍ਰੋਕ ਦੀਆਂ ਘਟਨਾਵਾਂ ਅੱਠ ਗੁਣਾ ਵੱਧ ਕੇ 27 ਹੋ ਗਈਆਂ ਹਨ। ਬਿਜਲੀ ਡਿੱਗਣ ਦੀਆਂ ਘਟਨਾਵਾਂ ਵਿੱਚ 111 ਗੁਣਾ ਵਾਧਾ ਹੋਇਆ ਹੈ। ਨਾਲ ਹੀ 240 ਤੂਫ਼ਾਨ ਆਏ, ਜੋ ਪਿਛਲੇ ਸਾਲ ਨਾਲੋਂ ਪੰਜ ਗੁਣਾ ਵੱਧ ਸਨ।

ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਜੇਕਰ ਭਾਰਤ ਨੇ 2030 ਤੱਕ ਸਖਤ ਕਦਮ ਨਾ ਚੁੱਕੇ ਤਾਂ ਜਲਵਾਯੂ ਪਰਿਵਰਤਨ ਦੇ ਸਿੱਟੇ ਉਸ 'ਤੇ ਬਹੁਤ ਭਾਰੀ ਪੈਣ ਵਾਲੇ ਹਨ। ਰਿਪੋਰਟ ਮੁਤਾਬਕ 2050 ਤੱਕ ਭਾਰਤ ਦੀ 40 ਫੀਸਦੀ ਤੋਂ ਵੱਧ ਆਬਾਦੀ ਪਾਣੀ ਦੀ ਕਮੀ ਦਾ ਸਾਹਮਣਾ ਕਰੇਗੀ।

ਇਸ ਦੇ ਨਾਲ ਹੀ ਮੁੰਬਈ ਵਰਗੇ ਵੱਡੇ ਸ਼ਹਿਰਾਂ ਸਮੇਤ ਦੇਸ਼ ਦੇ ਤੱਟਵਰਤੀ ਖੇਤਰ ਸਮੁੰਦਰ ਦੇ ਵਧਦੇ ਪੱਧਰ ਤੋਂ ਪ੍ਰਭਾਵਿਤ ਹੋਣਗੇ। ਗੰਗਾ ਅਤੇ ਬ੍ਰਹਮਪੁੱਤਰ ਨਦੀਆਂ ਵਿੱਚ ਹੋਰ ਹੜ੍ਹ ਆਉਣਗੇ ਅਤੇ ਇਸ ਦੇ ਨਾਲ ਹੀ ਸੋਕੇ ਅਤੇ ਪਾਣੀ ਦੀ ਕਮੀ ਕਾਰਨ ਫਸਲਾਂ ਦੀ ਪੈਦਾਵਾਰ ਵਿੱਚ ਵੀ ਗਿਰਾਵਟ ਆਵੇਗੀ।

***

## ਹਿੰਡਨਬਰਗ ਦੀ ਰਿਪੋਰਟ ਬਾਰੇ

ਬੈਂਕ ਦਾ ਪੈਸਾ, ਭਾਵ ਲੋਕਾਂ ਦਾ ਪੈਸਾ ਹੀ ਖਤਮ ਹੁੰਦਾ ਹੈ। ਜੇ ਤੁਹਾਡਾ 5 ਲੱਖ ਤੋਂ ਉਪਰ ਪੈਸਾ ਬੈਂਕ ਵਿੱਚ ਹੈ, ਤੇ ਜੇ ਬੈਂਕ ਡੁੱਬਦਾ ਹੈ ਤਾਂ ਸਿਰਫ 5 ਲੱਖ ਤੱਕ ਹੀ ਤੁਹਾਨੂੰ ਮਿਲਣ ਦੀ

ਆਸ ਹੈ। ਉਸ ਦਾ ਵੀ ਪਤਾ ਨਹੀਂ ਕਿੰਨੇ ਸਮੇਂ ਵਿੱਚ ਥੋੜ੍ਹੇ ਥੋੜ੍ਹੇ ਕਰ ਕੇ ਦਿੱਤਾ ਜਾਵੇ। ਇਸੇ ਤਰ੍ਹਾਂ ਪੀਐੱਨਬੀ ਦਾ ਤਕਰੀਬਨ 7000 ਕਰੋੜ ਦੇ ਕਰੀਬ ਹੈ। ਅੱਜ ਤੱਕ ਜਦੋਂ ਵੀ ਧਨਾਢ ਬੰਦੇ ਪੈਸਾ ਲੈ ਕੇ ਭੱਜੇ ਹਨ, ਉਦੋਂ ਸੇਕ ਸਿਰਫ ਦਰਮਿਆਨੇ ਅਤੇ ਹੇਠਲੇ ਵਰਗ ਨੂੰ ਹੀ ਲੱਗਾ ਹੈ।

ਇਹੀ ਹਾਲ ਐੱਲਆਈਸੀ ਦਾ ਹੈ। ਉਸ ਨੇ ਤਕਰੀਬਨ 83000 ਕਰੋੜ ਦਾ ਨਿਵੇਸ਼ ਕੀਤਾ ਹੈ ਪਰ ਇਸ ਮੁਤਾਬਕ ਇਹ ਨਿਵੇਸ਼ ਸਿਰਫ 28000 ਕਰੋੜ ਦਾ ਹੈ; ਬਾਕੀ ਤਾਂ ਸ਼ੇਅਰਾਂ ਦੀ ਕੀਮਤ ਵਧਣ ਨਾਲ ਮੁਨਾਫਾ ਹੋਇਆ ਸੀ। ਹੁਣ ਜਿਵੇਂ ਜਿਵੇਂ ਸ਼ੇਅਰਾਂ ਦੀ ਕੀਮਤ ਘਟ ਰਹੀ ਹੈ, ਇਹ ਘੱਟ ਰਿਹਾ ਹੈ ਪਰ ਅਜੇ ਜੋ ਲਗਾਇਆ ਹੈ, ਉਸ ਤੋਂ ਉੱਪਰ ਹੈ।

ਬੈਂਕਾਂ ਵਿੱਚ ਘਟਦੀ ਪੂੰਜੀ: ਪਿਛਲੇ 6 ਮਹੀਨਿਆਂ ਤੋਂ ਬੈਂਕਾਂ ਵਿੱਚ ਪੂੰਜੀ ਜਮ੍ਹਾ ਕਰਾਉਣ ਦਾ ਰੇਟ ਤਕਰੀਬਨ 7 ਤੋਂ 9 ਫੀਸਦੀ ਵਿਚਕਾਰ ਹੈ। ਕਰਜ਼ਾ ਦੇਣ ਦਾ ਰੇਟ 17 ਤੋਂ 18 ਫੀਸਦੀ ਵਿਚਕਾਰ ਹੈ। ਇਸ ਦਾ ਸਿੱਧਾ ਅਰਥ ਇਹ ਹੈ ਕਿ ਬੈਂਕ ਕੋਲ ਪੈਸਾ ਆ ਤਾਂ ਘੱਟ ਰਿਹਾ ਹੈ ਪਰ ਕਰਜ਼ਾ ਦੇਣ ਦੀ ਰਫਤਾਰ ਤੇਜ਼ ਹੈ ਜਿਸ ਨਾਲ ਬਹੁਤੀ ਵਾਰ ਐੱਨਪੀਏ ਵਧ ਰਹੇ ਹਨ। ਇਸ ਦਾ ਮਤਲਬ ਹੈ, ਬੈਂਕਾਂ ਨੇ ਕੋਈ ਸਬਕ ਨਹੀਂ ਸਿੱਖਿਆ। ਇਹ ਹਾਲ 2016 ਵਿੱਚ ਵੀ ਸੀ ਜਦੋਂ ਸਰਕਾਰ ਨੇ ਨੋਟਬੰਦੀ ਕਰ ਕੇ ਬੈਂਕਾਂ ਵਿੱਚ ਲੋਕਾਂ ਦਾ ਪੈਸਾ ਪੁਆ ਦਿੱਤਾ। ਅੱਜ ਆਮ ਲੋਕਾਂ ਦੀ ਜੇਬ ਵਿੱਚ ਪੈਸਾ ਹੀ ਨਹੀਂ ਰਿਹਾ। ਇਸ ਸਾਲ ਦੇ ਬਜਟ ਵਿੱਚ ਸਰਕਾਰ ਨੇ ਮਹੀਨਾਵਾਰ ਆਮਦਨ ਸਕੀਮ ਵਿੱਚ ਰਾਸ਼ੀ ਪ੍ਰਤੀ ਜੀਅ 4.50 ਲੱਖ ਤੋਂ ਵਧਾ ਕੇ 9 ਲੱਖ ਕਰ ਦਿੱਤੀ ਹੈ। ਇਸ ਉਮੀਦ ਨਾਲ ਕਿ ਮੱਧ ਵਰਗ ਜਾਂ ਹੇਠਲੇ ਵਰਗ ਦੇ ਲੋਕ ਹੋਰ ਪੈਸਾ ਪਾਉਣਗੇ।

ਇਸ ਸਭ ਕਾਸੇ ਬਾਰੇ ਵਿਵਾਦ ਵਧ ਰਿਹਾ ਹੈ। ਵਿਰੋਧੀ ਧਿਰਾਂ ਵੀ ਸਰਕਾਰ ਨੂੰ ਇਸ ਉੱਪਰ ਸਾਂਝੀ ਪਾਰਲੀਮਾਨੀ ਕਮੇਟੀ ਤੋਂ ਜਾਂਚ ਕਰਵਾਉਣ ਲਈ ਮੰਗ ਕਰ ਰਹੀਆਂ ਹਨ। ਸਰਕਾਰ ਕਹਿੰਦੀ ਹੈ ਕਿ ਪਾਰਲੀਮੈਂਟ ਸੁਪਰੀਮ ਹੈ, ਫਿਰ ਇਸ ਤੋਂ ਜਾਂਚ ਕਰਾਉਣ ਵਿੱਚ ਕੀ ਹਰਜ ਹੈ ਸਗੋਂ ਜਾਂਚ ਕਰਵਾਓ, ਸੱਚ ਸਾਹਮਣੇ ਆਵੇ। ਜੇ ਇਸ ਸੱਚ ਵਿਚ ਹਿੰਡਨਬਰਗ ਦੀ ਰਿਪੋਰਟ ਗਲਤ ਨਿੱਕਲਦੀ ਹੈ ਤਾਂ ਉਹਨਾਂ ਖਿਲਾਫ ਕੌਮਾਂਤਰੀ ਪੱਧਰ 'ਤੇ ਜਾਂਚ ਕਰਵਾਈ ਜਾਵੇ। ਜੇ ਉਹ ਸਹੀ ਹੈ ਤਾਂ ਕਾਰਪੋਰੇਟ ਘਰਾਣੇ ਖਿਲਾਫ ਸਖਤ ਕਾਰਵਾਈ ਹੋਵੇ।

***

## ਮਈ ਦੌਰਾਨ ਬਰਤਾਨੀਆ ਸਰਕਾਰ

ਲੈਣ ਲਈ ਦਾਅਵੇਦਾਰੀ ਪੇਸ਼ ਕੀਤੀ ਜਾਂਦੀ ਰਹੀ ਹੈ। ਹੁਣ ਇੱਕ ਵਾਰ ਫਿਰ ਲਾਹੌਰ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ ਪਾਕਿਸਤਾਨ ਸਰਕਾਰ ਨੂੰ ਬ੍ਰਿਟੇਨ ਸਰਕਾਰ ਤੋਂ ਕੋਹਿਨੂਰ ਪਾਕਿਸਤਾਨ ਮੰਗਵਾਉਣ ਦੀ ਗੱਲ ਕੀਤੀ ਗਈ ਹੈ। ਇਸ ਦਾਅਵੇਦਾਰੀ ਸਬੰਧੀ ਪਾਕਿਸਤਾਨ ਦਾ ਤਰਕ ਹੈ ਕਿ ਜਦੋਂ ਬ੍ਰਿਟਿਸ਼ ਨੇ ਇਹ ਹੀਰਾ ਮਹਾਰਾਜਾ ਦਲੀਪ ਸਿੰਘ ਤੋਂ ਖੋਹਿਆ ਸੀ, ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੀ ਰਾਜਧਾਨੀ ਲਾਹੌਰ ਸੀ।

ਫਿਲਹਾਲ ਕੋਹਿਨੂਰ 'ਤੇ ਭਾਰਤ, ਪਾਕਿਸਤਾਨ, ਅਫ਼ਗਾਨਿਸਤਾਨ ਤੇ ਇਰਾਨ ਦੀ ਦਾਅਵੇਦਾਰੀ ਸਬੰਧੀ ਬ੍ਰਿਟੇਨ ਨੇ ਆਪਣਾ ਪੱਖ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਬ੍ਰਿਟੇਨ ਦੇ ਸ਼ਾਹੀ ਤਾਜ ਵਿੱਚ ਜੜੇ ਜਾ ਚੁੱਕੇ ਕੋਹਿਨੂਰ ਹੀਰੇ 'ਤੇ ਹੁਣ ਸਿਰਫ਼ ਬ੍ਰਿਟੇਨ ਦਾ ਹੀ ਅਧਿਕਾਰ ਹੈ। ਬ੍ਰਿਟੇਨ ਦੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਵੀ ਆਪਣੇ ਅੰਮ੍ਰਿਤਸਰ ਦੌਰੇ ਦੌਰਾਨ ਇਹ ਸਪੱਸ਼ਟ ਕੀਤਾ ਸੀ ਕਿ ਉਹ ਇੱਕ ਵਾਰ ਲਈਆਂ ਚੀਜ਼ਾਂ ਮੁੜ ਵਾਪਸ ਕਰਨ ਵਿੱਚ ਭਰੋਸਾ ਨਹੀਂ ਰੱਖਦਾ। ਕੋਹਿਨੂਰ ਹੀਰੇ ਦਾ ਅਜੇ ਤਕ ਭਾਰਤ ਨਾ ਲਿਆਂਦਾ ਜਾਣਾ, ਭਾਰਤੀ ਸਿਆਸਤਦਾਨਾਂ ਦੀ ਇੱਛਾ ਸ਼ਕਤੀ ਦੀ ਕਮੀ ਦਾ ਨਤੀਜਾ ਮੰਨਿਆ ਜਾ ਸਕਦਾ ਹੈ ਜੋ ਕਿ ਬ੍ਰਿਟੇਨ ਸਰਕਾਰ ਕੋਲੋਂ ਕੋਹਿਨੂਰ ਹੀਰਾ ਵਾਪਸ ਮੰਗਣ 'ਤੇ ਮੰਨਦੇ ਰਹੇ ਹਨ ਕਿ ਇਸ ਮੰਗ ਕਾਰਣ ਬ੍ਰਿਟੇਨ ਨਾਲ ਭਾਰਤ ਦੇ ਰਿਸ਼ਤੇ ਕਮਜ਼ੋਰ ਪੈ ਸਕਦੇ ਹਨ। ਕੋਹਿਨੂਰ ਹੀਰੇ ਨੂੰ ਸਹੀ ਤੇ ਉਚਿਤ ਕਾਨੂੰਨੀ ਢੰਗ ਨਾਲ ਭਾਰਤ ਲਿਆਉਣ ਸਬੰਧੀ ਭਾਰਤ ਸਰਕਾਰ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਵੰਸ਼ਜਾਂ ਤੇ ਸ਼੍ਰੋਮਣੀ ਕਮੇਟੀ ਰਾਹੀਂ ਬਰਤਾਨਵੀ ਸਰਕਾਰ ਕੋਲ ਆਪਣੀ ਦਾਅਵੇਦਾਰੀ ਕਰਨੀ ਚਾਹੀਦੀ ਹੈ।'

×××

## ਸੁਖਬੀਰ ਦੀ ਅਗਾਊਂ ਜ਼ਮਾਨਤ ਅਰਜ਼ੀ

ਉਨ੍ਹਾਂ ਵੱਲੋਂ ਜ਼ਮਾਨਤ ਲਈ ਅਰਜ਼ੀ ਲਗਾਈ ਗਈ ਸੀ।

**ਕੀ ਹੈ ਕੋਟਕਪੂਰਾ ਗੋਲੀਕਾਂਡ ਮਾਮਲਾ :**

12 ਅਕਤੂਬਰ 2015 ਨੂੰ ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਤੋਂ ਬਾਅਦ ਗੁੱਸੇ ਵਿੱਚ ਸਿੱਖ ਸੰਗਤਾਂ ਵੱਲੋਂ 13 ਅਕਤੂਬਰ ਨੂੰ ਬਹਿਬਲਕਲਾਂ ਅਤੇ ਕੋਟਕਪੂਰਾ ਵਿੱਚ ਮੋਰਚਾ ਲਗਾਇਆ ਗਿਆ। 14 ਅਕਤੂਬਰ ਦੀ ਸਵੇਰ 5 ਵਜੇ ਧਰਨਾ ਚੁੱਕਣ ਦੇ ਲਈ ਪੁਲਿਸ ਵੱਲੋਂ ਕੀਤੀ ਕਾਰਵਾਈ ਦੌਰਾਨ 2 ਸਿੰਘ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਸ਼ਹੀਦ ਹੋ ਗਏ ਅਤੇ 100 ਤੋਂ ਵੱਧ ਸਿੰਘ ਜ਼ਖ਼ਮੀ ਹੋਏ। 2015 ਵਿੱਚ ਹੋਈਆਂ ਇਹਨਾਂ ਘਟਨਾਵਾਂ ਵੇਲੇ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ ਮੁੱਖ ਮੰਤਰੀ ਸਨ।

## ਮਹਿੰਗਾਈ ਡਾਇਨ ਖਾਇ ਜਾਤ ਹੈ

ਖਾਣ-ਪੀਣ ਦੀਆਂ ਵਸਤੂਆਂ ਦੀਆਂ ਕੀਮਤਾਂ ਵਧੀਆਂ ਹਨ ਤਾਂ ਆਮ ਜਨਤਾ ਦੇ ਨਜ਼ਰੀਏ ਤੋਂ ਮਹਿੰਗਾਈ ਦਾ ਅਸਰ ਇਸ ਆਧਾਰ 'ਤੇ ਦੇਖਣ ਨੂੰ ਮਿਲੇਗਾ।

ਥੋਕ ਮਹਿੰਗਾਈ ਵਿੱਚ ਨਰਮੀ ਦੇ ਬਾਵਜੂਦ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿੱਚ ਕੋਈ ਕਮੀ ਨਹੀਂ ਆਈ।ਹਾਲਾਂਕਿ ਇਸ ਦੌਰਾਨ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਵਧੀਆਂ ਹਨ।

ਮਹੱਤਵਪੂਰਨ ਗੱਲ ਇਹ ਹੈ ਕਿ ਜਲਵਾਯੂ ਪ੍ਰਣਾਲੀ ਵਿੱਚ ਉਥਲ-ਪੁਥਲ ਦੇ ਰੂਪ ਵਿੱਚ, ਐਲ ਨੀਨੋ ਦੇ ਤੀਬਰ ਪ੍ਰਭਾਵ ਨਾਲ ਸਬੰਧਤ ਸੰਕੇਤ ਸਾਹਮਣੇ ਆ ਰਹੇ ਹਨ, ਇਸਦਾ ਪ੍ਰਭਾਵ ਬਹੁ-ਪੱਧਰੀ ਹੋ ਸਕਦਾ ਹੈ। ਜੇਕਰ ਅੰਦਾਜ਼ੇ ਮੁਤਾਬਿਕ ਗੱਲ ਕੀਤੀ ਜਾਵੇ ਤਾਂ ਕਣਕ, ਸਬਜ਼ੀਆਂ ਅਤੇ ਫਲਾਂ ਦੇ ਭਾਅ 'ਚ ਵਾਧਾ ਹੋ ਸਕਦਾ ਹੈ।

ਇਸ ਤੋਂ ਇਲਾਵਾ, ਅਜਿਹੇ ਸੰਕਟ ਦੇ ਸਮੇਂ ਵਿੱਚ ਮੰਡੀ ਵਿੱਚ ਜਮ੍ਹਾਂਖੋਰਾਂ ਅਤੇ ਕਾਲਾਬਾਜ਼ਾਰੀ ਕਰਨ ਵਾਲਿਆਂ ਦੀਆਂ ਗਤੀਵਿਧੀਆਂ ਕਿਸੇ ਤੋਂ ਛੁਪੀਆਂ ਨਹੀਂ ਹਨ। ਇਸ ਲਈ ਜੇਕਰ ਸਰਕਾਰ ਵਿੱਚ ਮਹਿੰਗਾਈ ਅਤੇ ਆਮਦਨ ਦੇ ਮੋਰਚੇ 'ਤੇ ਕਈ ਚੁਣੌਤੀਆਂ ਦੇ ਬਾਵਜੂਦ ਆਮ ਲੋਕਾਂ ਨੂੰ ਰਾਹਤ ਦੇਣ ਦੀ ਇਮਾਨਦਾਰੀ ਨਾਲ ਇੱਛਾ ਸ਼ਕਤੀ ਹੈ ਤਾਂ ਉਸ ਨੂੰ ਖਾਣ-ਪੀਣ ਦੀਆਂ ਵਸਤੂਆਂ ਦੇ ਭੰਡਾਰ ਕਰਨ ਵਾਲਿਆਂ ਵਿਰੁੱਧ ਸਖ਼ਤ ਰੁਖ਼ ਅਖ਼ਤਿਆਰ ਕਰਨਾ ਪਵੇਗਾ।ਕੇਂਦਰ ਅਤੇ ਸੂਬਾ ਸਰਕਾਰ ਨੂੰ ਅਜਿਹੀਆਂ ਨੀਤੀਆਂ ਲਿਆਉਣੀਆਂ ਚਾਹੀਦੀਆਂ ਹਨ ਕਿ ਮਹਿੰਗਾਈ ਨੂੰ ਕੰਟਰੋਲ ਕੀਤਾ ਜਾ ਸਕੇ।

**

## ਕੈਨੇਡਾ 'ਚ ਏਜੰਟਾਂ ਦੀ ਧੋਖਾਧੜੀ ਦਾ ਸ਼ਿਕਾਰ

ਹੈ ਕਿ ਜੇਕਰ ਵਿਦਿਆਰਥੀਆਂ ਨੂੰ ਵੀਜ਼ਾ

ਜਾਰੀ ਕਰਨ ਵਾਲੇ ਕੈਨੇਡੀਅਨ ਦੂਤਾਵਾਸ ਨੇ ਉਨ੍ਹਾਂ ਦੇ ਕਾਲਜ ਆਫਰ ਲੈਟਰ ਦੀ ਜਾਂਚ ਕੀਤੀ ਹੁੰਦੀ ਤਾਂ ਧੋਖਾਧੜੀ ਦਾ ਪਤਾ ਸ਼ੁਰੂ ਤੋਂ ਹੀ ਲੱਗ ਸਕਦਾ ਸੀ। ਉਸਨੇ ਜੈਸ਼ੰਕਰ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਵਿੱਚ ਦਖਲ ਦੇਣ ਅਤੇ ਕੈਨੇਡੀਅਨ ਸਰਕਾਰ ਨੂੰ ਜਾਣੂ ਕਰਵਾਉਣ ਕਿ ਵਿਦਿਆਰਥੀਆਂ ਦੀ ਕੋਈ ਗਲਤੀ ਨਹੀਂ ਹੈ ਅਤੇ ਉਹ ਅਸਲ ਵਿੱਚ ਉਹਨਾਂ ਉੱਤੇ ਕੀਤੇ ਗਏ ਘੁਟਾਲੇ ਦੇ ਸ਼ਿਕਾਰ ਹਨ। ਐਜੂਕੇਸ਼ਨ ਮਾਈਗ੍ਰੇਸ਼ਨ ਕੰਪਨੀ ਖਿਲਾਫ ਬਣਦੀ ਕਾਰਵਾਈ ਕਰਦੇ ਹੋਏ ਡੀਪੋਰਟੇਸ਼ਨ ਦੀ ਕਾਰਵਾਈ ਕਰਕੇ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਨਾ ਕੀਤਾ ਜਾਵੇ।

***

## ਅਮਰੀਕੀ ਜ਼ਿੰਦਗੀ ਦੀ ਚਮਕ-ਦਮਕ ਪਿੱਛੇ

ਸਚ ਦਾ ਕੁੰਡਾ ਨਾ ਹੋਵੇ, ਤਦ ਤੱਕ ਇਹੋ ਕੁਝ ਕਰਦਾ ਹੈ। ਫਿਰ ਜਦ ਗੁਰੂ ਰਾਖਾ ਬਣਦਾ ਹੈ, ਤਾਂ ਰੱਬੀ ਸਿਫਤ-ਸਲਾਹ ਕਰ ਕੇ ਪੰਜ ਚੋਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨੂੰ ਮਾਰ ਕੇ ਭਾਵ ਵੱਸ ਕਰਕੇ ਆਤਮਿਕ ਆਨੰਦ ਮਾਣਦਾ ਹੈ। ਸਹੀ ਦ੍ਰਿਸ਼ਟੀ ਤੋਂ ਗੱਲ ਕਰੀਏ ਤਾਂ ਸੱਚੀ ਕਿਰਤ ਕਰਨ ਵਾਲਾ ਮਨੁੱਖ ਜੋ ਨਾਮ ਵੀ ਜਪਦਾ, ਵੰਡ ਕੇ ਛਕਦਾ, ਸਦਾ ਉਦਮਸ਼ੀਲ ਰਹਿੰਦਾ ਤੇ ਕੁਦਰਤ 'ਤੇ ਭਰੋਸਾ ਵੀ ਹੈ, ਭਾਵ ਸੁਥਰੀ ਜੀਵਨ-ਜਾਚ ਵਾਲਾ ਮਨੋਰੋਗਾਂ ਤੋਂ ਮੁਕਤ ਰਹੇਗਾ।

ਗੁਰਮਤਿ ਅਨੁਸਾਰ ਮਨ ਨੂੰ ਕਾਬੂ ਕਰਨਾ ਇਕ ਕਲਾ ਹੈ ਅਤੇ ਇਸ ਕਲਾ ਨੂੰ ਸਿਖਣਾ ਬਹੁਤ ਲਾਜ਼ਮੀ ਹੈ। ਇਹ ਕਲਾ ਹੀ ਮਾਨਸਿਕ ਰੋਗ ਤੋਂ ਬਚਾ ਸਕਦੀ ਹੈ ਅਤੇ ਤਾਂ ਹੀ ਸੁਖਾਵੀਂ ਜ਼ਿੰਦਗੀ ਜੀਵੀ ਜਾ ਸਕਦੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੀ ਸਹੀ ਕੀਤੀ ਗਈ ਵਿਆਖਿਆ ਇਸ ਸਬੰਧ ਵਿੱਚ ਪੂਰੀ ਤਰ੍ਹਾਂ ਸਹਾਈ ਹੋ ਸਕਦੀ ਹੈ।ਪੰਚਮ ਪਾਤਸ਼ਾਹ ਜੀ ਦਾ ਹੁਕਮ ਹੈ: ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ।। ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ।। (ਪੰਨਾ 1002)

***

## ਇਤਿਹਾਸ 'ਚ ਚੋਟੀ ਦੇ 10 ਸਭ ਤੋਂ

ਪ੍ਰਾਚੀਨ ਇਤਿਹਾਸ ਵਿੱਚ ਦਰਜ਼ ਕੁਝ ਹੋਰ ਘਾਤਕ ਭੂਚਾਲ :1556 (16ਵੀਂ ਸਦੀ) ਦੌਰਾਨ ਚੀਨ ਦੇ ਸ਼ਾਨਕਸੀ ਖੇਤਰ ਵਿੱਚ 8 ਤੀਬਰਤਾ ਦਾ ਭੂਚਾਲ ਆਇਆ, ਜਿਸ ਵਿਚ ਉਸ ਸਮੇਂ 8,30,000 ਲੋਕ ਮਾਰੇ ਗਏ ਸਨ। ਭੂਚਾਲ ਦਾ ਪ੍ਰਭਾਵ ਅਜਿਹਾ ਸੀ ਕਿ ਕੁਝ ਕਾਉਂਟੀਆਂ ਵਿੱਚ, ਅੰਦਾਜ਼ਾ ਲਗਾਇਆ ਗਿਆ ਹੈ ਕਿ 60% ਆਬਾਦੀ ਦੀ ਮੌਤ ਹੋ ਗਈ ਸੀ।

ਪ੍ਰਾਚੀਨ ਇਤਿਹਾਸ ਵਿੱਚ, ਆਧੁਨਿਕ ਤੁਰਕੀ (526 ਈ.) ਵਿੱਚ ਅੰਤਾਕਿਆ ਵਿੱਚ ਭੂਚਾਲਾਂ ਨੇ ਵੀ ਲੱਖਾਂ ਲੋਕ ਮਾਰੇ ਅਤੇ ਸ਼ਹਿਰਾਂ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ। 856 ਈਸਵੀ ਵਿੱਚ 7.9 ਦੀ ਤੀਬਰਤਾ ਵਾਲੇ ਭੂਚਾਲ ਕਾਰਨ ਹੋਏ ਭਾਰੀ ਨੁਕਸਾਨ ਕਾਰਨ ਪੂਰੇ ਸ਼ਹਿਰ ਨੂੰ ਛੱਡਣਾ ਪਿਆ।

ਹਾਲਾਂਕਿ ਕੁਦਰਤੀ ਆਫ਼ਤਾਂ ਹੁਣ ਬਹੁਤ ਸਾਰੇ ਲੋਕਾਂ ਦੀ ਜਾਨ ਨਹੀਂ ਲੈਂਦੀਆਂ ਹਨ, ਭੂਚਾਲ ਅਜੇ ਵੀ ਬਹੁਤ ਜ਼ਿਆਦਾ ਅਨੁਮਾਨਿਤ ਨਹੀਂ ਹਨ ਅਤੇ ਅਕਸਰ ਪ੍ਰਾਚੀਨ ਸਮਿਆਂ ਵਾਂਗ ਹੀ ਕਿਸਮਤ ਨੂੰ ਖਤਰੇ ਵਿੱਚ ਪਾਉਣ ਵਾਲੇ ਤਬਾਹੀ ਦੇ ਡੋਮਿਨੋ ਪ੍ਰਭਾਵ ਨੂੰ ਚਾਲੂ ਕਰਦੇ ਹਨ।

***

## ਹੈਲਮੇਟ ਮੈਨ ਆਫ਼ ਇੰਡੀਆ

ਰਾਘਵੇਂਦਰ ਨੇ ਕਿਹਾ ਕਿ ਮੇਰੇ ਕੋਲ ਪਿਛਲੇ ਨੌਂ ਸਾਲਾਂ ਵਿੱਚ 56,000 ਹੈਲਮਟ ਵੰਡਣ ਦਾ ਵਿਸ਼ਵ ਰਿਕਾਰਡ ਹੈ ਅਤੇ ਮੈਂ ਹੁਣ ਤੱਕ ਲਗਭਗ 30 ਲੋਕਾਂ ਦੀ ਜਾਨ ਬਚਾਈ ਹੈ।ਜਦੋਂ ਉਸਨੂੰ ਪੁੱਛਿਆ ਕਿ ਉਸਨੇ 56,000 ਹੈਲਮੇਟ ਦੇ ਖਰਚੇ ਦਾ ਪ੍ਰਬੰਧ ਕਿਵੇਂ ਕੀਤਾ, ਤਾਂ ਉਸਨੇ ਕਿਹਾ ਕਿ ਉਸਨੇ ਆਪਣਾ ਸਭ ਕੁਝ ਵੇਚ ਦਿੱਤਾ।

**ਅਨਟੋਲਡ ਸਟੋਰੀ:** ਰਾਘਵੇਂਦਰ ਨੇ ਦੱਸਿਆ ਕਿ ਉਸਨੇ ਗ੍ਰੇਟਰ ਨੋਇਡਾ ਵਿੱਚ ਆਪਣਾ ਘਰ 2018 ਵਿੱਚ 52 ਲੱਖ ਰੁਪਏ ਵਿੱਚ ਵੇਚ ਦਿੱਤਾ ਸੀ। ਉਸਨੇ ਇਹ ਘਰ 2013 ਵਿੱਚ 43 ਲੱਖ ਰੁਪਏ ਵਿੱਚ ਖਰੀਦਿਆ ਸੀ। ਰਾਘਵੇਂਦਰ ਨੇ ਕਿਹਾ, "ਮੈਂ 2018 ਵਿੱਚ ਆਪਣਾ ਗ੍ਰੇਟਰ ਨੋਇਡਾ ਵਾਲਾ ਘਰ 52 ਲੱਖ ਵਿੱਚ ਵੇਚ ਦਿੱਤਾ ਸੀ, ਅਤੇ ਮੇਰੀ ਪਤਨੀ ਨੇ ਵੀ 15 ਲੱਖ ਰੁਪਏ ਦੇ ਗਹਿਣੇ ਵੇਚ ਕੇ ਯੋਗਦਾਨ ਪਾਇਆ ਸੀ।"

ਉਸਨੇ ਕਿਹਾ ਕਿ ਮੈਂ ਆਪਣੇ ਕੋਲ 14 ਬਿਟਕੋਇਨ ਵੀ ਵੇਚੇ। ਉਸ ਸਮੇਂ ਉਹਨਾਂ ਬਿਟਕੋਇਨਾਂ ਦਾ ਮੁੱਲ 75 ਲੱਖ ਰੁਪਏ ਸੀ। ਮੈਂ ਆਪਣੀ ਸਾਰੀ ਬਚਤ ਵੀ ਵਰਤ ਲਈ ਜਦੋਂ ਮੇਰੇ ਕੋਲ ਇੱਕ ਨੌਕਰੀ ਸੀ ਜੋ ਮੈਂ 2016 ਵਿੱਚ ਛੱਡ ਦਿੱਤੀ ਸੀ।

ਰਾਘਵੇਂਦਰ ਨੇ ਕਿਹਾ ਕਿ ਲੋਕ ਸਿਰਫ ਇਹ ਕਹਾਣੀ ਜਾਣਦੇ ਹਨ ਕਿ ਉਹ ਹੈਲਮੇਟ ਵੰਡਦਾ ਹੈ, ਪਰ ਕੋਈ ਨਹੀਂ ਜਾਣਦਾ ਕਿ ਉਹ ਆਪਣੇ ਟੀਚਿਆਂ ਨੂੰ ਪੂਰਾ ਕਰਨ ਲਈ ਹਰ ਰੋਜ਼ ਕਿਸ ਤਰ੍ਹਾਂ ਦੇ ਸੰਘਰਸ਼ ਦਾ ਸਾਹਮਣਾ ਕਰਦਾ ਹੈ।

ਅਤੇ ਹੁਣ ਜਦੋਂ ਕਿ ਉਸ ਕੋਲ ਜੋ ਕੁਝ ਸੀ ਉਹ ਲਗਭਗ ਖਤਮ ਹੋ ਗਿਆ ਹੈ, ਉਹ ਬਿਹਾਰ ਦੇ ਖੈਮੂਰ ਜ਼ਿਲ੍ਹੇ ਵਿੱਚ ਆਪਣੇ ਘਰ ਵਾਪਸ ਜਾਣਾ ਚਾਹੁੰਦਾ ਹੈ।

ਉਸਦਾ ਕਹਿਣਾ ਹੈ ਕਿ ਮੇਰੀ ਪਤਨੀ ਮੇਰੇ ਨਾਲ ਨਾਰਾਜ਼ ਰਹਿੰਦੀ ਹੈ।ਅਕਸਰ ਝਗੜੇ ਹੁੰਦੇ ਹਨ ਅਤੇ ਇਸ ਕਾਰਨ ਮੈਨੂੰ ਘਰ ਵਿੱਚ ਬਹੁਤ ਦੁੱਖ ਝੱਲਣਾ ਪੈਂਦਾ ਹੈ। ਮੈਂ ਆਪਣੇ ਬੱਚੇ ਨੂੰ ਚੰਗੀ ਸਿੱਖਿਆ ਨਹੀਂ ਦੇ ਸਕਿਆ। ਹੁਣ ਜਦੋਂ ਮੇਰੇ ਕੋਲ ਮੇਰੇ ਕੋਲ ਕੁਝ ਨਹੀਂ ਹੈ, ਮੈਂ ਘਰ ਵਾਪਸ ਜਾਣਾ ਚਾਹੁੰਦਾ ਹਾਂ। 2009 ਵਿੱਚ ਜਦੋਂ ਮੈਂ ਇੱਥੇ ਆਇਆ ਸੀ ਤਾਂ ਜੋ ਸੁਪਨੇ ਮੇਰੇ ਸਨ ਉਹ ਹੀ ਰਹਿ ਗਏ ਹਨ।

**ਪੈਸਿਆਂ ਦੀ ਸਮੱਸਿਆ:** ਜਦੋਂ ਰਾਘਵੇਂਦਰ ਨੂੰ ਪੁੱਛਿਆ ਕਿ ਕੀ ਉਸ ਨੂੰ ਕਿਸੇ ਪ੍ਰਭਾਵਸ਼ਾਲੀ ਵਿਅਕਤੀ ਤੋਂ ਮਦਦ ਮਿਲੀ ਹੈ, ਤਾਂ ਉਸ ਨੇ ਕਿਹਾ ਕਿ ਉਹ ਸੜਕ ਅਤੇ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੂੰ ਮਿਲਿਆ ਸੀ ਅਤੇ ਭਾਵੇਂ ਗਡਕਰੀ ਨੇ ਉਸ ਬਾਰੇ ਟਵੀਟ ਕੀਤਾ ਸੀ, ਪਰ ਉਸ ਨੂੰ ਕੋਈ ਵਿੱਤੀ ਮਦਦ ਨਹੀਂ ਮਿਲੀ।

×××

## ਪੰਜਾਬ 'ਚ ਪੌਲੀਟੈਕਨਿਕ ਬਣਨ ਤੋਂ ਪਹਿਲਾਂ ਹੀ

ਕੋਰਸ ਚਲਾਉਣੇ ਜਾਰੀ ਰੱਖੇ। ਇਹ ਦੇਖਣ ਤੋਂ ਬਾਅਦ ਕਿ ਉਸਾਰੀ ਏਆਈਸੀਟੀਈ ਦੇ ਮਾਪਦੰਡਾਂ ਅਨੁਸਾਰ ਨਹੀਂ ਕੀਤੀ ਜਾ ਰਹੀ ਸੀ ਅਤੇ ਅਗਲੇਰੀ ਉਸਾਰੀ ਲਈ ਸਰਕਾਰ ਜਾਂ ਵਿਭਾਗ ਤੋਂ ਕੋਈ ਸਮਝੌਤਾ ਨਹੀਂ ਸੀ, ਕੇਂਦਰ ਨੇ 16.10 ਕਰੋੜ ਰੁਪਏ ਦੇ ਬਕਾਇਆ ਫੰਡ ਜਾਰੀ ਨਹੀਂ ਕੀਤੇ। ਨਵੰਬਰ 2016 ਵਿੱਚ, ਕੇਂਦਰ ਨੇ ਇਸ ਦੀ ਬਜਾਏ ਵਿਭਾਗ ਨੂੰ 70 ਕਰੋੜ ਰੁਪਏ ਦੀ ਪਹਿਲਾਂ ਹੀ ਜਾਰੀ ਕੀਤੀ ਕੇਂਦਰੀ ਸਹਾਇਤਾ ਨੂੰ ਵਿਆਜ ਸਮੇਤ ਵਾਪਸ ਕਰਨ ਲਈ ਕਿਹਾ, ਜੇਕਰ ਕੋਈ ਹੋਵੇ। ਰਿਪੋਰਟ ਦੱਸਦੀ ਹੈ ਕਿ ਵਿਭਾਗ ਦੀ ਅਗਲੀ ਕਾਰਵਾਈ ਦੀ ਨਵੰਬਰ 2022 ਤੱਕ ਉਡੀਕ ਕੀਤੀ ਗਈ ਸੀ।

***

## ਭਾਜਪਾ ਵਿਰੁੱਧ ਵਿਰੋਧੀ ਸਿਆਸੀ ਪਾਰਟੀਆਂ ਦਾ ਸਾਂਝਾ

ਕਾਂਗਰਸ ਵੱਲੋਂ ਰਾਏਪੁਰ ਸੰਮੇਲਨ ਵਿੱਚ ਵੀ ਕਿਹਾ ਗਿਆ ਹੈ ਕਿ ਉਹ ਇਕੋ ਜਿਹੀ ਸੋਚ ਰੱਖਣ ਵਾਲੀਆਂ ਸਿਆਸੀ ਪਾਰਟੀਆਂ ਨਾਲ ਗਠਜੋੜ ਚਾਹੁੰਦੀ ਹੈ ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ ਗਠਜੋੜ ਕਿਵੇਂ ਅਤੇ ਕਦੋਂ ਹੋਵੇਗਾ ਅਤੇ ਇਸ ਨੂੰ ਕਰੇਗਾ ਕੌਣ ?। ਇਸ ਸਮੇਂ ਕੋਈ ਜੈ ਪ੍ਰਕਾਸ਼ ਨਾਰਾਇਣ ਵਰਗਾ ਸਿਆਸੀ ਆਗੂ ਨਹੀਂ ਹੈ ਜੋ ਵੱਖ ਵੱਖ ਸਿਆਸੀ ਦਲਾਂ ਵਿੱਚ ਏਕਤਾ ਕਰਵਾ ਸਕੇ। ਇਕ ਪਾਸੇ ਭਾਜਪਾ ਵਿੱਚ ਸੱਤਾ ਦੀ ਲਾਲਸਾ ਵੱਧ ਰਹੀ ਹੈ, ਜਿਸ ਲਈ ਉਸ ਵੱਲੋਂ ਵੱਡੀ ਪੱਧਰ 'ਤੇ ਪਾਰਟੀ ਨੂੰ ਮਜਬੂਤ ਕੀਤਾ ਜਾ ਰਿਹਾ ਹੈ, ਦੂਜੇ ਪਾਸੇ ਕਾਂਗਰਸ ਦੀ ਅਗਵਾਈ ਕਰ ਰਹੇ ਜਿਆਦਾਤਰ ਆਗੂ ਆਰਾਮ ਪ੍ਰਸਤ ਹਨ, ਜਿਸ ਕਰਕੇ ਕਾਂਗਰਸ ਮਜ਼ਬੂਤ ਨਹੀਂ ਹੋ ਰਹੀ।

ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੇ ਵੀ ਸਾਂਝਾ ਮੋਰਚਾ ਬਣਾਉਣ ਦੇ ਯਤਨ ਕਰਦਿਆਂ ਅੱਠ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਡਿਨਰ ਦਾ ਸੱਦਾ ਦਿਤਾ ਸੀ ਪਰ ਇਹਨਾਂ ਮੁੱਖ ਮੰਤਰੀਆਂ ਵਲੋਂ ਡਿਨਰ ਦੇ ਸੱਦੇ ਨੂੰ ਕੋਈ ਹੁੰਗਾਰਾ ਨਹੀਂ ਭਰਿਆ ਗਿਆ। ਜਿਸ ਕਾਰਨ ਕੇਜਰੀਵਾਲ ਵੱਲੋਂ ਵੀ ਭਾਜਪਾ ਵਿਰੁੱਧ ਬਣਾਏ ਜਾਣ ਵਾਲੇ ਸਾਂਝੇ ਗਠਜੋੜ ਦੇ ਯਤਨ ਸਿਰੇ ਨਹੀਂ ਚੜ੍ਹੇ।

ਕਾਂਗਰਸ ਵੱਲੋਂ ਖੇਤਰੀ ਸਿਆਸੀ ਪਾਰਟੀਆਂ ਨੂੰ ਕੋਈ ਮਹੱਤਵ ਨਹੀਂ ਦਿਤਾ ਜਾ ਰਿਹਾ, ਜਿਸ ਕਾਰਨ ਖੇਤਰੀ ਸਿਆਸੀ ਪਾਰਟੀਆਂ ਨਾਲ ਅਜੇ ਤਕ ਕਾਂਗਰਸ ਦਾ ਗਠਜੋੜ ਨਹੀਂ ਹੋ ਸਕਿਆ। ਟੀਐਮਸੀ, ਆਪ ਅਤੇ ਟੀਆਰ ਐਸ ਵਰਗੀਆਂ ਸਿਆਸੀ ਪਾਰਟੀਆਂ ਤਾਂ ਪਹਿਲਾਂ ਹੀ ਰਾਹੁਲ ਗਾਂਧੀ ਦੀ ਅਗਵਾਈ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹਨ, ਇਸੇ ਕਾਰਨ ਅਜੇ ਤਕ ਭਾਜਪਾ ਵਿਰੁੱਧ ਵਿਰੋਧੀ ਸਿਆਸੀ ਪਾਰਟੀਆਂ ਦਾ ਕੋਈ ਸਾਂਝਾ ਮੋਰਚਾ ਜਾਂ ਗਠਜੋੜ ਨਹੀਂ ਬਣ ਸਕਿਆ। ਕਾਂਗਰਸ ਅਸਲ ਵਿੱਚ ਖੇਤਰੀ ਸਿਆਸੀ ਪਾਰਟੀਆਂ ਨੂੰ ਆਪਣੇ ਲਈ ਖਤਰਾ ਸਮਝਦੀ ਹੈ, ਇਸੇ ਕਾਰਨ ਇਹ ਸਿਆਸੀ ਪਾਰਟੀਆਂ ਵੀ ਕਾਂਗਰਸ ਦੀ ਅਗਵਾਈ ਕਬੂਲਣ ਨੂੰ ਤਿਆਰ ਨਹੀਂ। ਜਦੋਂ ਤਕ ਮੁੱਖ ਖੇਤਰੀ ਸਿਆਸੀ ਪਾਰਟੀਆਂ ਦੇ ਨਾਲ ਗਿਵ-ਐਂਡ-ਟੇਕ ਦਾ ਫਾਰਮੂਲਾ ਨਹੀਂ ਬਣ ਜਾਂਦਾ ਉਦੋਂ ਤਕ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਵਿਚਾਲੇ ਸਿਆਸੀ ਮੋਰਚਾ ਜਾਂ ਗਠਜੋੜ ਬਣਨਾ ਸੰਭਵ ਨਹੀਂ ਲਗਦਾ। ਇਸ ਸਭ ਦੇ ਬਾਵਜੂਦ ਅਨੇਕਾਂ ਵਿਰੋਧੀ ਸਿਆਸੀ ਆਗੂ ਭਾਜਪਾ ਵਿਰੁੱਧ ਸਾਂਝਾਂ ਸਿਆਸੀ ਮੋਰਚਾ ਬਣਾਉਣ ਦੇ ਯਤਨ ਕਰ ਰਹੇ ਹਨ ਪਰ ਉਹ ਆਪਣੇ ਯਤਨਾਂ ਵਿੱਚ ਕਿੰਨਾ ਕੁ ਸਫਲ ਹੁੰਦੇ ਹਨ ਇਹ ਤਾਂ ਆਉਣ ਵਾਲਾ ਸਮਾਂ ਦਸੇਗਾ।

***

## ਜ਼ਮੀਨੀ ਹਕੀਕਤ ਦੀ ਦਾਸਤਾਨ

ਪੁਸਤਕ ਦੇ ਅਧਿਆਇ 2 ਵਿੱਚ ਪੰਜਾਬ ਦੇ ਕਿਸਾਨ ਅੰਦੋਲਨਾਂ ਵਿਚਲੀਆਂ ਮੰਗਾਂ ਅਤੇ ਮਸਲਿਆਂ ਸਮੇਤ ਕਿਸਾਨ ਜਥੇਬੰਦੀਆਂ ਦੇ ਰੋਲ ਅਤੇ ਉਨ੍ਹਾਂ ਵੱਲੋਂ ਅਪਣਾਈ ਗਈ ਪਹੁੰਚ ਦਾ ਜ਼ਿਕਰ ਕੀਤਾ ਗਿਆ ਹੈ। ਅਧਿਆਇ 3 ਵਿੱਚ ਸਮੁੱਚੇ ਕਿਸਾਨ ਅੰਦੋਲਨ ਦੌਰਾਨ ਗੀਤ ਸੰਗੀਤ ਤੇ ਵੱਖ-ਵੱਖ ਲਿਖਤਾਂ ਰਾਹੀਂ ਹੋਂਦ ਵਿੱਚ ਆਏ ਨਵੇਂ ਸੰਘਰਸ਼ੀ ਪ੍ਰਵਚਨ ਦਾ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਦ੍ਰਿਸ਼ਟੀਕੋਣ ਰਾਹੀਂ ਸਾਹਿਤਕ ਲਿਖਤਾਂ ਨੂੰ ਆਧਾਰ ਬਣਾ ਕੇ ਉਚੇਚਾ ਵਿਸ਼ਲੇਸ਼ਣ ਪੇਸ਼ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਪੰਜਾਬ ਦੇ ਨਾਮਵਰ ਗੀਤਕਾਰਾਂ ਨੇ ਆਪਣੇ ਗੀਤਾਂ ਅਤੇ ਸੁਰਾਂ ਦੀ ਆਵਾਜ਼ ਹੀ ਬਦਲ ਲਈ ਸੀ। ਇਨ੍ਹਾਂ ਵਿਚੋਂ ਪ੍ਰਮੁੱਖ ਕੁਝ ਵੰਨਗੀਆਂ 'ਜੱਟ ਦੀ ਜੂਨ ਬੁਰੀ', 'ਮੰਡੀ 'ਚ ਜੱਟ ਰੁਲਦਾ', 'ਜੱਟ 'ਤੇ ਕਰਜ਼ਾ', 'ਕਰਜ਼ਾ ਫਸਲਾਂ ਨਾਲ ਨਹੀਂ ਮੁੜਦਾ', 'ਕਿਸਾਨ ਤੇ ਰਾਜਨੀਤੀ', 'ਮੈਂ ਕਿਸਾਨ ਹਾਂ', 'ਕਾਰਪੋਰੇਟ ਘਰਾਣਿਆਂ ਨੇ ਜ਼ਮੀਨਾਂ 'ਤੇ ਕਬਜ਼ਾ ਕਰ ਲੈਣਾ', 'ਦਿੱਲੀ ਨਾਲ ਪੇਚਾ ਪੈ ਗਿਆ', 'ਅੱਖਾਂ ਖੋਲ੍ਹ ਕਿਸਾਨਾ ਵੇ', 'ਜ਼ਾਲਮ ਸਰਕਾਰਾਂ ਕੰਨ ਖੋਲ੍ਹ ਲੈਣ', 'ਦਿੱਲੀਏ ਨੀ ਦਿੱਲੀਏ', 'ਖੇਤਾਂ ਦੇ ਰਾਜੇ', 'ਮੈਨੂੰ ਰੰਗ ਦੇ ਬਸੰਤੀ ਚੁੰਨੀਆਂ', 'ਫਸਲਾਂ ਦੇ ਹੱਕ ਲੈਣੇ', 'ਦਿੱਲੀਏ ਤੂੰ ਸਾਨੂੰ ਅੱਤਵਾਦੀ ਦੱਸਦੀ' ਆਦਿ ਦਾ ਇਸ ਪੁਸਤਕ ਵਿੱਚ ਉਨ੍ਹਾਂ ਪਲਾਂ ਦੀਆਂ ਤਸਵੀਰਾਂ ਰਾਹੀਂ ਭਰਵਾਂ ਵਿਸ਼ਲੇਸ਼ਣ ਕੀਤਾ ਗਿਆ ਹੈ।ਇਸ ਵਿਚ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਪੰਜਾਬ ਵਿਚ ਖੇਤੀ ਦਾ ਸਵਾਲ ਸਿਰਫ਼ ਪੈਦਾਵਾਰ ਦਾ ਹੀ ਨਹੀਂ ਸਗੋਂ ਸਮਾਜਿਕ ਅਤੇ ਸਿਆਸੀ ਮਸਲਾ ਵੀ ਹੈ। ਅਰਥ ਸ਼ਾਸਤਰੀ ਡਾ. ਐਚ.ਐਸ. ਸ਼ੇਰਗਿੱਲ ਦੀਆਂ ਰਿਪੋਰਟਾਂ ਅਨੁਸਾਰ ਛੋਟਾ ਤੇ ਦਰਮਿਆਨਾ ਕਿਸਾਨ ਭਿਆਨਕ ਕਰਜ਼ੇ ਦੇ ਚੱਕਰ ਵਿਚ ਬੁਰੀ ਤਰ੍ਹਾਂ ਫਸ ਗਿਆ ਹੈ। ਇਸ ਦੇ ਨਾਲ ਹੀ ਪ੍ਰਸਿੱਧ ਅਰਥਸ਼ਾਸਤਰੀ ਪ੍ਰੋ. ਜੀ.ਐਸ. ਭੱਲਾ ਦੀ ਰਿਪੋਰਟ (ਕਿ ਖੇਤੀਬਾੜੀ ਖੇਤਰ ਵਿਚ ਮਜ਼ਦੂਰਾਂ ਦੀ ਸ਼ਮੂਲੀਅਤ ਲਗਾਤਾਰ ਘਟ ਚੁੱਕੀ ਹੈ) ਦੇ ਨਾਲ ਨਾਲ ਪੰਜਾਬ ਦੇ ਸੰਕਟ ਨਾਲ ਸਬੰਧਿਤ ਪਿਛਲੇ ਤਿੰਨ ਦਹਾਕਿਆਂ ਤੋਂ ਆ ਰਹੀਆਂ ਅਹਿਮ ਰਿਪੋਰਟਾਂ ਅਤੇ ਦਸਤਾਵੇਜ਼ਾਂ ਦਾ ਇਸ ਪੁਸਤਕ ਵਿਚ ਬਾਖੂਬੀ ਜ਼ਿਕਰ ਕੀਤਾ ਗਿਆ ਹੈ।ਇਹ ਪੁਸਤਕ ਅਹਿਸਾਸ ਕਰਵਾਉਂਦੀ ਹੈ ਕਿ 'ਪੰਜਾਬ ਦੇ ਸੰਦਰਭ ਵਿੱਚ ਮੁੜ ਕੀ ਕਰਨਾ ਲੋੜੀਏ ?' ਵਰਗੇ ਪਹਿਲੂਆਂ ਵੱਲ ਸੋਚਿਆ ਜਾਵੇ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com